
੧ੴ ਵਾਹਿਗੁਰੂ ਜੀ ਕੀ ਫਤਹਿ ॥

**45**

## ਜੀਵਨ ਗਾਥਾ ਤੇ ਸਿਧਾਂਤ

# ਸ੍ਰੀ ਗੁਰੂ ਅੰਗਦ ਦੇਵ ਜੀ

Life Sketch & Teachings of **SRI GURU ANGAD DEV JI**



ਗੁਰਦੁਆਰਾ ਖਡੂਰ ਸਾਹਿਬ (ਗੁਰੂ ਅੰਗਦ ਦੇਵ ਜੀ)

ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਬੱਚੇ ਗੁਰਮੁਖੀ ਦੀ ਸਿਖਿਆ ਲੈਂਦੇ ਹੋਏ

14 ਰੁਪਏ

ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

(2)

## ਤਤਕਰਾ


1. ਆਰੰਭਿਕ ਜੀਵਨ ਤੇ ਪਰਿਵਾਰਿਕ ਪਿਛੋਕੜ 3
2. ਭਾਈ ਲਹਿਣਾ ਜੀ — ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ 9
3. ਗੁਰਗੱਦੀ ਦੀ ਮਹਾਨ ਜ਼ਿੰਮੇਵਾਰੀ ਮਿਲਣੀ 24
4. ਗੁਰੂ ਅੰਗਦ ਦੇਵ ਜੀ ਦੇ ਸਮੇਂ ਦੇ ਰਾਜਸੀ ਹਾਲਾਤ 33
5. ਗੁਰੂ ਅੰਗਦ ਦੇਵ ਜੀ ਦਾ ਗੁਰਿਆਈ ਦਾ ਸਮਾਂ 38
6. ਗੁਰਬਾਣੀ ਤੇ ਗੁਰ-ਇਤਿਹਾਸ ਦੀ ਸੰਭਾਲ 41
7. ਗੋਇੰਦਵਾਲ ਦੀ ਅਸਥਾਪਨਾ ਤੇ ਵਿਕਾਸ 53
8. ਕਿਰਤ ਕਰਨ ਦੇ ਅਸੂਲ ਤੇ ਪਹਿਰਾ ਦੇਣਾ 55
9. ਗੁਰਿਆਈ ਦੌਰਾਨ ਹੋਈਆਂ ਕੁਝ ਮੁਲਾਕਾਤਾਂ ਤੇ ਉਪਦੇਸ਼ 56
10. ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦੇਣੀ 67
11. ਗੁਰੂ ਅੰਗਦ ਦੇਵ ਜੀ ਦੀ ਬਾਣੀ 68


---

@ ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

---


ਪ੍ਰਕਾਸ਼ਕ : ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ।
ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ।
ਟਾਈਪਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ। ਫੋਨ : 2432046

*ਮਿਲਣ ਦੇ ਪਤੇ :*

ਸਿੱਖ ਮਿਸ਼ਨਰੀ ਕਾਲਜ (ਰਜਿ:)

1051/14, ਫ਼ੀਲਡ ਗੰਜ, ਲੁਧਿਆਣਾ-141 008 ਫ਼ੋਨ : 0161-5021815
Website : www.sikhmissionarycollege.org
E-mail : smcludh@satyam.net.in

*ਸਬ-ਆਫ਼ਿਸ :*
C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫੋਨ : 011-55330502

ਅਤੇ ਸਿੱਖ ਮਿਸ਼ਨਰੀ ਕਾਲਜ ਦੇ ਸਭ ਸਰਕਲਾਂ ਪਾਸੋਂ

# ਜੀਵਨ ਗਾਥਾ ਸ੍ਰੀ ਗੁਰੂ ਅੰਗਦ ਦੇਵ ਜੀ

## (1) ਆਰੰਭਿਕ ਜੀਵਨ ਤੇ ਪਰਿਵਾਰਿਕ ਪਿਛੋਕੜ

ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਆਰੰਭਿਕ ਨਾਮ ਭਾਈ ਲਹਿਣਾ ਜੀ ਕਰ ਕੇ ਪ੍ਰਸਿੱਧ ਹੈ। ਗੁਰੂ ਨਾਨਕ ਸਾਹਿਬ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪਣ ਸਮੇਂ ਆਪ ਜੀ ਦਾ ਨਾਮ ਭਾਈ ਲਹਿਣਾ ਜੀ ਤੋਂ ਬਦਲ ਕੇ ਗੁਰੂ ਅੰਗਦ ਦੇਵ ਰਖਿਆ ਸੀ।

ਆਪ ਜੀ ਦਾ ਜਨਮ 31 ਮਾਰਚ ਸੰਨ 1504 (ਮੁਤਾਬਕ 5 ਵੈਸਾਖ ਸੰਮਤ 1561) ਨੂੰ ਜ਼ਿਲਾ ਫਿਰੋਜ਼ਪੁਰ ਦੇ ਪਿੰਡ ਮੱਤੇ ਦੀ ਸਰਾਂ, ਪਿਤਾ ਸ੍ਰੀ ਫੇਰੂ ਮੱਲ ਤੇ ਮਾਤਾ ਦਇਆ ਕੌਰ ਦੇ ਗ੍ਰਹਿ ਵਿਖੇ ਹੋਇਆ ਸੀ। ਪਿੰਡ ਮੱਤੇ ਦੀ ਸਰਾਂ (ਅੱਜਕੱਲ੍ਹ ਜ਼ਿਲ੍ਹਾ ਮੁਕਤਸਰ) ਸਮਾਂ ਪਾ ਕੇ ਉੱਜੜ ਗਿਆ ਸੀ ਤੇ ਇਕ ਉਦਾਸੀ ਨਾਂਗੇ ਸਾਧ ਨੇ ਇਸ ਨੂੰ ਮੁੜ ਆਬਾਦ ਕਰਵਾਇਆ ਸੀ, ਜਿਸ ਕਾਰਨ ਪਿੰਡ ਦਾ ਨਾਮ ਨਾਂਗੇ ਦੀ ਸਰਾਂ ਹੋ ਗਿਆ। ਵਰਣ-ਆਸ਼ਰਮੀ ਮੱਤ ਦੀ ਪੁਰਾਣੀ ਵੰਡ ਅਨੁਸਾਰ ਬਾਬਾ ਫੇਰੂ ਮੱਲ ਜੀ ਤ੍ਰੇਹਣ ਜਾਤ ਦੇ ਖੱਤਰੀ ਸਨ। ਬਾਬਾ ਫੇਰੂਮੱਲ ਜੀ ਦੇ ਬਜ਼ੁਰਗ ਜ਼ਿਲਾ ਗੁਜਰਾਤ ਦੇ ਪਿੰਡ ਸੰਘੋਵਾਲ ਦੇ ਵਸਨੀਕ ਸਨ। ਕਿਰਤ ਦੇ ਸਿਲਸਿਲੇ ਵਿੱਚ ਉਹ ਪਿੰਡ ਮੱਤੇ ਦੀ ਸਰਾਂ ਆ ਵਸੇ ਸਨ। ਬਾਬਾ ਫੇਰੂ ਮੱਲ ਜੀ ਫ਼ਾਰਸੀ ਦੇ ਚੰਗੇ ਵਿਦਵਾਨ ਤੇ ਹਿਸਾਬ ਅਰ ਵਹੀ-ਖਾਤੇ (Accountancy) ਦੇ ਚੰਗੇ ਉਸਤਾਦ ਸਨ। ਆਪ ਕੁਝ ਅਰਸਾ ਫ਼ਿਰੋਜ਼ਪੁਰ ਦੇ ਪਠਾਣ ਹਾਕਮ ਦੇ ਕੋਲ ਉਸ ਦੇ ਆਮਦਨ ਖ਼ਰਚ ਦਾ ਹਿਸਾਬ-ਕਿਤਾਬ ਰੱਖਣ ਲਈ ਮੁੱਖ ਅਧਿਕਾਰੀ ਦੇ ਤੌਰ ਤੇ ਕੰਮ ਕਰਦੇ ਰਹੇ। ਫੇਰੂ ਮੱਲ ਜੀ ਇਕ ਬਹੁਤ ਹੀ ਸੱਚੇ-ਸੁੱਚੇ ਤੇ ਨੇਕ ਇਨਸਾਨ ਸਨ।

ਕੁਝ ਚਿਰ ਪਿਛੋਂ ਉਹ ਮੱਤੇ ਦੀ ਸਰਾਂ ਦੇ ਚੌਧਰੀ ਤਖ਼ਤ ਮੱਲ ਪਾਸ ਹਿਸਾਬ-ਕਿਤਾਬ ਰੱਖਣ ਵਾਲੇ ਮੁੱਖ ਅਧਿਕਾਰੀ ਦੇ ਤੌਰ ਤੇ ਆ ਲਗੇ। ਚੌਧਰੀ ਤਖ਼ਤ ਮੱਲ ਸੱਠ ਸੱਤਰ ਪਿੰਡਾਂ ਦਾ ਮਾਲਕ ਤੇ ਬਹੁਤ ਧਨਾਢ ਮਨੁੱਖ ਸੀ। ਪਠਾਣੀ ਰਾਜ ਦਰਬਾਰ ਵਿੱਚ ਵੀ ਉਹ ਚੰਗਾ ਰਸੂਖ ਰਖਦਾ ਸੀ। ਤਖ਼ਤ ਮੱਲ ਦੇ ਸੱਤ ਪੁੱਤਰ ਤੇ ਇਕ ਧੀ ਸੀ। ਧੀ ਦਾ ਨਾਮ ਬੀਬੀ ਵਿਰਾਈ ਸੀ ਜੋ ਮਗਰੋਂ ਸਿੱਖ ਇਤਿਹਾਸ ਵਿਚ ਬਹੁਤ ਉੱਚੀ ਆਤਮਿਕ ਅਵਸਥਾ ਵਾਲੀ ਅਰ ਭਜਨ ਬੰਦਗੀ ਵਾਲੀ ਗੁਰਸਿੱਖ ਬੀਬੀ ਦੇ ਤੌਰ ਤੇ ਪ੍ਰਗਟ ਹੋਈ ਹੈ। ਬਾਬਾ ਫੇਰੂ ਮੱਲ ਚੌਧਰੀ ਤਖ਼ਤ ਮੱਲ ਦੇ ਇਕ ਬਹੁਤ ਭਰੋਸੇਯੋਗ ਕਾਰਦਾਰ ਸਨ, ਜਿਸ ਕਾਰਨ ਦੋਹਾਂ ਦੇ ਪ੍ਰਵਾਰਾਂ ਵਿਚ ਵੀ ਬਹੁਤ ਡੂੰਘੇ ਸਬੰਧ ਸਨ ਤੇ ਬੇਹੱਦ ਆਪਸੀ ਪਿਆਰ ਸੀ। ਬਾਬਾ ਫੇਰੂ ਮੱਲ ਬੀਬੀ ਵਿਰਾਈ ਨੂੰ ਆਪਣੀ ਸਕੀ ਭੈਣ ਤੁੱਲ ਮੰਨਦੇ ਸਨ ਤੇ ਇਸੇ ਕਾਰਨ ਭਾਈ ਲਹਿਣਾ ਜੀ ਉਹਨਾਂ ਨੂੰ ਭੂਆ ਜੀ ਕਰਕੇ ਬੁਲਾਉਂਦੇ ਸਨ। ਬੀਬੀ ਵਿਰਾਈ ਦੀ ਸ਼ਾਦੀ ਖਡੂਰ ਦੇ ਚੌਧਰੀ ਮਹਿਮੇ ਨਾਲ ਹੋਈ ਸੀ ਜੋ ਚੌਧਰੀ ਤਖ਼ਤ ਮੱਲ

ਦੀ ਤਰ੍ਹਾਂ ਹੀ ਬਹੁਤ ਚੰਗੀ ਮਾਲੀ ਹਾਲਤ ਅਰ ਚੰਗੇ ਰਾਜਸੀ ਰੁਤਬੇ ਦਾ ਮਾਲਕ ਸੀ। ਮਗਰੋਂ ਜਾ ਕੇ ਭਾਈ ਲਹਿਣਾ ਜੀ ਦੀ ਕੁੜਮਾਈ ਭੀ ਖਡੂਰ ਤੋਂ ਦੋ ਮੀਲ ਦੀ ਦੂਰੀ ਤੇ ਵਾਕਿਆ ਸੰਘਰ ਪਿੰਡ ਦੇ ਇਕ ਧਨੀ-ਮਾਨੀ ਸ਼ਾਹੂਕਾਰ ਦੇਵੀਚੰਦ ਮਰਵਾਹਾ ਖੱਤਰੀ ਦੀ ਸਪੁੱਤਰੀ ਬੀਬੀ ਖੇਮ ਨਾਲ ਹੋਈ, ਜੋ ਸਿੱਖ ਇਤਿਹਾਸ ਵਿਚ ਮਾਤਾ ਖੀਵੀ ਦੇ ਨਾਮ ਨਾਲ ਪ੍ਰਸਿੱਧ ਹਨ। ਇਹ ਸ਼ਾਦੀ ਸੰਨ 1519 ਵਿਚ ਹੋਈ ਸੀ ਜਦ ਭਾਈ ਲਹਿਣਾ ਜੀ 15 ਸਾਲਾਂ ਦੇ ਸਨ।

ਬਾਬਾ ਫੇਰੂ ਮੱਲ ਜੀ ਪੁੱਜ ਕੇ ਈਮਾਨਦਾਰ ਸਨ ਤੇ ਤਖ਼ਤ ਮੱਲ ਦੇ ਬਹੁਤ ਭਰੋਸੇਯੋਗ ਕਾਰਮੁਖਤਾਰ ਸਨ, ਪਰ ਕਰਨਾ ਕਰਤਾਰ ਦਾ ਐਸਾ ਹੋਇਆ ਕਿ ਸੰਨ 1517 ਦੇ ਲਗਭਗ ਫੇਰੂ ਮੱਲ ਜੀ ਉਤੇ ਤਖ਼ਤ ਮੱਲ ਦੀ ਭਾਰੀ ਕਰੋਪੀ ਹੋ ਗਈ, ਤੇ ਫੇਰੂਮੱਲ ਜੀ ਨੂੰ ਉਸ ਨੇ ਕੈਦ ਕਰ ਦਿੱਤਾ। ਬਾਬਾ ਫੇਰੂਮੱਲ ਜੀ ਦੇ ਹਿਸਾਬ ਕਿਤਾਬ ਪੜਤਾਲਣ ਉਤੇ ਹਜ਼ਾਰਾਂ ਦੀ ਰਕਮ ਦਾ ਘਾਟਾ ਨਿਕਲ ਆਇਆ। ਬਾਬਾ ਫੇਰੂ ਮੱਲ ਜੀ ਇਕ ਪਾਈ ਦੇ ਵੀ ਰਵਾਦਾਰ ਨਹੀਂ ਸਨ, ਪਰ ਹਿਸਾਬ-ਕਿਤਾਬ ਵਿਚ ਹਜ਼ਾਰਾਂ ਰੁਪਿਆਂ ਦਾ ਪਿਆ ਹੋਇਆ ਭੁਗ ਦੂਰ ਨਹੀਂ ਸੀ ਹੋ ਰਿਹਾ। ਤਖ਼ਤ ਮੱਲ ਬਹੁਤ ਸਖ਼ਤ ਤਬੀਅਤ ਅਰ ਕਰੋਪੀ ਸੁਭਾਅ ਅਮੋੜ ਧਨਾਢ ਸੀ। ਉਸ ਨੇ ਬਾਬਾ ਫੇਰੂਮੱਲ ਜੀ ਉਤੇ ਬਹੁਤ ਸਖ਼ਤੀ ਕੀਤੀ। ਉਹ ਆਪਣੀ ਪਤਨੀ, ਪੁੱਤਰਾਂ ਆਦਿਕ ਦੀ ਸਿਫ਼ਾਰਸ਼ ਵੀ ਮੰਨਣ ਲਈ ਤਿਆਰ ਨਾ ਹੋਇਆ।

ਬਾਲਕ ਲਹਿਣਾ ਜੀ ਨੂੰ ਆਪਣੇ ਪਿਤਾ ਦੀ ਈਮਾਨਦਾਰੀ ਬਾਰੇ ਪੂਰੀ ਤਰ੍ਹਾਂ ਪਤਾ ਸੀ। ਇਸ ਮਾਮਲੇ ਵਿਚ ਕਿਸੇ ਦੀ ਭੀ ਪੇਸ਼ ਨਾ ਜਾਂਦੀ ਵੇਖ ਕੇ ਆਪ ਨੇ ਦੂਰ ਦੀ ਸੋਚੀ ਤੇ ਇਸ ਮਾਮਲੇ ਵਿਚ ਮਦਦ ਲਈ ਭੂਆ ਵਿਰਾਈ ਕੋਲ ਖਡੂਰ ਆ ਗਏ। ਇਸ ਹਕੀਕਤ ਦਾ ਸਭ ਪਰਿਵਾਰ ਨੂੰ ਪਤਾ ਸੀ ਕਿ ਬਾਬਾ ਫੇਰੂਮੱਲ ਨੂੰ ਬੀਬੀ ਵਿਰਾਈ ਤੋਂ ਬਿਨਾਂ ਕੋਈ ਵੀ ਵਿਅਕਤੀ ਤਖ਼ਤ ਮੱਲ ਦੀ ਕਰੋਪੀ ਤੋਂ ਨਹੀਂ ਬਚਾ ਸਕਦਾ। ਤਖ਼ਤ ਮੱਲ ਆਪਣੀ ਲਾਡਲੀ ਧੀ ਵਿਰਾਈ ਦੀ ਕਦੀ ਕੋਈ ਗੱਲ ਨਹੀਂ ਸੀ ਮੋੜਦਾ। ਉਧਰ ਬੀਬੀ ਵਿਰਾਈ ਇਸ ਸਮੇਂ ਤੱਕ ਪਾਤਸ਼ਾਹ ਗੁਰੂ ਨਾਨਕ ਦੀ ਸਿੱਖੀ ਧਾਰਨ ਕਰ ਚੁੱਕੀ ਇਕ ਉੱਚੀ ਤਰਸਵਾਨ ਅਰ ਪਰ-ਉਪਕਾਰੀ ਆਤਮਾ ਸੀ। ਰੱਬੀ ਭਾਣੇ ਵਿੱਚ ਗੁਰੂ ਨਾਨਕ ਦੇਵ ਜੀ ਇਸ ਸਮੇਂ ਖਡੂਰ ਸਾਹਿਬ ਵਿਖੇ ਹੀ ਤਪਦੀ-ਸੜਦੀ ਤੇ ਮਾਇਆ ਲੂਹੀ ਲੋਕਾਈ ਨੂੰ ਪਰਮੇਸ਼ਰ ਦਾ ਸੀਤਲ ਸੁਖਦਾਈ ਸੰਦੇਸ਼ ਦੇ ਕੇ ਠਾਰ ਰਹੇ ਸਨ। ਭਾਈ ਲਹਿਣਾ ਜੀ ਦੀ ਸਾਰੀ ਗੱਲ ਸੁਣ ਕੇ ਬੀਬੀ ਵਿਰਾਈ, ਜੋ ਬਾਬਾ ਫੇਰੂਮੱਲ ਜੀ ਦੀ ਈਮਾਨਦਾਰੀ ਤੋਂ ਪੂਰੀ ਤਰ੍ਹਾਂ ਕਾਇਲ ਸੀ, ਨੇ ਲਹਿਣਾ ਜੀ ਨੂੰ ਪੂਰਨ ਨਿਸ਼ਚੇ ਨਾਲ ਮਸ਼ਵਰਾ ਦਿੱਤਾ ਕਿ ਕੇਵਲ ਸਿਫ਼ਾਰਸ਼ ਦੇ ਬਲ-ਬੂਤੇ ਆਪਣੇ ਧਰਮ ਭਰਾ ਫੇਰੂਮੱਲ ਨੂੰ ਆਪਣੇ ਪਿਤਾ ਦੀ ਕੈਦ ਤੋਂ ਰਿਹਾ ਕਰਵਾਉਣਾ ਬਹੁਤ ਉੱਚਿਤ ਨਹੀਂ ਤੇ ਚੰਗੀ ਗੱਲ ਤਾਂ ਇਹ ਹੈ ਕਿ ਲਹਿਣਾ ਜੀ ਆਪ ਦੁਬਾਰਾ ਸਾਰੇ ਹਿਸਾਬ-ਕਿਤਾਬ ਦੀ ਪੜਤਾਲ ਕਰਨ ਤਾਂ ਕਿ ਹਿਸਾਬ-ਕਿਤਾਬ ਵਿਚ ਪਿਆ ਫਰਕ ਜਾਂ ਭੁਗ ਪ੍ਰਗਟ ਹੋ ਸਕੇ ਤੇ ਫੇਰੂਮੱਲ ਜੀ ਪੂਰੀ

ਇੱਜ਼ਤ ਨਾਲ ਸੁਰਖਰੂ ਹੋ ਸਕਣ। ਅਜਿਹੀ ਸਲਾਹ ਕਰਕੇ ਬੀਬੀ ਵਿਰਾਈ ਨੇ ਆਪਣੇ ਮਾਨਯੋਗ ਪਿਆਰੇ ਪਿਤਾ ਨੂੰ ਇਹ ਸੁਨੇਹਾ ਘੱਲ ਦਿੱਤਾ ਕਿ ਫੇਰੂਮੱਲ ਜੀ ਨੂੰ ਫੌਰੀ ਤੌਰ ਤੇ ਕੈਦ ਤੋਂ ਰਿਹਾ ਕਰ ਦਿੱਤਾ ਜਾਵੇ ਤਾਂ ਕਿ ਉਹ ਆਪਣੇ ਸਪੁੱਤਰ ਲਹਿਣਾ ਜੀ ਨਾਲ ਰਲ ਕੇ ਹਿਸਾਬ-ਕਿਤਾਬ ਦੇ ਚਿੱਠੇ ਦੀ ਚੰਗੀ ਤਰ੍ਹਾਂ ਪੜਤਾਲ ਕਰ ਸਕਣ।

ਇਸ ਸੁਭਾਗ ਮੌਕੇ ਉਤੇ ਭਾਈ ਲਹਿਣਾ ਜੀ ਬੀਬੀ ਵਿਰਾਈ ਨਾਲ ਸਤਿਗੁਰੂ ਨਾਨਕ ਦੇਵ ਜੀ ਦੇ ਸਤਿਸੰਗ ਦੀ ਵੀ ਹਾਜ਼ਰੀ ਭਰਨ ਗਏ ਅਰ ਉਹਨਾਂ ਤੋਂ ਅਸ਼ੀਰਵਾਦ ਹਾਸਲ ਕੀਤਾ। ਭਾਈ ਲਹਿਣਾ ਜੀ ਦਾ ਗੁਰੂ ਨਾਨਕ ਸਾਹਿਬ ਨਾਲ ਦਰਅਸਲ ਇਹ ਪਹਿਲਾ ਮਿਲਾਪ ਸੀ।

ਭਾਈ ਲਹਿਣਾ ਜੀ ਬੀਬੀ ਵਿਰਾਈ ਦਾ ਸੁਨੇਹਾ ਲੈ ਕੇ ਚੌਧਰੀ ਤਖ਼ਤ ਮੱਲ ਪਾਸ ਪੁੱਜੇ ਤੇ ਮਿਥੀ ਹੋਈ ਸਲਾਹ ਮੁਤਾਬਕ ਸਾਰੇ ਖਾਤੇ ਦੀ ਪੜਤਾਲ ਕਰ ਕੇ ਆਪਣੇ ਪਿਤਾ ਦੇ ਖਾਤਿਆਂ ਨੂੰ ਸੋਧਣ ਵਿਚ ਕਾਮਯਾਬ ਹੋ ਗਏ ਅਤੇ ਇਸ ਤਰ੍ਹਾਂ ਆਪਣੇ ਪਿਤਾ ਨੂੰ ਤਖ਼ਤ ਮੱਲ ਅੱਗੇ ਸੁਰਖਰੂ ਕਰਵਾਇਆ।

ਠੀਕ ਹੈ, ਬਾਬਾ ਫੇਰੂਮਲ ਜੀ ਬੇਈਮਾਨੀ ਦੇ ਬੇਬੁਨਿਆਦ ਇਲਜ਼ਾਮ ਤੋਂ ਇੱਜ਼ਤ ਸਨਮਾਨ ਨਾਲ ਬਰੀ ਹੋ ਗਏ ਪਰ ਉਹ ਤਖ਼ਤ ਮੱਲ ਦੇ ਕਾਹਲੇ, ਕਰੋਧੀ ਅਰ ਅਰਥ-ਹੀਣ ਸੁਭਾਅ ਤੋਂ ਪੂਰੀ ਤਰ੍ਹਾਂ ਉਪਰਾਮ ਹੋ ਚੁੱਕੇ ਸਨ। ਇਸ ਦੌਰਾਨ ਮੁਲਕ ਦੇ ਇਸ ਹਿੱਸੇ ਵਿਚ ਬਦਅਮਨੀ ਵੀ ਖ਼ੂਬ ਵੱਧ ਚੁੱਕੀ ਸੀ। ਛੋਟੇ ਸੂਬੇਦਾਰ, ਸ਼ਾਹ ਇਬਰਾਹੀਮ ਲੋਧੀ ਦੀ ਕੇਂਦਰੀ ਹਕੂਮਤ ਤੋਂ ਨਿੱਤ ਬਗ਼ਾਵਤਾਂ ਕਰ ਰਹੇ ਸਨ ਜਿਸ ਕਾਰਨ ਆਪ-ਹੁਦਰੇ ਲੋਕਾਂ ਨੂੰ ਲੁੱਟਾਂ-ਮਾਰਾਂ ਕਰਨ ਦਾ ਮੌਕਾ ਮਿਲ ਗਿਆ ਤੇ ਕਈ ਪਿੰਡ ਲੁੱਟੇ ਮਾਰੇ ਗਏ। ਬਾਬਰ ਦੀ ਕਮਾਨ ਹੇਠਾਂ ਮੁਗ਼ਲਾਂ ਦੇ ਹਮਲੇ ਵੀ ਕਾਬਲ ਵੱਲੋਂ ਸ਼ੁਰੂ ਹੋ ਚੁੱਕੇ ਸਨ। ਪਿੰਡ 'ਮੱਤੇ ਦੀ ਸਰਾਂ' ਵੀ ਲੁੱਟਿਆ ਜਾ ਰਿਹਾ ਸੀ। ਕੁਝ ਇਹਨਾਂ ਕਾਰਨਾਂ ਕਰ ਕੇ ਅਰ ਇਸ ਲਈ ਵੀ ਕਿ ਫੇਰੂਮੱਲ ਜੀ ਦਿਲੋਂ ਤਖ਼ਤ ਮੱਲ ਨੂੰ ਨਾ ਪਸੰਦ ਕਰਨ ਲਗ ਗਏ ਸਨ, ਆਪ ਭਾਈ ਲਹਿਣਾ ਜੀ ਤੇ ਪਰਿਵਾਰ ਨੂੰ ਲੈ ਕੇ ਆਪਣੇ ਕੁੜਮਾਂ ਦੇ ਪਿੰਡ ਦੇ ਨੇੜੇ 'ਹਰੀਕੇ ਪੱਤਣ' ਆ ਗਏ ਤੇ ਆਪ ਨੇ ਤਖ਼ਤ ਮੱਲ ਦੀ ਮੁਲਾਜ਼ਮਤ ਛੱਡ ਦਿੱਤੀ। 'ਹਰੀਕੇ ਪੱਤਣ' ਦਿੱਲੀ ਤੋਂ ਲਾਹੌਰ ਜਾਣ ਵਾਲੀ ਸੜਕ ਉਤੇ ਬਿਆਸਾ ਦਾ ਪ੍ਰਮੁਖ ਪੱਤਣ ਸੀ। ਇਥੇ ਦੁਕਾਨਦਾਰੀ ਦਾ ਸੁਤੰਤਰ ਕਾਰੋਬਾਰ ਆਰੰਭਿਆ ਪਰ ਤੱਸਲੀਬਖ਼ਸ਼ ਕੰਮ ਨਾ ਹੋਣ ਕਾਰਣ ਕੁਝ ਦਿਨਾਂ ਪਿਛੋਂ ਭਾਈ ਲਹਿਣਾ ਜੀ ਦੇ ਸਹੁਰਿਆਂ ਦੀ ਸਲਾਹ ਤੇ ਖਡੂਰ ਆ ਗਏ ਤੇ ਦੁਕਾਨਦਾਰੀ ਦਾ ਕੰਮ ਇਥੇ ਆਰੰਭ ਕਰ ਦਿਤਾ, ਜੋ ਸਮਾਂ ਪਾ ਕੇ ਬਹੁਤ ਕਾਮਯਾਬ ਰਿਹਾ। ਖਡੂਰ, ਦਰਿਆ ਬਿਆਸ ਦੇ ਉਰਲੇ ਪਾਸੇ ਚੰਗਾ ਕਸਬਾ ਸੀ। ਖਡੂਰ ਨਗਰ ਵਿਖੇ ਕੰਮ-ਕਾਰ ਬਦਲ ਲੈਣ ਦੀ ਗੱਲ ਲਗਪਗ ਸੰਨ 1524 ਦੀ ਹੈ ਜਦ ਭਾਈ ਲਹਿਣਾ ਜੀ ਵੀਹ ਕੁ ਸਾਲਾਂ ਦੀ ਆਯੂ ਦੇ ਸਨ। ਯਾਦ ਰਹੇ ਕਿ ਭਾਈ ਲਹਿਣਾ ਜੀ ਦੀ ਧਰਮ-ਭੂਆ ਬੀਬੀ ਵਿਰਾਈ ਜੀ ਇਸੇ ਖਡੂਰ ਨਗਰ ਵਿਚ ਵਿਆਹੇ ਹੋਏ ਸਨ।

ਭਾਈ ਲਹਿਣਾ ਜੀ ਆਪਣੀ ਕੁਲਾ ਰੀਤ ਅਨੁਸਾਰ ਵੈਸ਼ਨੋ ਦੇਵੀ ਦੇ ਭਗਤ ਸਨ।

ਉਹਨਾਂ ਦੇ ਪਿਤਾ ਆਪਣੇ ਸਮੇਂ ਰਜ਼ ਰਾਤ, ਹਰ ਦੇਵੀ-ਭਗਤਾਂ ਨਾਲ ਰਲ ਕੇ ਜੋਤ ਜਗਾ ਕੇ ਵਿਚ ਰਖਦੇ ਤੇ ਆਸ ਪਾਸ ਬੈਠਕੇ ਢੋਲਕੀ ਛੈਣਿਆਂ ਨਾਲ ਦੇਵੀ ਦੀਆਂ ਭੇਟਾਂ ਗਾਉਂਦੇ ਸਨ। ਉਹ ਹਰ ਸਾਲ ਆਪਣੇ ਸੰਗੀ ਭਗਤਾਂ ਦਾ ਟੋਲਾ ਆਪਣੇ ਨਾਲ ਲੈ ਕੇ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ। ਵੈਸ਼ਨੋਂ ਦੇਵੀ ਦਾ ਮੰਦਰ ਜੰਮੂ ਤੋਂ ਅੱਗੇ ਪਹਾੜਾਂ ਵਿਚ ਹੈ। ਖਡੂਰ ਤੋਂ ਵੈਸ਼ਨੋਂ ਦੇਵੀ ਜਾਣ ਵਾਲੇ ਯਾਤਰੂਆਂ ਨੂੰ ਗੁਰੂ ਨਾਨਕ ਪਾਤਸ਼ਾਹ ਦਾ ਵਸਾਇਆ ਕਰਤਾਰਪੁਰ ਨਗਰ ਰਾਹ ਵਿਚ ਹੀ ਪੈਂਦਾ ਸੀ। ਦੇਵੀ-ਭਗਤੀ ਤਾਂ ਭਾਈ ਲਹਿਣਾ ਜੀ ਨੂੰ ਇਕ ਤਰ੍ਹਾਂ ਵਿਰਸੇ ਵਿਚ ਹੀ ਮਿਲੀ। ਆਪ ਸੁਤੇ ਹੀ ਪਰ-ਉਪਕਾਰੀ ਤੇ ਸਾਧੂ ਸੁਭਾਅ ਦੇ ਮਾਲਕ ਸਨ। ਪਿਤਾ ਦੇ ਨਾਲ ਆਪ ਭੀ ਹਰ ਸਾਲ ਦੇਵੀ-ਭਗਤਾਂ ਦੇ ਟੋਲੇ ਵਿਚ ਸ਼ਾਮਲ ਹੋ ਕੇ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ।

ਪਿਤਾ ਫੇਰੂਮੱਲ ਜੀ ਸੰਨ 1526 ਈ: ਨੂੰ ਚੜ੍ਹਾਈ ਕਰ ਗਏ। ਹੁਣ ਦੁਕਾਨ ਦੇ ਕਾਰੋਬਾਰ ਦਾ ਸਾਰਾ ਕੰਮ ਆਪਦੇ ਸਿਰ ਆ ਪਿਆ। ਇਸ ਸਮੇਂ ਆਪ ਜੀ ਦੀ ਉਮਰ 22 ਕੁ ਸਾਲਾਂ ਦੀ ਸੀ। ਦੇਵੀ ਭਗਤਾਂ ਦੇ ਟੋਲੇ ਦੇ ਆਗੂ ਦੀ ਜ਼ਿੰਮੇਵਾਰੀ ਵੀ ਆਪ ਤੇ ਆ ਪਈ। ਆਪ ਜੀ ਨੇ ਵੀ ਪਿਤਾ ਦੀ ਤਰ੍ਹਾਂ ਹਰ ਸਾਲ ਦੇਵੀ ਭਗਤਾਂ ਦਾ ਟੋਲਾ ਲੈ ਕੇ ਦੇਵੀ ਦੇ ਮੰਦਰ ਦੀ ਯਾਤਰਾ ਦਾ ਨੇਮ ਜਾਰੀ ਰਖਿਆ। ਆਪ ਸਦਾ ਇਸ ਦੇਵੀ-ਭਗਤਾਂ ਦੇ ਟੋਲੇ ਦੇ ਆਗੂ ਹੁੰਦੇ ਸਨ। ਦੁਕਾਨਦਾਰੀ ਦੇ ਕੰਮ ਤੋਂ ਵਿਹਲੇ ਹੋ ਕੇ ਰਾਤ ਨੂੰ ਦੇਵੀ ਦੀਆਂ ਭੇਟਾਂ ਗਾਉਣ ਦਾ ਕੰਮ ਭੀ ਦੇਵੀ ਭਗਤਾਂ ਦੇ ਟੋਲੇ ਦੇ ਮੁੱਖੀ ਦੇ ਤੌਰ ਤੇ ਆਪਦਾ ਮਨ-ਭਾਉਂਦਾ ਸ਼ੁਗਲ ਸੀ। ਪਿਤਾ ਦੇ ਚੜ੍ਹਾਈ ਕਰਨ ਪਿਛੋਂ ਲਗਭਗ ਪੰਜ ਸਾਲ ਇਸ ਭਾਂਤ ਦੇ ਕਰਮ-ਕਾਂਡ ਚਲਦੇ ਰਹੇ।

ਸੰਸਾਰਕ ਨਜ਼ਰੀਏ ਅਨੁਸਾਰ ਆਪ ਦੀ ਦੁਕਾਨ ਦਾ ਕਾਰੋਬਾਰ ਭੀ ਬਹੁਤ ਚੰਗਾ ਚੱਲ ਰਿਹਾ ਸੀ। ਪਰਿਵਾਰਿਕ ਤੌਰ ਤੇ ਭੀ ਪੂਰੀ ਤਰ੍ਹਾਂ ਸੁਖੀ ਸਨ। ਆਪ ਦੇ ਦਾਸੂ ਜੀ ਅਰ ਦਾਤੂ ਜੀ ਦੋ ਪੁੱਤਰ ਤੇ ਬੀਬੀ ਅਮਰੋ ਜੀ ਤੇ ਅਣੋਖੀ ਜੀ ਦੋ ਪੁੱਤਰੀਆਂ ਸਨ। ਆਪ ਧਾਰਮਿਕ ਰੁਚੀਆਂ ਦੇ ਧਾਰਨੀ ਹੋਣ ਕਾਰਨ ਤੇ ਧਾਰਮਿਕ ਕਹੇ ਜਾਣ ਵਾਲੇ ਲੋਕਾਂ ਦੇ ਆਗੂ ਹੋਣ ਕਾਰਨ ਚੰਗੀ ਸ਼ੁਹਰਤ ਤੇ ਅਸਰ-ਰਸੂਖ ਦੇ ਮਾਲਕ ਸਨ।

ਉਪਰੋਕਤ ਸਭ ਕੁਝ ਹੋਣ ਤੇ ਭੀ ਆਪ ਆਤਮਿਕ ਸ਼ਾਂਤੀ ਹਾਸਲ ਨਾ ਕਰ ਸਕੇ। ਅੰਦਰੋਂ ਸਦਾ ਆਪਣੇ ਆਪ ਨੂੰ ਖਾਲੀ ਦਾ ਖਾਲੀ ਮਹਿਸੂਸ ਕਰਦੇ। ਦੇਵੀ ਦੀਆਂ ਨਿਰੋਲ ਕਪੋਲ-ਕਾਲਪਨਿਕ ਕਥਾਵਾਂ ਆਪ ਦੀ ਆਤਮਾ ਦੀ ਤੱਸਲੀ ਨਾ ਕਰਵਾ ਸਕੀਆਂ। ਉਹਨਾਂ ਦੀਆਂ ਅੱਖਾਂ ਸਾਹਮਣੇ ਕਾਬਲ ਤੋਂ ਚੜ੍ਹ ਕੇ ਮੁਗਲਾਂ ਨੇ ਹਿੰਦੋਸਤਾਨ ਤੇ ਕਈ ਹਮਲੇ ਕੀਤੇ ਸਨ। ਮੁਲਕ ਵਿਚ ਬਗ਼ਾਵਤਾਂ ਦਾ ਜ਼ੋਰ ਸੀ ਤੇ ਆਪ-ਹੁਦਰੇ ਲੋਕ ਆਪਣੇ ਤੌਰ ਤੇ ਪਿੰਡਾਂ ਦੇ ਪਿੰਡ ਲੁੱਟ ਲੈਂਦੇ ਸਨ ਤੇ ਪਿੰਡ ਉਜਾੜ ਦਿਤੇ ਜਾਂਦੇ ਸਨ। ਦੇਵੀ-ਭਗਤਾਂ ਦਾ ਭੀ ਮੁਲਕ ਦੇ ਬਾਕੀ ਲੋਕਾਂ ਨਾਲ ਹੀ ਰਗੜਾ ਬੱਝਦਾ ਰਹਿੰਦਾ ਸੀ। ਦੇਵੀ ਦੀ ਸ਼ਕਤੀ ਦੀਆਂ ਕਾਲਪਨਿਕ ਕਥਾਵਾਂ ਉਤੇ ਪ੍ਰਤੱਖ ਰੂਪ ਵਿਚ ਹੋਰ ਹੀ ਭਾਣੇ ਵਰਤਦੇ ਰਹਿਣ ਕਾਰਨ ਵਿਸ਼ਵਾਸ ਜੰਮਣਾ ਮੁਸ਼ਕਲ ਹੋਇਆ ਪਿਆ ਸੀ।

ਤੀਰਥ ਯਾਤਰਾ ਦਾ ਇਹ ਕਰਮ-ਕਾਂਡ ਭੀ ਉਹਨਾਂ ਨੂੰ ਬਹੁਤ ਫੋਕਾ ਤੇ ਫਿੱਕਾ ਲੱਗਣ ਲਗ ਪਿਆ ਸੀ, ਪਰ ਫਿਰ ਭੀ ਭੱਲ ਮਾਰਦੀ ਸੀ ਕਿਉਂਕਿ ਆਪ ਸਮਾਜ ਦੇ ਕੁਝ ਹਿੱਸੇ ਵਿਚ ਤਾਂ ਧਾਰਮਿਕ ਆਗੂ ਕਰ ਕੇ ਜਾਣੇ ਜਾਂਦੇ ਸਨ। ਤੀਰਥ-ਯਾਤਰਾ ਜਾਂ ਦੇਵੀ ਮੰਦਰ ਦੀ ਯਾਤਰਾ ਦੇ ਨੇਮ ਜਾਰੀ ਰੱਖਣ ਦੇ ਬਾਵਜੂਦ ਉਹ ਮਾਨਸਿਕ ਅਤੇ ਆਤਮਿਕ ਤੌਰ 'ਤੇ ਸ਼ਾਂਤ ਨਹੀਂ ਸਨ। ਅਸਲ ਗੱਲ ਇਹ ਸੀ ਕਿ ਆਪ ਇਕ ਸੱਚੇ ਜਗਿਆਸੂ ਸਨ। ਆਪ ਸੱਚ ਦੀ ਤੇ ਆਤਮਿਕ ਅਡੋਲਤਾ ਦੀ ਭਾਲ ਵਿਚ ਸਨ। ਆਪ ਨੇ ਮਹਿਸੂਸ ਕੀਤਾ ਕਿ ਦੇਵੀ ਦੀਆਂ ਕਪੋਲ-ਕਾਲਪਨਿਕ ਕਥਾਵਾਂ ਤੇ ਉਸ ਆਧਾਰ ਉਤੇ ਬਣਾਈਆਂ ਭੇਟਾਵਾਂ ਉਹਨਾਂ ਅਤੇ ਉਹਨਾਂ ਦੇ ਸਾਥੀਆਂ ਸੇਵਕਾਂ ਦੇ ਆਤਮਿਕ ਜੀਵਨ ਦੀ ਉਸਾਰੀ ਕਰਨ ਵਿਚ ਪੂਰੀ ਤਰ੍ਹਾਂ ਨਾ-ਕਾਮਯਾਬ ਰਹੀਆਂ ਹਨ। ਤੀਰਥ ਯਾਤਰਾ ਦਾ ਨਿਰੱਰਥਕ ਤੇ ਫੁਕਲਾ ਸਾਧਨ ਉਹਨਾਂ ਦੇ ਭਾਈਚਾਰੇ ਦੀ ਇਖਲਾਕੀ ਤਰੱਕੀ ਤੇ ਆਚਰਨਕ ਉਸਾਰੀ ਲਈ ਫਾਇਦੇਮੰਦ ਨਹੀਂ ਸੀ ਹੋ ਸਕਿਆ। ਲੋਕ ਅੰਦਰੋਂ ਹੋਰ ਤੇ ਬਾਹਰੋਂ ਜਾਂ ਮੁੱਖੋਂ ਹੋਰਵੇਂ ਸਨ। ਆਪ ਨੇ ਮਹਿਸੂਸ ਕੀਤਾ ਕਿ ਲੋਕ ਭੇਟਾਂ ਵੀ ਗਾਉਂਦੇ ਹਨ ਪਰ ਆਮ ਵਿਉਹਾਰਕ ਜੀਵਨ ਵਿਚ ਉੱਚੇ-ਸੁੱਚੇ ਆਚਰਨ ਨੂੰ ਧਾਰਨ ਕਰਨਾ ਜ਼ਰੂਰੀ ਨਹੀਂ ਸਮਝਦੇ। ਦੇਵੀ ਦੀ ਸ਼ਕਤੀ ਦੀ ਚਰਚਾ ਤਾਂ ਬਹੁਤ ਸੀ। ਦਲੇਰੀ, ਸੂਰਬੀਰਤਾ ਅਤੇ ਨਿਰਭੈਤਾ ਦੇ ਗੁਣ ਇਹਨਾਂ ਭਗਤਾਂ ਤੋਂ ਕੋਹਾਂ ਦੂਰ ਸਨ। ਅਰਸੇ ਤੱਕ ਕਰਮ-ਕਾਂਡ ਤੇ ਖਾਸ ਰਹੁ-ਰੀਤਾਂ ਦੇ ਬੱਝੇ-ਰੁੱਝੇ ਹੋਣ ਦੇ ਬਾਵਜੂਦ ਨਾ ਉਹਨਾਂ ਨੂੰ ਰੱਬ ਸੰਬੰਧੀ ਕੁਝ ਜਾਣਕਾਰੀ ਹੋ ਸਕੀ ਸੀ ਤੇ ਨਾ ਹੀ ਉਸ ਨਾਲ ਅਪੱਣਤ ਪੈ ਸਕੀ ਸੀ ਨਾ ਮਨੁੱਖਾ ਜੀਵਨ ਦਾ ਨਿਸ਼ਾਨਾਂ ਜਾਂ ਮੰਤਵ ਸਮਝ ਪੈ ਰਿਹਾ ਸੀ ਤੇ ਨਾ ਹੀ ਸਦੀਵੀ ਆਤਮਿਕ ਸੁਖ ਪ੍ਰਾਪਤ ਕਰ ਸਕਣ ਲਈ ਸਾਧਨ ਹੀ ਸੁਝ ਰਹੇ ਸਨ। ਅਪਨਾਏ ਜਾ ਰਹੇ ਸਾਧਨ ਸੱਪਸ਼ਟ ਤੌਰ 'ਤੇ ਨਿਰੱਰਥਕ ਸਾਬਤ ਹੋ ਰਹੇ ਸਨ।

ਆਪ ਮਾਲੀ (ਆਰਥਕ) ਤੌਰ ਤੇ ਵੀ ਸੁਖੀ ਸਨ ਤੇ ਪਰਿਵਾਰਿਕ ਤੌਰ ਤੇ ਵੀ ਇਕ ਕਾਮਯਾਬ ਗ੍ਰਿਹਸਤੀ ਸਨ ਪਰ ਆਤਮਾ ਅਸ਼ਾਂਤ ਸੀ। ਇਥੇ ਅਸੀਂ ਪਾਠਕਾਂ ਦੀ ਸੇਵਾ ਵਿਚ ਸਮੁੱਚੇ ਗੁਰਮਤਿ ਫਲਸਫੇ ਦੇ ਸਟੈਂਡ ਜਾਂ ਪੱਖ ਨੂੰ ਹੇਠ ਲਿਖੇ ਅਨੁਸਾਰ ਰਖਦੇ ਹਾਂ, ਜਿਸ ਦਾ ਪ੍ਰਚਾਰ ਸ੍ਰੀ ਗੁਰੂ ਗਰੰਥ ਸਾਹਬ ਵਿਚ ਆਈ ਬਾਣੀ ਅਨੁਸਾਰ ਸਿੱਖ ਸਤਿਗੁਰੂ ਸਾਹਿਬਾਨ, ਭਗਤ ਆਤਮਾਵਾਂ ਅਤੇ ਗੁਰਸਿੱਖ ਪੈਰੋਕਾਰਾਂ ਨੇ ਭਰਪੂਰ ਤੌਰ ਤੇ ਕੀਤਾ ਹੈ।

(1) ਸੁਖੁ ਨਾਹੀ ਬਹੁਤੈ ਧਨਿ ਖਾਟੇ ॥<br>
ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥<br>
ਸੁਖੁ ਨਾਹੀ ਬਹੁ ਦੇਸ ਕਮਾਏ ॥<br>
ਸਰਬ ਸੁਖਾ ਹਰਿ ਹਰਿ ਗੁਣ ਗਾਏ ॥

*(ਭੈਰਉ, ਮ: ੫, ੧੧੪੭)*

(2) ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥

*(ਆਸਾ, ਮ: ੫, ੩੮੫)*

(3) ਪਾਪ ਕਰਹਿ ਪੰਚਾਂ ਕੇ ਬਸਿ ਰੇ ॥
ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥
ਜਮ ਪੁਰਿ ਬਾਂਧਿ ਖਰੇ ਕਾਲੰਕ ॥

*(ਪ੍ਰਭਾਤੀ, ਮ: ੫, ੧੩੪੮)*

(4) ਜੋ ਪਾਥਰ ਕਉ ਕਹਤੇ ਦੇਵ ॥
ਤਾ ਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਂਈ ਪਾਇ ॥
ਤਿਸ ਕੀ ਘਾਲ ਅਜਾਂਈ ਜਾਇ ॥

*(ਮਹਲਾ ੫, ੧੧੬੦)*

(5) ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ ॥

*(ਸੋਰਠਿ, ਮ: ੧, ੬੩੭)*

(6) ਨਾਵਨ ਕਉ ਤੀਰਥ ਘਨੇ, ਮਨ ਬਉਰਾ ਰੇ,
ਪੂਜਨ ਕਉ ਬਹੁ ਦੇਵ ॥
ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ,
ਛੂਟਨੁ ਹਰਿ ਕੀ ਸੇਵ ॥

*(ਗਉੜੀ, ਕਬੀਰ, ੩੩੬)*

(1) ਗੁਰਮਤਿ ਵੀਚਾਰਧਾਰਾ ਅਨੁਸਾਰ ਬਹੁਤ ਧਨ ਕਮਾ ਲੈਣ ਨਾਲ ਜਾਂ ਸੰਸਾਰਿਕ ਭੋਗ ਮਾਣ ਲੈਣ ਨਾਲ ਜਾਂ ਦੇਸ਼ਾਂ-ਦੇਸ਼ਾਤਰਾਂ ਦੀ ਸੈਰ ਕਰਨ ਨਾਲ ਜਾਂ ਹੋਰ ਕ੍ਰਿਤਮ ਮਾਇਕੀ ਪ੍ਰਾਪਤੀਆਂ ਨਾਲ ਸਦਾ ਕਾਇਮ ਰਹਿਣ ਵਾਲਾ ਸੁਖ ਨਹੀਂ ਮਿਲ ਸਕਦਾ। ਸਦੀਵੀ ਸੁਖ ਜਾਂ ਸਹਿਜ ਅਵਸਥਾ ਤਾਂ ਰੱਬ ਨਾਲ ਸੱਚਾ ਪਿਆਰ ਪਾਣ ਉਤੇ ਹੀ ਹਾਸਲ ਹੋ ਸਕਦਾ ਹੈ।

(2) ਤੀਰਥਾਂ ਦੇ ਚੱਕਰ ਕੱਟਣ ਨਾਲ ਮਨ ਵਿਚ ਅਹੰਕਾਰ ਦਾ ਵਿਕਾਰ ਪੈਦਾ ਹੁੰਦਾ ਹੈ, ਜੋ ਆਤਮਿਕ ਜੀਵਨ ਬਰਬਾਦ ਕਰ ਦਿੰਦਾ ਹੈ। ਬ੍ਰਾਹਮਣੀ ਮੱਤ ਦੇ ਪੰਡਤਾਂ ਕੋਲੋਂ ਪ੍ਰਮਾਰਥ ਦੀ ਗੱਲ ਕਿਵੇਂ ਹੱਥ ਆ ਸਕਦੀ ਹੈ। ਉਹ ਤਾਂ ਆਪ ਮਾਇਆ ਨਾਲ ਲਿਬੜੇ ਪਏ ਹਨ।

(3) ਲੋਕ ਪੰਜਾਂ ਵਿਕਾਰਾਂ ਅਧੀਨ ਹੋ ਕੇ ਪਾਪ ਕਮਾਉਂਦੇ ਹਨ ਤੇ ਐਵੇਂ ਅੰਧ ਵਿਸ਼ਵਾਸ ਵਸ ਇਹ ਸਮਝਦੇ ਹਨ ਕਿ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਪਾਪ ਉਤਰ ਗਏ ਹਨ ਤੇ ਇਸ ਤਰ੍ਹਾਂ ਫਿਰ ਨਵੇਂ ਸਿਰਿਓਂ ਨਿਸੰਗ ਹੋ ਕੇ ਪਾਪ ਕਮਾਉਣ ਲਗ ਜਾਂਦੇ ਹਨ।

(4) ਪੱਥਰਾਂ ਨੂੰ ਰੱਬ ਸਮਝ ਕੇ ਪੂਜਾ ਕਰਨ ਵਾਲਿਆਂ ਤੇ ਪੱਥਰਾਂ ਦੀਆਂ ਮੂਰਤੀਆਂ ਦੇ ਪੈਰੀਂ ਪੈਣ ਵਾਲਿਆਂ ਦੀ ਸਾਰੀ ਮਿਹਨਤ ਤੇ ਘਾਲਣਾ ਅਜਾਈ ਜਾਂਦੀ ਹੈ।

(5) ਦੇਵੀਆਂ-ਦੇਵਤਿਆਂ ਦੀ ਪੂਜਾ ਕਰਨ ਤੇ ਉਹਨਾਂ ਪਾਸੋਂ ਮੰਗਣ ਨਾਲ ਕੀ ਬਣ ਸਕਦਾ ਹੈ ? ਇਹਨਾਂ ਕੋਲ ਦੇਣ ਲਈ ਹੈ ਹੀ ਕੀ ?

(6) ਸੰਸਾਰਿਕ ਜੀਵ ਵੀ ਕੀ ਕਰਨ ? ਸੰਸਾਰ ਵਿਚ ਬੇਸ਼ੁਮਾਰ ਤੀਰਥ, ਧਰਮ ਦੇ ਠੇਕੇਦਾਰਾਂ ਨੇ ਅਸਥਾਪਿਤ ਕਰ ਰਖੇ ਹਨ। ਇਸੇ ਤਰ੍ਹਾਂ ਮਨੁੱਖਾਂ ਨੂੰ ਗੁਮਰਾਹ ਕਰਨ ਲਈ ਬੇਸ਼ੁਮਾਰ ਦੇਵੀ-ਦੇਵਤੇ ਵੀ ਪ੍ਰਚਲਿਤ ਕਰ ਦਿਤੇ ਗਏ ਹਨ। ਮਨੁੱਖ ਦਾ ਕਲਿਆਣ ਇਹਨਾਂ ਤੀਰਥਾਂ ਤੇ ਦੇਵੀ-ਦੇਵਤਿਆਂ ਨਾਲ ਨਹੀਂ, ਪ੍ਰਮੇਸ਼ਰ ਦੇ ਸਿਮਰਨ ਮਾਤਰ ਨਾਲ ਹੀ ਹੋ ਸਕਦਾ ਹੈ।

ਗੁਰਮਤਿ ਅਨੁਸਾਰ ਗੁਰਸ਼ਬਦ ਦੀ ਵੀਚਾਰ ਅਤੇ ਕਮਾਈ ਹੀ ਅਸਲ ਤੀਰਥ ਇਸ਼ਨਾਨ ਹੈ :

**ਤੀਰਥਿ ਨਾਵਣ ਜਾਉ, ਤੀਰਥੁ ਨਾਮੁ ਹੈ॥**
**ਤੀਰਥੁ ਸਬਦ ਬੀਚਾਰੁ, ਅੰਤਰਿ ਗਿਆਨੁ ਹੈ॥**

*(ਧਨਾਸਰੀ, ਮ: ੧, ੬੮੭)*

## (2) ਭਾਈ ਲਹਿਣਾ ਜੀ

## ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿਚ

ਇਥੇ ਪਾਠਕਾਂ ਦਾ ਧਿਆਨ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਇਤਿਹਾਸ ਵੱਲ ਖਿੱਚਣਾ ਯੋਗ ਰਹੇਗਾ। ਗੁਰੂ ਨਾਨਕ ਪਾਤਸ਼ਾਹ ਆਪਣੇ ਪ੍ਰਚਾਰਕ ਦੌਰਿਆਂ ਪਿਛੋਂ, ਜਿਹਨਾਂ ਨੂੰ ਆਪ ਦੀਆਂ ਜਨਮ-ਸਾਖੀਆਂ ਵਿਚ 'ਉਦਾਸੀਆਂ' ਦਾ ਨਾਮ ਦਿਤਾ ਗਿਆ ਹੈ, ਸੰਨ 1521 ਵਿਚ ਕਰਤਾਰਪੁਰ ਆ ਕੇ ਵੱਸ ਗਏ ਸਨ; ਜਿਥੇ ਲੋਕਾਂ ਨੂੰ ਆਪ ਨੇ ਇਕ ਆਦਰਸ਼ਕ ਅਮਲੀ ਜੀਵਨ ਦੀ ਜਾਚ ਸਿਖਾਉਣ ਲਈ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖੇ ਜਾਣ ਦਾ ਅਧਿਕਾਰ ਰਖਣ ਵਾਲੇ ਪ੍ਰੋਗਰਾਮ ਦਾ ਬਾਨ੍ਹਣੂੰ ਬੰਨ੍ਹਿਆ। ਆਪਣੇ ਪੈਰੋਕਾਰਾਂ ਨੂੰ 'ਕਿਰਤ-ਕਰਨ, ਵੰਡ ਛਕਣ ਤੇ ਨਾਮ ਜਪਣ' ਦੀ ਸੰਸਾਰ ਦੀ ਸਭ ਤੋਂ ਉੱਚੀ, ਮਹਾਨ ਤੇ ਸੰਪੂਰਨ ਤਾਲੀਮ ਅਮਲੀ ਤੌਰ ਤੇ ਦਿਤੀ ਗਈ। ਗੁਰੂ ਨਾਨਕ ਪਾਤਸ਼ਾਹ ਨੇ ਆਪ ਖੇਤੀਬਾੜੀ ਦੇ ਇਕ ਪਵਿੱਤਰ ਕਿਤੇ ਨੂੰ ਅਪਨਾਇਆ,

ਸਤਿਸੰਗ ਲਈ ਤੇ ਆਤਮਿਕ ਜੀਵਨ ਦੀ ਉਸਾਰੀ ਲਈ ਧਰਮਸ਼ਾਲ ਕਾਇਮ ਕੀਤੀ ਤੇ ਮਨੁੱਖੀ ਭਾਈਚਾਰੇ ਦੀ ਸਾਂਝੀ ਤਰੱਕੀ ਲਈ ਮਨੁੱਖਾਂ ਵਿਚ ਪ੍ਰਸਪਰ ਪਿਆਰ, ਸਾਂਝੀਵਾਲਤਾ ਸੇਵਾ ਤੇ ਪਰਉਪਕਾਰ ਦੀ ਭਾਵਨਾ ਭਰਨ ਲਈ ਸਰਬ-ਸਾਂਝੇ ਲੰਗਰ ਦੀ ਅਸਥਾਪਨਾ ਕੀਤੀ, ਜੋ ਭਾਈਚਾਰੇ 'ਚੋਂ ਜਾਤ-ਪਾਤ ਤੇ ਛੂਤ-ਛਾਤ ਦੇ ਭੂਤ ਨੂੰ ਕੱਢਣ ਦਾ ਕਾਮਯਾਬ ਉਪਰਾਲਾ ਸੀ।

ਆਪ ਖੁਦ ਆਮ ਪੰਜਾਬੀ ਕਿਰਸਾਣ ਦੇ ਲਿਬਾਸ ਵਿਚ ਰਹਿੰਦੇ, ਖੇਤੀਬਾੜੀ ਕਰਦੇ ਸਵੇਰੇ ਤੇ ਸੰਝ ਦੇ ਸਤਿਸੰਗਾਂ ਰਾਹੀਂ ਆਏ ਜਗਿਆਸੂਆਂ ਨੂੰ ਆਤਮਕ ਰਾਹਨੁਮਾਈ ਦਿੰਦੇ ਸਨ। ਆਪ ਹੁਣ ਪਹਿਲਾਂ ਦੀ ਤਰ੍ਹਾਂ ਬਹੁਤ ਦੂਰ ਤਾਂ ਨਹੀਂ ਸਨ ਜਾਂਦੇ, ਪਰ ਸਮਾਂ ਮਿਲਣ ਤੇ ਆਸ-ਪਾਸ ਦੇ ਇਲਾਕੇ ਦੇ ਪਿੰਡਾਂ ਵਿਚ ਗੁਰਮਤਿ ਪ੍ਰਚਾਰ ਲਈ ਜਾਂਦੇ ਹੀ ਰਹਿੰਦੇ ਸਨ। ਆਪਣੇ ਪ੍ਰਚਾਰ ਦੌਰਿਆਂ ਦੇ ਦੌਰਾਨ ਆਪ ਅਨੇਕਾਂ ਪਿੰਡਾਂ ਤੇ ਨਗਰਾਂ ਵਿਚ ਲੋਕਾਂ ਨੂੰ ਸੱਚੇ ਮਾਰਗ ਉਤੇ ਪਾ ਚੁਕੇ ਸਨ ਤੇ ਕਰਤਾਰਪੁਰ ਦੇ ਆਸ-ਪਾਸ ਤੇ ਕਾਫੀ ਦੂਰ ਦੇ ਇਲਾਕੇ ਵਿਚ ਸ਼ਾਇਦ ਹੀ ਕੋਈ ਐਸਾ ਪਿੰਡ ਜਾਂ ਨਗਰ ਹੋਵੇ, ਜਿਥੇ ਗੁਰਮਤਿ ਦੇ ਅਨੁਯਾਈ ਕਾਫੀ ਗਿਣਤੀ ਵਿਚ ਨਾ ਮਿਲ ਜਾਂਦੇ ਹੋਣ। ਇਸੇ ਇਲਾਕੇ ਦੇ ਨਗਰ ਬਟਾਲੇ ਵਿਚ ਗੁਰੂ ਨਾਨਕ ਦੇਵ ਜੀ ਵਿਆਹੇ ਹੋਏ ਸਨ। ਗੋਇੰਦਵਾਲ ਤੇ ਅੰਮ੍ਰਿਤਸਰ ਨਗਰ ਅਜੇ ਕਾਇਮ ਨਹੀਂ ਸਨ ਹੋਏ। ਕਰਤਾਰਪੁਰੋਂ ਪੰਜਾਹ-ਕੁ ਮੀਲਾਂ ਦੀ ਦੂਰੀ ਤੇ ਖਡੂਰ ਨਗਰ ਵਾਕਿਆ ਸੀ। ਆਪਣੇ ਪ੍ਰਚਾਰਕ ਦੌਰਿਆਂ ਦੌਰਾਨ ਆਪ ਇਸ ਨਗਰ ਦੇ ਅਨੇਕਾਂ ਲੋਕਾਂ ਨੂੰ ਪ੍ਰਮੇਸ਼ਰ ਦੇ ਚਰਨਾਂ ਨਾਲ ਜੋੜ ਚੁਕੇ ਸਨ। ਭਾਈ ਲਹਿਣਾ ਜੀ ਦੀ ਭੂਆ ਬੀਬੀ ਵਿਰਾਈ ਗੁਰੂ ਨਾਨਕ ਦੇਵ ਪਾਤਸ਼ਾਹ ਤੋਂ ਉਪਦੇਸ਼ ਲੈ ਕੇ ਬਹੁਤ ਉਚੀ ਆਤਮਿਕ ਅਵਸਥਾ ਨੂੰ ਹਾਸਲ ਕਰ ਚੁਕੀ ਸੀ। ਖਡੂਰ ਵਿਚ ਹੀ ਭਾਈ ਜੋਧ ਰਹਿੰਦਾ ਸੀ, ਜੋ ਗੁਰੂ ਨਾਨਕ ਦੇਵ ਦਾ ਬਹੁਤ ਸ਼ਰਧਾਲੂ ਸਿੱਖ ਸੀ।

ਪਰਮੇਸ਼ਰ ਦੀ ਕਰਨੀ ਐਸੀ ਹੋਈ ਕਿ ਭਾਈ ਲਹਿਣਾ ਜੀ, ਜੋ ਆਤਮਿਕ ਅਤੇ ਮਾਨਸਿਕ ਤੌਰ ਤੇ ਆਪਣੇ ਆਪ ਨੂੰ ਬਹੁਤ ਖੁੰਝਿਆ-ਖੁੰਝਿਆ ਮਹਿਸੂਸ ਕਰ ਰਹੇ ਸਨ, ਨੂੰ ਇਕ ਦਿਨ ਸਵੇਰ ਵੇਲੇ ਭਾਈ ਜੋਧ ਜੀ ਦੇ ਮੂੰਹੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣਨ ਦਾ ਸਬੱਬ ਬਣ ਗਿਆ। ਇਸ ਸਮੇਂ ਤਕ ਉਹ ਕੇਵਲ ਗੁਰੂ ਨਾਨਕ ਦੇਵ ਜੀ ਦੇ ਨਾਮ ਤੋਂ ਹੀ ਵਾਕਿਫ ਨਹੀਂ ਸਨ, ਬਲਕਿ ਕੁਝ ਸਾਲ ਪਹਿਲਾਂ ਉਹਨਾਂ ਦੇ ਦਰਸ਼ਨ ਭੀ ਬੀਬੀ ਵਿਰਾਈ ਨਾਲ ਖਡੂਰ ਵਿਖੇ ਹੀ ਕਰ ਚੁਕੇ ਸਨ, ਪਰ ਆਪਦਾ ਮਨ ਉਸ ਸਮੇਂ ਗੁਰਮਤਿ ਗ੍ਰਹਿਣ ਕਰ ਸਕਣ ਲਈ ਅਜੇ ਤਿਆਰ ਨਹੀਂ ਸੀ ਹੋਇਆ। ਸਿੱਖ ਇਤਿਹਾਸ ਦੱਸਦਾ ਹੈ ਕਿ ਭਾਈ ਜੋਧ ਦੇ ਮੁੱਖੋਂ ਭਾਈ ਲਹਿਣਾ ਜੀ ਨੇ ਆਸਾ ਕੀ ਵਾਰ ਦੀ ੨੧ਵੀਂ ਪਉੜੀ ਦੀਆਂ ਹੇਠ ਲਿਖੀਆਂ ਤੁਕਾਂ ਦਾ ਪਾਠ ਮਧੁਰ ਸੁਰ ਵਿਚ ਸੁਣਿਆ, ਜੋ ਭਾਈ ਲਹਿਣਾ ਜੀ ਦੇ ਜੀਵਨ ਨੂੰ ਹੀ ਪਲਟਾ ਦੇ ਗਈਆਂ :

ਜਿਤੁ ਸੇਵਿਐ ਸੁਖੁ ਪਾਈਐ, ਸੋ ਸਾਹਿਬੁ ਸਦਾ ਸਮ੍ਾਲੀਐ ॥
ਜਿਤੁ ਕੀਤਾ ਪਾਈਐ ਆਪਣਾ, ਸਾ ਘਾਲ ਬੁਰੀ ਕਿਉ ਘਾਲੀਐ ॥

ਮੰਦਾ ਮੂਲਿ ਨ ਕੀਚਈ, ਦੇ ਲੰਮੀ ਨਦਰਿ ਨਿਹਾਲੀਐ॥
ਜਿਉ ਸਾਹਿਬ ਨਾਲਿ ਨ ਹਾਰੀਐ, ਤੇਵੇਹਾ ਪਾਸਾ ਢਾਲੀਐ॥
ਕਿਛੁ ਲਾਹੇ ਉਪਰਿ ਘਾਲੀਐ ॥੨੧॥ (੪੭੪)

ਉਸ ਵੇਲੇ ਦੇ ਪੰਜਾਬ ਵਿਚ ਬੋਲੀ ਜਾਣ ਵਾਲੀ ਭਾਸ਼ਾ ਵਿਚ ਉਚਾਰੀ ਇਸ ਪਉੜੀ ਦੇ ਅਰਥ ਭਾਵ ਸਮਝਣ ਵਿਚ ਵੀ ਭਾਈ ਲਹਿਣਾ ਜੀ ਨੂੰ ਕੋਈ ਮੁਸ਼ਕਲ ਨਹੀਂ ਸੀ। ਇਹ ਤੁਕਾਂ ਕਿਤਨੀਆਂ ਦਿਲ-ਟੁੰਬਵੀਆਂ ਹਨ, ਜਿਹਨਾਂ ਰਾਹੀਂ ਗੁਰੂ ਨਾਨਕ ਦੇਵ ਜੀ ਸੰਸਾਰ ਦੇ ਹਰ ਮਨੁੱਖ ਨੂੰ ਮਾਇਕ ਮੋਹ ਦੀ ਨੀਂਦਰ ਤੋਂ ਬੜੀ ਜ਼ੋਰਦਾਰ ਆਵਾਜ਼ ਵਿਚ ਜਗਾਉਂਦੇ ਹਨ।ਜਿਸ ਪ੍ਰਮੇਸ਼ਰ ਦਾ ਸਿਮਰਨ ਕਰਨ ਨਾਲ ਮਨੁਖ ਨੂੰ ਸਦਾ ਕਾਇਮ ਰਹਿਣ ਵਾਲਾ ਆਤਮਿਕ ਸੁਖ ਪ੍ਰਾਪਤ ਹੁੰਦਾ ਹੈ।ਉਸ ਮਾਲਕ ਨੂੰ ਸਦਾ ਯਾਦ ਰਖਣਾ ਚਾਹੀਦਾ ਹੈ ਜਦ ਆਪਣੇ ਕੀਤੇ ਸਭ ਕੰਮਾਂ ਦਾ ਫਲ ਆਪ ਹੀ ਭੁਗਤਣਾ ਪੈਣਾ ਹੈ, ਤਾਂ ਕੋਈ ਮਾੜਾ ਕੰਮ ਕੀਤਾ ਹੀ ਕਿਉਂ ਜਾਏ? ਭੈੜਾ ਕੰਮ ਉੱਕਾ ਹੀ ਨਹੀਂ ਕਰਨਾ ਚਾਹੀਦਾ ਤੇ ਹਰ ਕੰਮ ਕਰਨ ਤੋਂ ਪਹਿਲਾਂ ਦੀਰਘ-ਦ੍ਰਿਸ਼ਟੀ ਰਾਹੀਂ ਉਸ ਨਤੀਜੇ ਦਾ ਪਹਿਲਾਂ ਹੀ ਅਨੁਮਾਨ ਲਗਾ ਲੈਣਾ ਚਾਹੀਦਾ ਹੈ, ਮਨੁੱਖਾ ਜੀਵਨ ਰੂਪੀ ਚੌਪੜ ਵਿਚ ਅਜਿਹਾ ਸ਼ੁਭ ਕਰਮ ਰੂਪੀ ਪਾਸਾ ਸਿਟਣਾ ਚਾਹੀਦਾ ਹੈ ਜਿਸ ਨਾਲ ਮਾਲਕ ਪ੍ਰਭੂ ਸਾਹਮਣੇ ਮਨੁੱਖ ਜੀਵਨ ਦੀ ਬਾਜ਼ੀ ਹਾਰ ਕੇ ਨਾ ਜਾਈਏ। ਸਗੋਂ ਇਹ ਮਨੁੱਖਾ ਜੀਵਨ ਹਾਸਲ ਕਰ ਕੇ ਕੋਈ ਨਫ਼ੇ ਵਾਲੀ ਘਾਲਣਾ ਹੀ ਘਾਲਣੀ ਚਾਹੀਦੀ ਹੈ।

ਭਾਈ ਲਹਿਣਾ ਜੀ ਦੀ ਸਾਰੀ ਅੰਦਰਲੀ ਚੇਤਨਾ ਹਿੱਲ ਗਈ।ਆਪ ਸੋਚਣ ਲੱਗੇ ਕਿ ਕੀ ਦੇਵੀ ਦੀਆਂ ਭੇਟਾਂ ਗਾ-ਗਾ ਕੇ ਤੇ ਦੇਵੀ ਦਰਸ਼ਨਾਂ ਦੀ ਯਾਤਰਾਵਾਂ ਦੇ ਗਲਤ ਪਾਸੇ ਸਿੱਟ ਸਿੱਟ ਕੇ ਮਨੁੱਖਾ ਜੀਵਨ ਦੀ ਚੌਪੜ ਵਿਚ ਬਾਜ਼ੀ ਹਾਰ ਕੇ ਤਾਂ ਨਹੀਂ ਜਾ ਰਹੇ ?ਆਪਣੇ ਵਲੋਂ ਕੀਤੇ-ਕਮਾਏ ਸਭ ਕਰਮ-ਕਾਂਡਾਂ ਦੀ ਪਾਇਆਂ ਬਾਰੇ ਆਪਣੇ ਮਨ ਵਿਚ ਪੜਚੋਲ ਕਰਨ ਲਗੇ। ਬਹੁਤ ਪ੍ਰੇਸ਼ਾਨ ਜਿਹੇ ਹੋ ਕੇ ਉਹ ਬੀਬੀ ਵਿਰਾਈ ਕੋਲ ਆਪਣੀ ਮਾਨਸਿਕ ਦਸ਼ਾ ਬਿਆਨ ਕਰਨ ਲਈ ਆ ਪੁਜੇ ਅਤੇ ਸਲਾਹ ਮੰਗੀ।ਆਤਮ-ਦਰਸ਼ੀ ਬੀਬੀ ਨੇ ਪਹਿਲੇ ਹੋ ਚੁਕੇ ਮਿਲਾਪ ਦੀ ਗੱਲ ਵੀ ਚੇਤੇ ਕਰਵਾਈ ਤੇ ਉਪਰੋਕਤ ਬਾਣੀ ਦੇ ਰਚਣਹਾਰ ਗੁਰੂ ਨਾਨਕ ਦੇਵ ਜੀ ਜੋ ਉਹਨਾਂ ਦਿਨਾਂ ਵਿਚ ਕਰਤਾਰਪੁਰ ਸਾਹਿਬ ਟਿਕੇ ਹੋਏ ਸਨ, ਦੇ ਦਰਸ਼ਨ ਕਰਨ ਤੇ ਸਤਿਸੰਗ ਕਰਨ ਦੀ ਸਲਾਹ ਦਿਤੀ।

ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਸੁਣਨ ਦੀ ਇਹ ਘਟਨਾ ਸੰਨ 1532 ਦੀ ਹੈ ਤੇ ਇਹ ਗੱਲ ਇਨ-ਬਿਨ ਉਹਨਾਂ ਦਿਨਾਂ ਦੀ ਸੀ ਜਦ ਅਕਤੂਬਰ-ਨਵੰਬਰ ਦੇ ਮਹੀਨਿਆਂ ਵਿਚ ਦੇਵੀ-ਦਰਸ਼ਨਾਂ ਦੀ ਯਾਤਰਾ ਲਈ ਆਪ ਦੇਵੀ-ਭਗਤਾਂ ਦਾ ਟੋਲਾ ਤਿਆਰ ਕਰ ਚੁਕੇ ਸਨ। ਦੇਵੀ ਭਗਤਾਂ ਦਾ ਟੋਲਾ ਤਾਂ ਤਿਆਰ ਹੋ ਹੀ ਚੁਕਾ ਸੀ ਪਰ ਆਪ ਨੇ ਮਨ ਵਿਚ ਫੈਸਲਾ ਕਰ ਲਿਆ ਕਿ ਇਸ ਵਾਰ ਵੈਸ਼ਨੋ ਦੇਵੀ ਦੀ ਯਾਤਰਾ ਤੇ ਜਾਂਦਿਆਂ ਰਾਹ ਵਿਚ ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਜ਼ਰੂਰ ਕਰਨੇ ਹਨ।

### *ਭਾਈ ਲਹਿਣਾ ਜੀ ਦੀ ਗੁਰੂ ਨਾਨਕ ਸਾਹਿਬ ਨਾਲ ਭੇਂਟ*

ਅਕਤੂਬਰ-ਨਵੰਬਰ ਸੰਨ 1532 ਨੂੰ ਭਾਈ ਲਹਿਣਾ ਜੀ ਆਪਣੇ ਦੇਵੀ-ਭਗਤਾਂ ਦੇ ਟੋਲੇ ਨਾਲ ਜੰਮੂ ਵੱਲ ਨੂੰ ਜਾਂਦੇ ਰਾਹ ਵਿਚ ਕਰਤਾਰਪੁਰ ਲਾਗੇ ਪੁੱਜੇ। ਦੇਵੀ ਭਗਤਾਂ ਦੇ ਟੋਲੇ ਨੇ ਰਾਤ ਨੂੰ ਕਰਤਾਰਪੁਰ ਦੇ ਬਾਹਰਵਾਰ ਡੇਰਾ ਕੀਤਾ, ਭੇਟਾਂ ਗਾਈਆਂ ਤੇ ਭੋਜਨ ਖਾ ਕੇ ਸੌਂ ਗਏ। ਅਗਲੇ ਦਿਨ ਦੇਵੀ ਭਗਤ ਟੋਲਾ ਤਾਂ ਉੱਥੇ ਰੁਕਿਆ ਤੇ ਦੇਵੀ ਭਗਤ ਟੋਲੇ ਦੇ ਆਗੂ ਭਾਈ ਲਹਿਣਾ ਜੀ ਆਪਣੇ ਸਾਥੀਆਂ ਤੋਂ ਕੁਝ ਸਮਾਂ ਮੰਗ ਕੇ ਆਪਣੀ ਘੋੜੀ ਤੇ ਸਵਾਰ ਹੋ ਕੇ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਨ ਲਈ ਕਰਤਾਰਪੁਰ ਨਗਰ ਵਲ ਚੱਲ ਪਏ। ਨਗਰ ਵੱਲ ਥੋੜ੍ਹਾ ਜਿਹਾ ਫਾਸਲਾ ਹੀ ਅਜੇ ਤੈਅ ਹੋਇਆ ਸੀ ਕਿ ਘੋੜੀ ਚੜ੍ਹੇ ਭਾਈ ਲਹਿਣਾ ਜੀ ਨੂੰ ਰਾਹ ਵਿਚ ਸੜਕ ਤੇ ਪੈਦਲ ਜਾਂਦੇ ਗੁਰੂ ਨਾਨਕ ਪਾਤਸ਼ਾਹ ਮਿਲ ਗਏ। ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਨਾ ਪਛਾਣਦਿਆਂ ਹੋਇਆਂ ਉਹਨਾਂ ਤੋਂ ਹੀ ਗੁਰੂ ਨਾਨਕ ਸਾਹਿਬ ਦਾ ਪਤਾ-ਟਿਕਾਣਾ ਜਾ ਪੁਛਿਆ। ਅਗੇ ਗੁਰੂ ਨਾਨਕ ਦੇਵ ਜੀ ਨੇ ਪੈਦਲ ਚਲਦਿਆਂ ਭਾਈ ਲਹਿਣਾ ਜੀ ਨੂੰ ਆਪਣੇ ਬਾਰੇ ਕੁਝ ਦੱਸੇ ਬਿਨਾਂ ਹੀ ਇਹ ਕਹਿ ਦਿਤਾ ਕਿ ਉਹ ਘੋੜੀ ਤੇ ਚੜ੍ਹੇ ਹੋਏ ਉਹਨਾਂ ਦੇ ਪਿਛੇ ਪਿਛੇ ਆਈ ਜਾਣ ਤਾਂ ਕਿ ਉਹ ਗੁਰੂ ਨਾਨਕ ਦੇ ਘਰ ਪੁਚਾਏ ਜਾ ਸਕਣ। ਮੁੱਦਾ ਇਹ ਕਿ ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਪਾਸੋਂ ਪਛਾਣੇ ਨਾ ਗਏ।

### *ਗੁਰੂ ਨਾਨਕ ਦੇਵ ਜੀ ਪਛਾਣੇ ਕਿਉ ਨਾ ਗਏ ?*

ਇਥੇ ਇਕ ਨੁਕਤਾ ਬਹੁਤ ਧਿਆਨ ਮੰਗਦਾ ਹੈ ਕਿ ਭਾਈ ਲਹਿਣਾ ਜੀ ਪਾਸੋਂ ਗੁਰੂ ਨਾਨਕ ਦੇਵ ਜੀ ਪਛਾਣੇ ਕਿਉਂ ਨਾ ਗਏ, ਜਦ ਕਿ ਭਾਈ ਲਹਿਣਾ ਜੀ ਨੇ ਇਕ ਵਾਰ ਪਹਿਲੇ ਭੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਸਨ। ਇਕ ਕਾਰਨ ਤਾਂ ਇਹ ਸੀ ਕਿ ਇਸ ਮੌਕੇ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤਿਆਂ ਨੂੰ ਕਈ ਬਰਸ ਹੋ ਗਏ ਸਨ। ਸੰਨ ੧੫੧੭ ਪਿਛੋਂ ਸੰਨ ੧੫੩੨ ਆ ਗਿਆ ਸੀ। ਫਿਰ ਪਹਿਲੀ ਵਾਰ ਦੇ ਦਰਸ਼ਨ ਕੋਈ ਏਕਾਂਤ-ਚਿੱਤ ਨਾਲ ਨਹੀਂ ਸਨ ਕੀਤੇ ਗਏ। ਪਰ ਸਭ ਤੋਂ ਵੱਡਾ ਕਾਰਨ ਵਖਰਾ ਹੀ ਸੀ ਜੋ ਵਾਸਤਵ ਵਿਚ ਸਿੱਖ ਇਤਿਹਾਸ ਦਾ ਇਕ ਬਹੁਤ ਚਮਕਦਾ ਵਰਕਾ ਬਣਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਇਸ ਸਮੇਂ ਤੱਕ ਆਪਣੇ ਦੌਰਿਆਂ ਤੋਂ ਲਗਪਗ ਵਿਹਲੇ ਹੋ ਚੁਕੇ ਸਨ। ਆਪ ਜਿਥੇ ਵੀ ਗਏ, ਜਿਸ ਵੀ ਧਾਰਮਿਕ ਆਗੂ ਜਾਂ ਮਨੁਖ ਨੂੰ ਮਿਲੇ ਸਨ, ਉਸਦੇ ਹਿਰਦੇ ਵਿਚ ਆਪਣੀ ਅਤਿ ਪਵਿੱਤਰ ਅਤੇ ਮਹਾਨ ਉੱਚੀ ਸ਼ਖ਼ਸੀਅਤ ਦੀ ਬਹੁਤ ਡੂੰਘੀ ਛਾਪ ਛੱਡ ਚੁਕੇ ਸਨ। ਆਪ ਕੋਈ ਸਾਧਾਰਨ ਮਹਾਤਮਾ ਤਾਂ ਸਨ ਨਹੀਂ। ਕਿਆ ਜੋਗੀ, ਕਿਆ ਬ੍ਰਾਹਮਣ ਤੇ ਕਿਆ ਮੁਲਾਂ-ਮੁਲਾਣੇ ਸਭ ਆਪ ਵਲੋਂ ਦਿੱਤੀਆਂ ਸੋਧਾਂ ਨਾਲ ਬਹੁਤ ਕਾਇਲ ਹੋਏ ਸਨ। ਇਹ ਸਭ ਕੁਝ ਹੋਣ ਦੇ ਬਾਵਜੂਦ ਗੁਰੂ ਨਾਨਕ

ਪਾਤਸ਼ਾਹ ਲੋਕਾਂ ਤੋਂ ਆਪਣੀ ਸ਼ਖ਼ਸੀ ਪੂਜਾ ਉੱਕਾ ਹੀ ਨਹੀਂ ਕਰਵਾਣਾ ਚਾਹੁੰਦੇ ਸਨ ਤੇ ਨਾ ਹੀ ਉਹਨਾਂ ਕਦੀ ਆਪਣੀ ਨਿੱਜੀ ਪੂਜਾ ਕਿਸੇ ਪਾਸੋਂ ਕਰਾਈ ਹੀ ਸੀ। ਆਪਣੀ ਸ਼ਖ਼ਸੀ ਪੂਜਾ ਕਰਾਉਣ ਦੀ ਖਾਹਿਸ਼ ਵਾਲੇ ਮਹਾਤਮਾਵਾਂ ਨੂੰ ਸਦਾ ਖਾਸ-ਖਾਸ ਭੇਖ ਜਾਂ ਲਿਬਾਸ ਧਾਰਨ ਕਰਨ ਦੀ ਲੋੜ ਰਹਿੰਦੀ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਨਿਜ ਦੀ ਸ਼ਖ਼ਸੀ ਪੂਜਾ ਕਰਾਉਣ ਵਾਲੇ ਸਾਧਾਂ-ਸੰਤਾਂ ਅਤੇ ਦੇਹਧਾਰੀ ਗੁਰੂਆਂ ਨੂੰ ਵੰਨ-ਸੁਵੰਨੇ ਭੇਖਾਂ-ਲਿਬਾਸਾਂ ਦੀ ਲੋੜ ਅਵੱਸ਼ ਰਹੇਗੀ। ਇਸ ਦੇ ਉਲਟ ਗੁਰੂ ਨਾਨਕ ਸਾਹਿਬ ਨੇ ਕਰਤਾਰਪੁਰ ਵਿਖੇ ਆਪਣੀ ਉਮਰ ਦੇ ਜੋ ਆਖਰੀ 18 ਕੁ ਸਾਲ ਬਿਤਾਏ ਸਨ, ਉਹ ਕਿਸੇ ਸਾਧ-ਬਾਣੇ ਦੀ ਥਾਂ, ਇਕ ਸਾਧਾਰਨ ਪੰਜਾਬੀ ਕਿਰਸਾਣ ਜਾਂ ਘਰ ਗ੍ਰਿਹਸਤੀ ਵਾਲੇ ਕਿਰਤੀ ਦੇ ਰੂਪ ਵਿਚ ਹੀ ਬਿਤਾਏ ਸਨ। ਉਥੇ ਨਾ ਗੋਲ ਪੋਚਵੀਂ ਪੇਚਦਾਰ ਪੱਗ ਸੀ, ਨਾ ਲੰਮਾ ਝੱਗਾ ਜਾਂ ਚੋਗਾ, ਨਾ ਭਗਵੇਂ ਆਦਿ ਰੰਗਾਂ ਦੇ ਬਸਤਰ ਸਨ ਤੇ ਨਾ ਮਾਲਾ, ਬੈਰਾਗਣ ਦਾ ਵਿਖਾਵਾ ਸੀ, ਉਥੇ ਨਾ ਖੜਾਵਾਂ ਨਾਲ ਪੈਲਾਂ ਪਾਣ ਦੀ ਲੋੜ ਸੀ ਤੇ ਨਾ ਵਿਸ਼ੇਸ਼ ਭਾਂਤ ਦੇ ਤਿਲਕ ਹੀ ਮੱਥੇ ਤੇ ਲਾਉਣ ਦੀ ਲੋੜ ਸਮਝੀ ਗਈ ਸੀ। ਇਹੋ ਕਾਰਨ ਸੀ ਕਿ ਭਾਈ ਲਹਿਣਾ ਜੀ ਇਸ ਭੇਂਟ ਜਾਂ ਮੁਲਾਕਾਤ ਸਮੇਂ ਗੁਰੂ ਨਾਨਕ ਦੇਵ ਜੀ ਨੂੰ ਪਛਾਣ ਨਹੀਂ ਸਨ ਸਕੇ। ਜੇ ਗੁਰੂ ਨਾਨਕ ਦੇਵ ਜੀ ਹੋਰਨਾਂ ਭੇਖੀ ਸਾਧਾਂ ਦੀ ਤਰ੍ਹਾਂ ਕਿਸੇ ਉਚੇਚੇ ਭੇਖ ਵਿਚ ਹੁੰਦੇ ਤਾਂ ਭਾਈ ਲਹਿਣਾ ਜੀ ਨੂੰ ਪਛਾਣਨ ਵਿਚ ਕੋਈ ਭੁਲੇਖਾ ਲੱਗਣ ਦੀ ਕੋਈ ਸੰਭਾਵਨਾ ਨਹੀਂ ਸੀ।

ਭਾਈ ਲਹਿਣਾ ਜੀ ਘੋੜੀ ਤੇ ਚੜ੍ਹੇ ਹੀ ਅਗੇ ਅਗੇ ਤੁਰ ਰਹੇ ਗੁਰੂ ਨਾਨਕ ਪਾਤਸ਼ਾਹ ਦੇ ਪਿੱਛੇ-ਪਿੱਛੇ ਜਾ ਰਹੇ ਸਨ। ਜਦ ਦੋਨੋਂ ਗੁਰੂ ਨਾਨਕ ਦੇਵ ਜੀ ਦੀ ਧਰਮਸਾਲ ਵਾਲੀ ਥਾਂ ਤੇ ਪੁੱਜੇ ਤਾਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਘੋੜੀ ਕਿੱਲੇ ਨਾਲ ਬੰਨ੍ਹ ਕੇ ਅੰਦਰ ਆਉਣ ਦੀ ਪ੍ਰੇਰਨਾ ਕੀਤੀ। ਜਦ ਭਾਈ ਲਹਿਣਾ ਜੀ ਨੂੰ ਅੰਦਰ ਜਾ ਕੇ ਪਤਾ ਚਲਿਆ ਕਿ ਘੋੜੀ ਅਗੇ ਪੈਦਲ ਤੁਰਨ ਵਾਲੇ ਮਹਾਨ ਵਿਅਕਤੀ ਹੀ ਗੁਰੂ ਨਾਨਕ ਦੇਵ ਜੀ ਹਨ, ਆਪ ਕੰਬ ਗਏ। ਆਪ ਮਨ ਵਿਚ ਬਹੁਤ ਸ਼ਰਮਸਾਰ ਅਤੇ ਪਰੇਸ਼ਾਨ ਹੋ ਰਹੇ ਸਨ ਕਿ ਉਹਨਾਂ ਨੇ ਆਪ ਘੋੜੀ ਤੇ ਚੜ੍ਹ ਕੇ ਗੁਰੂ ਨਾਨਕ ਦੇਵ ਜੀ ਨੂੰ ਅੱਗੇ-ਅੱਗੇ ਤੁਰਨ ਦਾ ਮੌਕਾ ਕਿਉਂ ਦਿਤਾ। ਇਹ ਸ਼ਿਸ਼ਟਾਚਾਰ ਦੇ ਉਲਟ ਅਤੇ ਗੁਰੂ ਨਾਨਕ ਦੇਵ ਜੀ ਦੀ ਬੇਅਦਬੀ ਕਰਨ ਤੁੱਲ ਸੀ। ਇਤਿਹਾਸ ਵਿਚ ਜ਼ਿਕਰ ਹੈ ਕਿ ਇਸ ਮੌਕੇ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਪਾਸੋਂ ਉਹਨਾਂ ਦਾ ਨਾਮ ਪੁਛਿਆ। "ਲਹਿਣਾ" ਦੱਸਣ ਤੇ ਗੁਰੂ ਨਾਨਕ ਦੇਵ ਜੀ ਨੇ ਬਹੁਤ ਪਿਆਰ ਨਾਲ ਬਚਨ -ਬਿਲਾਸ ਵਿਚ ਕਹਿ ਦਿਤਾ ਕਿ ਭਾਈ! ਮਨ ਵਿਚ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ। ਨਾਮ ਅਨੁਸਾਰ ਤੁਸੀਂ ਸਾਥੋਂ ਲੈਣ ਵਾਲੇ ਹੋ ਤੇ ਲਹਿਣੇਦਾਰ ਸਦਾ ਘੋੜੀਆਂ ਤੇ ਚੜ੍ਹ ਕੇ ਹੀ ਆਇਆ ਕਰਦੇ ਹਨ।

ਭਾਈ ਲਹਿਣਾ ਜੀ ਗੁਰੂ ਨਾਨਕ ਪਾਤਸ਼ਾਹ ਦੇ ਪਿਆਰ ਭਰੇ ਅੰਮ੍ਰਿਤ ਬਚਨਾਂ ਤੋਂ ਇਤਨੇ ਪ੍ਰਭਾਵਤ ਹੋਏ ਕਿ ਉਹਨਾਂ ਨੇ ਹੁਣ ਸਦਾ ਲਈ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ

ਵਿਚ ਹੀ ਰਹਿਣ ਦਾ ਮਨ ਬਣਾ ਲਿਆ। ਹੁਣ ਦੇਵੀ ਦੀਆਂ ਭੇਟਾਂ ਤੇ ਤੀਰਥ-ਯਾਤਰਾਵਾਂ ਦੇ ਸਾਧਨ ਆਪ ਨੂੰ ਨਿਰੱਰਥਕ ਲੱਗਣ ਲੱਗ ਪਏ ਸਨ। ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਉਪਦੇਸ਼ ਨਾਲ ਆਪ ਦੇ ਮਨ ਦੇ ਸਭ ਸੰਸੇ ਸਦਾ ਲਈ ਖਤਮ ਕਰ ਕੇ ਆਪ ਨੂੰ ਪ੍ਰਮੇਸ਼ਰ ਨਾਲ ਜੁੜਨ ਦਾ ਅਸਲ ਸੱਚਾ ਮਾਰਗ ਸੁਝਾ ਦਿਤਾ ਸੀ। ਉਹਨਾਂ ਨੇ ਦੇਵੀ-ਭਗਤਾਂ ਦੇ ਟੋਲੇ ਨੂੰ ਭੀ ਜਾ ਕੇ ਇਹ ਗੱਲ ਸਾਫ਼-ਸਾਫ਼ ਦਸ ਦਿਤੀ ਸੀ ਕਿ ਉਹ ਆਤਮਿਕ ਤੌਰ ਤੇ ਜਿਸ ਚੀਜ਼ ਤੋਂ ਅੱਜ ਤੱਕ ਖੁੰਝੇ ਹੋਏ ਸਨ, ਉਹ ਉਹਨਾਂ ਨੂੰ ਹੁਣ ਮਿਲ ਚੁੱਕੀ ਹੈ। ਲਿਹਾਜ਼ਾ ਹੁਣ ਤੋਂ ਉਹ ਦੇਵੀ-ਦੇਵਤਿਆਂ ਦੇ ਚੱਕਰ ਵਿਚ ਨਾ ਪੈ ਸਕਣਗੇ ਤੇ ਰਹਿੰਦਾ ਜੀਵਨ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਚ ਰਹਿ ਕੇ ਸਿੱਖੀ ਦੀ ਘਾਲ ਕਮਾਈ ਹੀ ਕਰਨਗੇ।

**ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥** (੯੬੭)

ਬਲਵੰਡ ਜੀ ਨੇ ਗੁਰੂ ਗਰੰਥ ਸਾਹਿਬ ਦੇ ਰਾਮਕਲੀ ਰਾਗ ਵਿਚ ਦਰਜ "ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ" ਦੇ ਸਿਰਲੇਖ ਵਾਲੀ ਵਾਰ ਵਿਚ ਗੁਰੂ ਅੰਗਦ ਦੇਵ ਜੀ ਬਾਰੇ ਉਪਰੋਕਤ ਗੱਲ ਕਹਿ ਕੇ ਜਾਣੋਂ ਕੁੱਜੇ ਵਿਚ ਸਮੁੰਦਰ ਬੰਦ ਕਰ ਦਿਤਾ ਹੈ। ਬਲਵੰਡ ਜੀ ਫ਼ਰਮਾਉਂਦੇ ਹਨ ਕਿ ਗੁਰੂ ਅੰਗਦ ਦੇਵ ਜੀ ਨੇ ਮਰਦਾਂ ਵਾਲੀ (ਭਾਵ, ਕਠਿਨ ਤੇ ਕਰੜੀ) ਘਾਲ ਘਾਲੀ ਸੀ, ਤਾਂ ਹੀ ਉਹ ਆਪਣੇ ਸਤਿਗੁਰੂ ਗੁਰੂ ਨਾਨਕ ਦੇ ਦਰ ਤੇ ਕਬੂਲ ਹੋਏ ਸਨ।

ਭਾਈ ਲਹਿਣਾ ਜੀ ਨੂੰ ਲਗਪਗ ਸੱਤ ਸਾਲ ਗੁਰੂ ਨਾਨਕ ਦੇਵ ਜੀ ਦੀ ਸੰਗਤ ਹਾਸਲ ਰਹੀ। ਇਸ ਦੌਰਾਨ ਸੈਂਕੜੇ ਘਟਨਾਵਾਂ ਵਾਪਰੀਆਂ ਜਿਹਨਾਂ ਵਿਚੋਂ ਕੇਵਲ ਕੁਝ ਘਟਨਾਵਾਂ ਦਾ ਥਹੁ-ਪਤਾ ਹੀ ਸਿੱਖ ਇਤਿਹਾਸ ਦਿੰਦਾ ਹੈ। ਇਹ ਘਟਨਾਵਾਂ ਗੁਰਮਤਿ ਦੇ ਕਈ ਪੱਖਾਂ ਤੇ ਚਾਨਣਾ ਪਾਉਂਦੀਆਂ ਹੋਈਆਂ ਇਕ ਪਾਸੇ ਤਾਂ ਭਾਈ ਲਹਿਣਾ ਜੀ ਦੀ ਅਦੁਤੀ ਤੇ ਲਾਜਵਾਬ ਸ਼ਖਸੀਅਤ ਦੇ ਗੁਣਾਂ ਨੂੰ ਉਘਾੜਦੀਆਂ ਹਨ ਤੇ ਦੂਜੇ ਪਾਸੇ ਗੁਰੂ ਨਾਨਕ ਦੇਵ ਜੀ ਦੇ ਮੱਤ ਵਾਲੇ ਗੁਣ ਭਾਈ ਲਹਿਣਾ ਜੀ ਨੇ ਕਿਵੇਂ ਆਪਣੀ ਆਚਰਨਕ ਉਸਾਰੀ ਵਿਚ ਤੇਜ਼ੀ ਨਾਲ ਗ੍ਰਹਿਣ ਕਰ ਲਏ, ਇਸ ਪੱਖ ਨੂੰ ਭੀ ਭਲੀ-ਭਾਂਤ ਉਜਾਗਰ ਕਰਦੀਆਂ ਹਨ।

ਇਥੇ ਇਕ ਦੋ ਵਿਸ਼ੇਸ਼ ਨੁਕਤੇ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਨੇ ਜ਼ਰੂਰੀ ਸਮਝਦੇ ਹਾਂ। ਪਹਿਲਾ ਇਹ ਕਿ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੇ ਮੇਲ ਤੋਂ ਪਹਿਲਾਂ ਵਰਨ-ਆਸ਼ਰਮੀ ਮੱਤ ਦੇ ਹੀ ਪੈਰੋਕਾਰ ਸਨ, ਜੋ ਸਿਮ੍ਰਤੀਆਂ ਦੀ ਪੈਦਾਵਾਰ ਸੀ। ਇਸ ਮੱਤ ਦੀਆਂ ਕੁਝ ਖਾਸ ਵਿਸ਼ੇਸ਼ਤਾਈਆਂ ਸਨ ਅਤੇ ਇਸ ਮੱਤ ਦੇ ਅਵਿਲੰਬੀਆਂ (ਪੈਰੋਕਾਰਾਂ) ਦੇ ਕਰੈਕਟਰ ਵਿਚ ਸੁਤੇ ਹੀ ਉਹ ਵਿਸ਼ੇਸ਼ਤਾਈਆਂ ਆਪਣਾ ਜਲਵਾ ਦਿੰਦੀਆਂ ਸਨ। ਯਥਾ ਇਸ ਮੱਤ ਦੇ ਧਾਰਨੀ ਬ੍ਰਾਹਮਣ, ਖਤਰੀ ਆਦਿ ਆਪਣੇ ਆਪ ਨੂੰ ਸਮਾਜ ਦੇ ਕਾਮੇ-ਕਿਰਤੀ ਵਰਗ ਤੋਂ, ਜਿਸ ਦਾ ਨਾਮ ਇਹਨਾਂ 'ਸ਼ੂਦਰ' ਕਰ ਕੇ ਰਖਿਆ ਸੀ, ਬਹੁਤ ਉਚਾ ਅਤੇ ਸੁੱਚਾ ਸਮਝਦੇ ਸਨ ਤੇ ਸ਼ੂਦਰਾਂ ਨਾਲ ਨਫਰਤ ਕਰਦਿਆਂ ਇਸ

ਹੱਦ ਤਕ ਅਗੇ ਵਧ ਜਾਂਦੇ ਸਨ ਕਿ ਉਹਨਾਂ ਨਾਲ ਵਰਤੋਂ-ਵਿਹਾਰ ਤਾਂ ਕਿਤੇ ਰਿਹਾ, ਉਹਨਾਂ ਦੀ ਛੁਹ ਤੱਕ ਤੋਂ ਬਚਣ ਦਾ ਯਤਨ ਕਰਦੇ ਸਨ। ਸੁੱਚ-ਭਿੱਟ ਦੇ ਭਰਮ ਬਿਨਾ ਇਸ ਮੱਤ ਦਾ ਧਾਰਨੀ ਆਪਣੀ ਸਾਧਨਾ ਕਰ ਹੀ ਨਹੀਂ ਸਕਦਾ। ਅੱਡ ਅੱਡ ਤੀਰਥਾਂ ਤੇ ਜਾ ਕੇ ਵੰਨ-ਸੁਵੰਨੇ ਜਲਾਂ ਵਿਚ ਇਸ਼ਨਾਨ ਕਰਦੇ ਫਿਰਨਾ ਤੇ ਭਾਂਤ-ਸੁਭਾਂਤੇ ਮੰਦਰਾਂ ਦੇ ਦਰਸ਼ਨਾਂ ਨੂੰ ਧਾਈਆਂ ਕਰਦੇ ਰਹਿਣਾ ਇਸ ਮੱਤ ਦੇ ਸ਼ਰਧਾਲੂਆਂ ਦਾ ਮਨ ਭਾਉਂਦਾ ਸ਼ੌਕ ਹੈ। ਫਿਰ ਇਹ ਸ਼ਰਧਾਲੂ ਜਿਵੇਂ ਜਿਵੇਂ ਆਪਣੇ ਮੱਤ ਵਲੋਂ ਦਰਸਾਈ ਸਾਧਨਾ (ਗਿਣੇ ਮਿਥੇ ਤੋਤਾਰਟਨੀ ਪਾਠ ਕਰਨੇ-ਕਰਵਾਣੇ, ਵੇਦਾਂ-ਸ਼ਾਸਤਰਾਂ ਦੇ ਭਾੜੇ ਉਤੇ ਪਾਠ ਕਰਵਾ ਕੇ ਬਿਨਾਂ ਸੁਣੇ, ਬਿਨਾਂ ਵਿਚਾਰੇ ਤੇ ਬਿਨਾਂ ਮੰਨੇ ਮਹਾਤਮ ਹਾਸਲ ਕਰ ਲੈਣ ਲਈ ਤਤਪਰ ਰਹਿਣਾ, ਨਿਉਲੀ ਕਰਮ ਕਰਨੇ, ਮੋਨ ਧਾਰਨੇ, ਵਰਤ ਰਖਣੇ, ਪੂਜਾ ਅਰਚਾ ਤੇ ਡੰਡਉਤ ਦੇ ਨਾਟਕ ਕਰਨੇ, ਖ਼ਾਸ-ਖ਼ਾਸ ਦਿਨਾਂ ਤੇ ਖ਼ਾਸ-ਖ਼ਾਸ ਅਸਥਾਨਾਂ ਤੇ ਬ੍ਰਾਹਮਣਾਂ ਨੂੰ ਦਾਨ ਦੇਣੇ, ਕਿਸੇ ਥਾਂ ਨੂੰ ਭਾਰਾ, ਕਿਸੇ ਨੂੰ ਪਵਿੱਤਰ ਮੰਨਣਾ ਤੇ ਇਸੇ ਤਰ੍ਹਾਂ ਪੁੰਨਿਆ, ਮਸਿਆ ਅਤੇ ਸੰਗਰਾਂਦ ਆਦਿਕ ਕੁਝ ਖ਼ਾਸ ਦਿਨਾਂ ਨੂੰ ਵਿਸ਼ੇਸ਼ ਕਰ ਕੇ ਮੰਨਣਾ ਤੇ ਉਹਨਾਂ ਦਿਨਾਂ ਵਿਚ ਕੁਝ ਵਿਸ਼ੇਸ਼ ਕਰਮ-ਕਾਂਡ ਪੂਰੇ ਕਰਨੇ, ਜਨੇਊ ਧਾਰਨ ਕਰਨਾ, ਵੰਨ-ਸੁਵੰਨੇ ਤਿਲਕ ਮੱਥੇ ਤੇ ਸਜਾਉਣੇ, ਰਸੋਈ ਦੀ ਸੁੱਚਮ ਨੂੰ ਮੁਖ ਰੱਖ ਕੇ ਕਾਰਾਂ ਕਢਣੀਆਂ ਆਦਿ) ਵਿਚ ਪਰਿਪੱਕ ਹੁੰਦਾ ਜਾਂਦਾ ਹੈ, ਤਿਵੇਂ-ਤਿਵੇਂ ਉਸ ਦੇ ਮਨ ਵਿੱਚ ਸੁੱਚ ਭਿੱਟ ਦਾ ਭੇਦ-ਭਾਵ ਹੋਰ ਦ੍ਰਿੜ ਹੁੰਦਾ ਜਾਂਦਾ ਹੈ, ਉਸ ਦਾ ਹੰਕਾਰ ਵਧਦਾ ਜਾਂਦਾ ਹੈ ਤੇ ਉਹ ਸ਼ੂਦਰਾਂ ਨੂੰ ਬਹੁਤ ਨੀਵਾਂ ਸਮਝਦਿਆਂ ਉਹਨਾਂ ਤੋਂ ਹੱਦੋਂ ਵੱਧ ਨਫ਼ਰਤ ਕਰਨ ਲੱਗ ਜਾਂਦਾ ਹੈ। ਧਰਮ ਦੇ ਨਾਮ ਤੇ ਅਧਰਮ ਕਮਾਉਣ ਦੀਆਂ ਇਹ ਹਰਕਤਾਂ ਅਸਲ ਵਿਚ ਧਰਮ ਦਾ ਮਖੌਲ ਉਡਾਉਣ ਤੁੱਲ ਹਨ।

ਇਸ ਵਿਚ ਸ਼ੱਕ ਨਹੀਂ ਕਿ ਵਰਨ-ਆਸ਼ਰਮੀ ਸਿਧਾਂਤਾਂ ਨੂੰ ਇਤਨੇ ਅਰਸੇ ਤਕ ਮੰਨਣ ਦੇ ਬਾਵਜੂਦ ਉਹ ਇਹਨਾਂ ਤੋਂ ਅਜੇ ਪੂਰੀ ਤਰ੍ਹਾਂ ਕਾਇਲ ਨਹੀਂ ਸਨ ਹੋਏ। ਉਹ ਆਪਣੇ ਮਨ ਵਿਚ ਇਹਨਾਂ ਦੀ ਅਸਾਰਤਾ ਨੂੰ ਜ਼ਰੂਰ ਮਹਿਸੂਸ ਕਰ ਰਹੇ ਸਨ ਅਤੇ ਸੱਚੇ ਮਾਰਗ ਦੀ ਤਾਂਘ ਭੀ ਰਖਦੇ ਸਨ। ਪਰ ਅਰਸੇ ਤਕ ਇਸ ਰਸਤੇ ਉਤੇ ਤੁਰਦੇ ਰਹਿਣ ਕਾਰਨ ਤੇ ਇਹ ਮੱਤ ਆਪਣੇ ਬਜ਼ੁਰਗਾਂ ਤੋਂ ਵਿਰਸੇ ਵਿਚ ਹਾਸਲ ਕੀਤਾ ਹੋਣ ਕਾਰਣ ਉਹ ਅਮਲੀ ਅਤੇ ਬੌਧਿਕ ਤੌਰ ਤੇ ਵਰਨ ਆਸ਼ਰਮੀ ਮੱਤ ਦੇ ਰੰਗ ਵਿਚ ਰੰਗੇ ਹੋਏ ਸਨ ਤੇ ਉਸੇ ਦੇ ਵਿਸ਼ਵਾਸਾਂ ਨੂੰ ਮਨ ਵਿਚ ਜਮਾਈ ਬੈਠੇ ਸਨ। ਗੁਰੂ ਨਾਨਕ ਦੇਵ ਜੀ ਨੇ ਅਮਲੀ ਤੌਰ ਤੇ ਭਾਈ ਲਹਿਣਾ ਜੀ ਨੂੰ ਪਹਿਲੀ ਸੋਚਣੀ, ਪਹਿਲੇ ਵਿਸ਼ਵਾਸਾਂ ਤੇ ਪਹਿਲੀ ਜੀਵਨ-ਜੁਗਤੀ ਤੋਂ ਨਜ਼ਾਤ ਦੁਆਉਣੀ ਸੀ।

ਗੁਰੂ ਨਾਨਕ ਦੇਵ ਜੀ ਤੇ ਭਾਈ ਲਹਿਣਾ ਜੀ ਦੇ ਇਸ ਸੱਤ-ਸਾਲਾਂ ਮਿਲਾਪ ਦੇ ਦੌਰਾਨ ਘਟੀਆਂ ਘਟਨਾਵਾਂ ਇਕ ਹੋਰ ਬਹੁਤ ਹੀ ਅਹਿਮ ਨੁਕਤਾ ਬਹੁਤ ਚੰਗੇ ਢੰਗ ਨਾਲ ਉਘਾੜਦੀਆਂ ਹਨ। ਭਾਈ ਲਹਿਣਾ ਜੀ ਤੋਂ ਪਹਿਲੇ ਭੀ ਲੱਖਾਂ ਜਗਿਆਸੂ ਗੁਰੂ ਨਾਨਕ ਦੇਵ ਜੀ ਕੋਲੋਂ ਆਤਮਿਕ ਰਾਹ-ਨੁਮਾਈ ਹਾਸਲ ਕਰ ਚੁਕੇ ਸਨ। ਉਹਨਾਂ ਵਿਚੋਂ

ਅਨੇਕਾਂ ਹੀ ਗੁਰੂ ਨਾਨਕ ਪਾਤਸ਼ਾਹ ਦੇ ਪੁੱਜ ਕੇ ਸ਼ਰਧਾਲੂ ਸਨ ਅਤੇ ਉਹਨਾਂ ਦੇ ਹੁਕਮਾਂ ਨੂੰ ਪੂਰੀ ਤਰ੍ਹਾਂ ਪਾਲਦੇ ਤੇ ਉਹਨਾਂ ਉਤੇ ਪੂਰਨ ਯਕੀਨ ਰਖਦੇ ਸਨ। ਗੁਰਸਿਖੀ ਦਾ ਸਭ ਤੋਂ ਵਧ ਮੌਲਿਕ ਜਾਂ ਬੇਸਿਕ ਸਿਧਾਂਤ ਤਾਂ ਇਹੋ ਹੈ ਕਿ ਸਿੱਖ, ਸਤਿਗੁਰੂ ਦੇ ਹੁਕਮਾਂ ਨੂੰ ਪੂਰੀ ਤਰ੍ਹਾਂ ਸ਼ਰਧਾ ਭਾਵਨਾ ਨਾਲ ਸਤਿ-ਸਤਿ ਕਰ ਕੇ ਮੰਨੇ ਤੇ ਬਿਨਾਂ ਹੀਲ-ਹੁੱਜਤ ਭਾਵਨਾ-ਭਗਤੀ ਸਹਿਤ ਆਪਣੇ ਜੀਵਨ ਦੇ ਅਮਲ ਵਿਚ ਉਤਾਰੇ। ਗੁਰੂ ਨਾਨਕ ਦੇਵ ਜੀ ਦੇ ਅਨੇਕਾਂ ਸ਼ਰਧਾਲੂ ਸਿੱਖਾਂ ਨੇ ਆਪਣੇ-ਆਪਣੇ ਵਿੱਤ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਹੁਕਮਾਂ ਨੂੰ ਅਮਲੀ ਜੀਵਨ ਵਿਚ ਉਤਾਰਿਆ ਤੇ ਸ਼ਰਧਾ ਭਗਤੀ ਨਾਲ ਮੰਨਿਆ ਪਰ ਇਸ ਮਾਮਲੇ ਤੇ ਹੁਕਮ ਮੰਨਣ ਦੇ ਸਿਧਾਂਤ ਦੀ ਜੋ ਆਦਰਸ਼ਕ ਅਮਲੀ ਵਿਆਖਿਆ ਭਾਈ ਲਹਿਣਾ ਜੀ ਨੇ ਕਰ ਕੇ ਦੱਸੀ, ਉਸ ਦਾ ਹੋਰਥੇ ਜੁਆਬ ਨਹੀਂ ਮਿਲਦਾ।

ਸ਼ਰਧਾ-ਭਗਤੀ ਨਾਲ ਗੁਰੂ ਦੇ ਹੁਕਮਾਂ ਨੂੰ ਪੂਰਨ ਤਨ-ਦੇਹੀ ਨਾਲ ਮੰਨਣ ਦਾ ਜੋ ਆਦਰਸ਼ ਭਾਈ ਲਹਿਣਾ ਜੀ ਨੇ ਪੇਸ਼ ਕੀਤਾ, ਉਸ ਨੇ ਸਾਰੇ ਮਗਰਲੇ ਸਿੱਖ ਇਤਿਹਾਸ ਵਿਚ ਸਿੱਖਾਂ ਦੀ ਕਰੈਕਟਰ ਉਸਾਰੀ ਵਿਚ ਮਹਾਨ ਰੋਲ ਅਦਾ ਕੀਤਾ। ਇਉਂ ਲਗਦਾ ਹੈ ਜਿਵੇਂ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਹੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਦੇ ਹੁਕਮ ਮੰਨਣ ਵਾਲੇ ਬੇਸਿਕ ਸਿਧਾਂਤ ਨੂੰ ਸਮੂਹ ਸਿੱਖ ਜਗਤ ਪ੍ਰਤੀ ਅਮਲੀ ਅਤੇ ਆਦਰਸ਼ਕ ਰੂਪ ਵਿਚ ਸਮਝਾਉਣ ਲਈ ਹੀ ਇਹ ਸਭ ਕੁਝ ਕੀਤਾ ਹੋਵੇ।

ਉਹਨਾਂ ਘਟਨਾਵਾਂ ਦਾ ਜ਼ਿਕਰ ਕਰਨ ਤੋਂ ਪਹਿਲੇ ਹੁਕਮ ਮੰਨਣ ਦੇ ਸਿੱਖ ਸਿਧਾਂਤ ਉਤੇ ਚੰਦ ਅੱਖਰ ਲਿਖਣੇ ਜ਼ਰੂਰੀ ਸਮਝਦੇ ਹਾਂ। ਸਾਡੇ ਵਿਚੋਂ ਬੇਸ਼ੁਮਾਰ ਬੰਦਿਆਂ ਨੇ ਸੰਸਾਰ ਦੀ ਸਭ ਤੋਂ ਉਚੀ ਪਰਬਤ ਚੋਟੀ ਐਵਰੈਸਟ ਅੱਖੀਂ ਨਹੀਂ ਦੇਖੀ ਪਰ ਉਸ ਬਾਰੇ ਕੁਝ ਸਮਝਣ ਲਈ ਜ਼ਰੂਰੀ ਹੈ ਕਿ ਜਿਸ ਨੇ ਉਹ ਚੋਟੀ ਅੱਖੀਂ ਦੇਖੀ ਹੈ, ਉਸ ਉਤੇ ਯਕੀਨ ਕੀਤਾ ਜਾਵੇ। ਸਮੁੰਦਰਾਂ ਦੀ ਡੂੰਘਾਈ ਬਾਰੇ ਗਿਆਨ ਹਾਸਲ ਕਰਨ ਲਈ ਉਨ੍ਹਾਂ ਲੋਕਾਂ ਉਤੇ ਯਕੀਨ ਕਰਨਾ ਹੀ ਬਣਦਾ ਹੈ ਜਿਹਨਾਂ ਨੇ ਮਿਹਨਤ ਕਰ ਕੇ ਸਮੁੰਦਰਾਂ ਦੇ ਉਦਰ (ਪੇਟ) ਦੀ ਪੜਤਾਲ ਕਰ ਲਈ ਹੈ। ਜੇ ਪਹਿਲੀ ਦੂਜੀ ਕਲਾਸ ਦਾ ਬੱਚਾ ਅਧਿਆਪਕ ਦੀ ਹਦਾਇਤ ਤੇ ਉਸ ਦੇ ਹੁਕਮ ਮੁਤਾਬਕ ਪਹਾੜੇ ਯਾਦ ਕਰਨ ਲਈ ਬਾਰ ਬਾਰ ਰੱਟਾ ਨਾ ਲਗਾਏ ਤੇ ਕੁਤਰਕ ਕਰਦਾ ਰਹੇ, ਤਾਂ ਉਹ ਅਗੇ ਚੱਲ ਕੇ ਹਿਸਾਬ ਦੀ ਵਿਦਿਆ ਦੇ ਅਤੀ ਬਿਖਮ ਫ਼ਾਰਮੂਲੇ ਕਿਵੇਂ ਸਮਝ ਤੇ ਜਾਣ ਸਕੇਗਾ ? ਗੁਰਮੁਖੀ ਵਰਣਮਾਲਾ ਦੇ ਕੁੱਲ ਅੱਖਰ 35-40 ਹੀ ਹਨ ਤੇ ਅੰਗਰੇਜ਼ੀ ਵਰਣ-ਮਾਲਾ ਦੇ ਕੁੱਲ 26 ਅੱਖਰ ਹਨ। ਜੇ ਵਿਦਿਆਰਥੀ, ਅਧਿਆਪਕ ਦੇ ਹੁਕਮ ਮੁਤਾਬਕ ਇਹਨਾਂ ਅੱਖਰਾਂ ਦੀ ਮਿਹਨਤ ਨਾਲ ਪੂਰੀ ਪਛਾਣ ਨਾ ਸਿਖੇ ਤੇ ਉਸਦਾ ਹੁਕਮ ਨਾ ਮੰਨੇ ਤੇ ਕੁਤਰਕਾਂ ਕਰਕੇ ਉਹਨਾਂ ਅੱਖਰਾਂ ਤੇ ਹੀ ਅੜ ਜਾਏ ਤਾਂ ਅਗੇ ਚੱਲ ਕੇ ਉਹ ਗਿਆਨ ਵਿਗਿਆਨ ਦੀਆਂ ਮਹਾਨ ਪੁਸਤਕਾਂ ਕਿਵੇਂ ਪੜ੍ਹ ਸਮਝ ਸਕੇਗਾ, ਜਿਹਨਾਂ ਲਈ ਇਹ 35 ਜਾਂ 26 ਅੱਖਰ ਰਟਾਏ ਜਾ ਰਹੇ ਹਨ। ਇਸੇ ਤਰ੍ਹਾਂ ਉਚੀ ਆਤਮਿਕ ਅਵਸਥਾ ਨੂੰ ਹਾਸਲ ਕਰਨ ਲਈ ਜ਼ਰੂਰੀ ਹੈ ਕਿ ਗੁਰਸਿੱਖ ਜਾਂ ਸੱਚਾ ਜਗਿਆਸੂ ਕੁਤਰਕਾਂ ਤੋਂ ਆਪਣੇ ਆਪ ਨੂੰ ਬਚਾ ਕੇ ਰਖੇ ਤੇ ਸਤਿਗੁਰੂ

ਦੇ ਹੁਕਮਾਂ (ਬਾਣੀ) ਨੂੰ ਪੂਰਨ ਸ਼ਰਧਾ ਭਾਵਨੀ ਨਾਲ ਮੰਨੇ।

ਇਥੇ ਇਹ ਗੱਲ ਵੀ ਸਮਝ ਲੈਣੀ ਚਾਹੀਦੀ ਹੈ ਕਿ ਗੁਰਸਿੱਖੀ ਦਾ ਇਹ ਹੁਕਮ ਮੰਨਣ ਵਾਲਾ ਸਿਧਾਂਤ ਜ਼ਿਹਨੀ ਜਾਂ ਮਾਨਸਿਕ ਗੁਲਾਮੀ ਪੈਦਾ ਕਰਨ ਲਈ ਨਹੀਂ ਬਲਕਿ ਇਕ ਉਚੇ ਆਦਰਸ਼ ਦੀ ਪ੍ਰਾਪਤੀ ਲਈ ਹੈ, ਯਥਾ :

**ਹੁਕਮਿ ਮੰਨਿਐ ਹੋਵੈ ਪਰਵਾਣੁ,**
**ਤਾ ਖਸਮੈ ਕਾ ਮਹਲੁ ਪਾਇਸੀ॥** *(ਪੰਨਾ ੪੭੧)*

ਅਰਥਾਤ ਗੁਰੂ ਦਾ ਹੁਕਮ ਮੰਨਣ ਰਾਹੀਂ ਅਸੀਂ ਉਸ ਅਵਸਥਾ ਨੂੰ ਪ੍ਰਾਪਤ ਹੋ ਜਾਣਾ ਹੈ, ਜਿਥੇ ਹੁਕਮ ਦੇਣ ਵਾਲੇ ਤੇ ਸਾਡੇ ਵਿਚ ਕੋਈ ਫਰਕ ਨਹੀਂ ਰਹਿਣਾ। ਸਿੱਖ ਨੇ ਗੁਰੂ ਨਾਲ ਇਕ ਰੂਪ ਹੋ ਜਾਣਾ ਹੈ। ਇਸ ਸੰਬੰਧ ਵਿਚ ਤਾਂ ਗੁਰੂ ਅੰਗਦ ਦੇਵ ਜੀ ਦਾ ਆਪਣਾ ਫ਼ੁਰਮਾਨ ਇਸ ਤਰ੍ਹਾਂ ਹੈ :

**ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥** *(੪੭੫)*

ਇਥੇ ਇਹ ਭੀ ਸਮਝ ਲੈਣਾ ਚਾਹੀਦਾ ਹੈ ਕਿ ਗੁਰਮਤਿ ਇਸ ਸਿਧਾਂਤ ਰਾਹੀਂ ਅੰਧ ਵਿਸ਼ਵਾਸ ਦੀ ਭਾਵਨਾ ਨਹੀਂ ਪੈਦਾ ਕਰਦੀ। ਇਸ ਸਿਧਾਂਤ ਦਾ ਉਦੇਸ਼ ਤਾਂ ਸਿੱਖ ਦੇ ਮਨ ਵਿਚ ਗੁਰੂ ਲਈ ਦ੍ਰਿੜ ਨਿਸਚਾ, ਵਿਸ਼ਵਾਸ, ਯਕੀਨ, ਸ਼ਰਧਾ ਤੇ ਭਗਤੀ ਪੈਦਾ ਕਰਨਾ ਹੈ, ਜਿਸ ਬਿਨਾ ਉਚੀ ਆਤਮਿਕ ਅਵਸਥਾ ਲਭਣੀ ਨਾ-ਮੁਮਕਿਨ ਹੈ। ਅੰਧ-ਵਿਸ਼ਵਾਸ ਤਾਂ ਹੈ ਹੀ ਹੋਰ ਜਾਤ-ਨਸਲ ਦਾ ਪਦਾਰਥ, ਜਿਸ ਦੀ ਜ਼ਿਆਦਾ ਰਿਸ਼ਤੇਦਾਰੀ ਵਰਣ-ਆਸ਼ਰਮੀ ਮੱਤ ਨਾਲ ਹੈ। ਇਸ ਬਾਰੇ ਗੁਰਮਤਿ ਸਿਧਾਂਤ ਤਾਂ ਬਹੁਤ ਹੀ ਸਪੱਸ਼ਟ ਹੈ :

**ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ॥** *(੧੨੪੫)*

ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕਰ ਕੇ ਤੇ ਫਿਰ ਉਹਨਾਂ ਦੀ ਸੰਗਤ ਕਰਨ ਦੇ ਉਪਦੇਸ਼ ਗ੍ਰਹਿਣ ਕਰਨ ਪਿਛੋਂ ਗੁਰੂ ਨਾਨਕ ਤੇ ਕੇਵਲ ਗੁਰੂ ਨਾਨਕ ਦੇ ਹੀ ਹੋ ਗਏ ਸਨ। ਇਤਿਹਾਸ ਵਿਚ ਜ਼ਿਕਰ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਦੋ ਵਾਰ ਉਹਨਾਂ ਨੂੰ ਵਾਪਸ ਖਡੂਰ ਭੇਜਿਆ ਪਰ ਦੋਵੇਂ ਵਾਰ ਕੁਝ ਦਿਨਾਂ ਪਿਛੋਂ ਆਪ ਫਿਰ ਖਡੂਰ ਤੋਂ ਕਰਤਾਰਪੁਰ ਆ ਜਾਂਦੇ ਰਹੇ। ਆਪ ਜੀ ਨੇ ਗੁਰੂ ਨਾਨਕ ਪਾਤਸ਼ਾਹ ਦਾ ਮੱਤ ਪੂਰੀ ਤਰ੍ਹਾਂ ਸ਼ਰਧਾ-ਭਗਤੀ ਸੇਤੀ ਗ੍ਰਹਿਣ ਕਰ ਲਿਆ ਸੀ ਤੇ ਦੇਵੀ ਪੂਜਾ ਦੇ ਵਰਣ-ਆਸ਼ਰਮੀ ਮੱਤ ਪੂਰੀ ਤਰ੍ਹਾਂ ਤਿਆਗ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਦੀ ਸੱਤ-ਸਾਲਾ ਸੰਗਤ ਵਿਚ ਅਨੇਕ ਘਟਨਾਵਾਂ ਘਟੀਆਂ ਜਿਹਨਾਂ ਰਾਹੀਂ ਭਾਈ ਲਹਿਣਾ ਜੀ ਦੀ ਸਿੱਖੀ ਪ੍ਰਪਕਤਾ, ਗੁਰੂ ਭਗਤੀ, ਹੁਕਮ ਮੰਨਣ ਦੀ ਗੱਲ ਤੇ ਗੁਰੂ ਨਾਨਕ ਪਾਤਸ਼ਾਹ ਦੀ ਮਹਾਨ ਵਡਿਆਈ ਜ਼ਾਹਿਰ ਹੁੰਦੀ ਹੈ। ਇਤਿਹਾਸ ਵਿਚ ਆਈਆਂ ਕੁਝ ਕੁ ਘਟਨਾਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿਤਾ ਜਾਂਦਾ ਹੈ।

### *(1) ਪੱਠਿਆਂ ਦੀਆਂ ਭਰੀਆਂ ਚੁੱਕਣੀਆਂ*

ਕੁਝ ਦਿਨ ਗੁਰੂ ਨਾਨਕ ਦੇਵ ਜੀ ਦੀ ਸੰਗਤ ਕਰਨ ਉਪਰੰਤ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਤੋਂ ਭਾਈ ਲਹਿਣਾ ਜੀ ਨੂੰ ਵਾਪਸ ਖਡੂਰ ਭੇਜ ਦਿਤਾ। ਆਪ ਖਡੂਰ ਬਹੁਤ ਦਿਨ ਨਾ ਰਹਿ ਸਕੇ। ਦੁਕਾਨ ਦਾ ਸਾਰਾ ਕਾਰੋਬਾਰ ਆਪਣੇ ਭਣੇਵੇਂ ਦੇ ਸਪੁਰਦ ਕਰ ਕੇ ਫਿਰ ਕਰਤਾਰਪੁਰ ਤੁਰ ਪਏ। ਤੁਰਨ ਸਮੇਂ ਆਪ ਨੇ ਗੁਰੂ ਬਾਬੇ ਦੇ ਲੰਗਰ ਲਈ ਬਹੁਤ ਸਾਰਾ ਲੂਣ ਪ੍ਰੇਮ-ਭੇਟਾ ਦੇ ਤੌਰ ਤੇ ਲੈ ਲਿਆ। ਜਦ ਕਰਤਾਰਪੁਰ ਡੇਰੇ ਪੁੱਜੇ ਤਾਂ ਗੁਰੂ ਨਾਨਕ ਦੇਵ ਜੀ ਆਪਣੇ ਖੇਤ ਵਿਚ ਕੰਮ ਕਰਨ ਲਈ ਗਏ ਹੋਏ ਸਨ। ਲੂਣ ਨੂੰ ਡੇਰੇ ਦੇ ਲੰਗਰ ਵਿਚ ਰਖ ਕੇ ਭਾਈ ਲਹਿਣਾ ਜੀ ਵੀ ਖੇਤਾਂ ਵਿਖੇ ਪੁੱਜ ਗਏ।

ਗੁਰੂ ਨਾਨਕ ਦੇਵ ਜੀ ਮੁੰਜੀ ਦੇ ਖੇਤਾਂ ਵਿਚੋਂ ਨਦੀਣ ਕੱਢ-ਕਢਾ ਰਹੇ ਸਨ। ਆਪ ਵੀ, ਗੁਰੂ ਨਾਨਕ ਦੇਵ ਜੀ ਨਾਲ ਕੰਮ ਕਰਨ ਲਗ ਗਏ। ਭਾਈ ਲਹਿਣਾ ਜੀ ਦੁਕਾਨਦਾਰੀ ਆਦਿਕ ਕੰਮਾਂ ਦੇ ਜਾਣੂ ਸਨ। ਖੇਤੀਬਾੜੀ ਦਾ ਕੰਮ ਆਪ ਲਈ ਨਵਾਂ ਵੀ ਸੀ ਤੇ ਸਖ਼ਤ ਵੀ। ਪਹਿਲਾਂ ਤਾਂ ਆਪ ਘਾਹ ਨਾਲ ਧਾਨ ਵੀ ਕੱਢੀ ਗਏ। ਗੁਰੂ ਨਾਨਕ ਦੇਵ ਜੀ ਨੇ ਤਦੇ ਗੂਹਜ ਬਚਨ ਕਰ ਦਿਤੇ ਕਿ "ਪੁਰਖਾ! ਇਹ ਕੰਮ ਛੱਡ ਦੇਹ। ਇਹ ਤੇਰੇ ਕਰਨ ਦਾ ਨਹੀਂ। ਤੁਸੀਂ ਬੂਟੇ ਲਾਣੇ ਹਨ, ਪੁਟਣੇ ਨਹੀਂ।" ਪਸ਼ੂਆਂ ਲਈ ਪੱਠਿਆਂ ਦੀਆਂ ਭਰੀਆਂ ਤਿਆਰ ਹੋ ਗਈਆਂ। ਕੁਝ ਗੁਰੂ ਨਾਨਕ ਦੇਵ ਜੀ ਨੇ ਚੁੱਕ ਲਈਆਂ ਤੇ ਕੁਝ ਭਾਈ ਲਹਿਣਾ ਜੀ ਨੂੰ ਚੁਕਵਾ ਦਿਤੀਆਂ ਗਈਆਂ। ਦੁਕਾਨਦਾਰੀ ਦੇ ਸੌਖੇ ਕੰਮ ਦੇ ਜਾਣੂ ਭਾਈ ਲਹਿਣਾ ਜੀ ਲਈ ਇਹ ਕੰਮ ਆਪਣੀ ਹੀ ਕਿਸਮ ਦਾ ਸੀ। ਗਿੱਲੀਆਂ ਭਰੀਆਂ 'ਚੋਂ ਮੈਲਾ ਪਾਣੀ ਚੋ-ਚੋ ਕੇ ਆਪ ਦੇ ਸਾਫ਼-ਸੁਥਰੇ ਬਸਤਰਾਂ ਨੂੰ ਗੰਦਾ ਕਰ ਰਿਹਾ ਸੀ। ਇਹ ਸਖ਼ਤ ਕੰਮ ਆਮ ਕਿਰਸਾਣ ਤਾਂ ਆਪ ਕਰਦੇ ਸਨ ਤੇ ਸਰਦੇ-ਪੁਜਦੇ ਕਿਰਸਾਣ ਆਪਣੇ ਕੰਮੀਆਂ ਤੋਂ ਕਰਵਾ ਲੈਂਦੇ ਸਨ, ਜੋ ਆਮ ਤੌਰ ਤੇ ਸ਼ੂਦਰਾਂ ਵਿਚੋਂ ਹੀ ਹੁੰਦੇ ਸਨ। ਭਾਈ ਲਹਿਣਾ ਜੀ ਨੇ ਇਹ ਕੰਮ ਬਿਨਾਂ ਝਿਜਕ ਚਾਈਂ-ਚਾਈਂ ਕੀਤਾ ਸੀ। ਘਰ ਪੁੱਜੇ ਤਾਂ ਗੁਰੂ ਜੀ ਦੇ ਮਹਿਲ ਮਾਤਾ ਸੁੱਲਖਣੀ ਜੀ ਨੇ ਕਿਹਾ ਕਿ ਇਹ ਭਰੀਆਂ ਉਹਨਾਂ ਨੇ ਭਾਈ ਲਹਿਣਾ ਜੀ ਦੇ ਸਿਰ ਕਿਉਂ ਚੁਕਵਾਈਆਂ ਤੇ ਉਹਨਾਂ ਦੇ ਸੁੰਦਰ ਬਸਤਰ ਚਿੱਕੜ ਨਾਲ ਕਿਉਂ ਖ਼ਰਾਬ ਕਰਵਾ ਦਿਤੇ ? ਗੁਰੂ ਨਾਨਕ ਪਾਤਸ਼ਾਹ ਦਾ ਗੂਹਜ ਜੁਆਬ ਭੀ ਲਾਮਿਸਾਲ ਸੀ। ਕਹਿਣ ਲਗੇ ਕਿ ਲਹਿਣਾ ਦੇ ਸਿਰ ਪੱਠਿਆਂ ਦੀ ਪੰਡ ਨਹੀਂ, ਬਲਕਿ ਦੀਨ-ਦੁਨੀ ਦਾ ਛਤਰ ਧਰਿਆ ਹੈ ਤੇ ਕਪੜਿਆਂ ਤੇ ਗਿਰੇ ਚਿੱਕੜ ਦੀਆਂ ਛਿੱਟਾਂ ਚਿੱਕੜ ਨਹੀਂ, ਕੇਸਰ ਦੇ ਛਿੱਟੇ ਹਨ।" ਸਮਾਂ ਪਾ ਕੇ ਭਾਈ ਲਹਿਣਾ ਜੀ ਹੀ ਗੁਰਗੱਦੀ ਦੇ ਅਧਿਕਾਰੀ ਬਣੇ।

ਪੱਠਿਆਂ ਦੀਆਂ ਚਿੱਕੜ ਚੋਂਦੀਆਂ ਭਰੀਆਂ ਚੁਕਣੀਆਂ, ਇਕ ਸਰਦੇ-ਪੁਜਦੇ ਖੱਤਰੀ ਨੌਜੁਆਨ ਲਈ ਓਪਰੀ ਨਜ਼ਰੋਂ ਤਕਿਆਂ ਇਕ ਅਢੁਕਵਾਂ ਜਿਹਾ ਕੰਮ ਸੀ ਪਰ ਗੁਰੂ ਲਈ ਅਗਾਧ ਸ਼ਰਧਾ-ਪਿਆਰ ਹੋਣ ਕਾਰਨ ਭਾਈ ਲਹਿਣਾ ਜੀ ਨੇ ਇਸ ਕੰਮ ਤੋਂ ਜ਼ਰਾ ਭੀ ਸੰਕੋਚ ਨਾ ਕੀਤਾ। ਫਿਰ ਇਸ ਤਰੀਕੇ ਨਾਲ ਕਿਰਤੀਆਂ-ਕਾਮਿਆਂ ਤੇ ਸ਼ੂਦਰਾਂ

ਦੇ ਕਰਨ ਲਈ ਸਮਝਿਆ ਜਾਣ ਵਾਲਾ ਕੰਮ ਸੌਂਪ ਕੇ ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਨੂੰ ਸਭ ਮਨੁੱਖਾਂ ਨੂੰ ਇਕ ਸਮਾਨ ਸਮਝਣ ਤੇ ਉਚੇ ਨੀਵੇਂ ਹੋਣ ਦੇ ਭੇਦ-ਭਾਵ ਦੂਰ ਕਰਨ ਦਾ ਵੱਲ ਵੀ ਦੱਸ ਰਹੇ ਸਨ।

### *(2) ਧਰਮਸਾਲ 'ਚੋਂ ਮੋਈ ਚੂਹੀ ਬਾਹਰ ਸੁਟਣੀ*

ਇਕੇਰਾਂ ਧਰਮਸਾਲਾ ਦਾ ਦਰਵਾਜ਼ਾ ਖੋਲ੍ਹਿਆ ਗਿਆ। ਅਗੇ ਇਕ ਮੋਈ ਚੂਹੀ ਅੰਦਰ ਪਈ ਹੋਈ ਸੀ। ਮੋਈ ਚੂਹੀ ਨੂੰ ਧਰਮਸਾਲ ਵਿਚੋਂ ਚੁਕ ਕੇ ਬਾਹਰ ਸੁੱਟਣ ਦਾ ਕੰਮ ਅੱਜ ਸਾਨੂੰ ਬਹੁਤ ਸਾਧਾਰਣ ਲਗਦਾ ਹੈ, ਪਰ ਵਰਣ-ਆਸ਼ਰਮੀ ਮੱਤ ਦੇ ਮਾਰੇ ਹੋਏ ਤੱਤਕਾਲੀਨ ਹਿੰਦੂ ਸਮਾਜ ਦਾ ਕੋਈ ਖੱਤਰੀ ਨੌਜੁਆਨ ਮੋਈ ਚੂਹੀ ਨੂੰ ਚੁਕ ਕੇ ਬਾਹਰ ਸੁਟਣ ਦਾ ਕੰਮ ਕਰ ਸਕਦਾ, ਇਹ ਬਹੁਤ ਹੀ ਨਾ-ਮੁਮਕਿਨ ਜਿਹੀ ਗੱਲ ਸੀ। ਵਰਣ-ਆਸ਼ਰਮੀ ਸਮਾਜ ਵਿਚ ਅਜਿਹਾ ਕੰਮ ਕੇਵਲ ਚੂਹੜਿਆਂ ਦਾ ਤੇ ਕਿਤੇ-ਕਿਤੇ ਚਮਾਰਾਂ ਦਾ ਸਮਝਿਆ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਭਾਈ ਲਹਿਣਾ ਜੀ ਨੇ ਬਿਨਾਂ ਕਿਸੇ ਸੰਕੋਚ ਦੇ ਮੋਈ ਹੋਈ ਚੂਹੀ ਚੁਕ ਕੇ ਬਾਹਰ ਸੁੱਟ ਦਿਤੀ। ਇਸ ਤਰ੍ਹਾਂ ਭਾਈ ਲਹਿਣਾ ਜੀ ਨੇ ਗੁਰੂ-ਹੁਕਮਾਂ ਨੂੰ ਮੰਨਣ ਲਈ ਸੁਹਣੇ ਪੂਰਨੇ ਪਾਏ। ਮਨ ਦੀ ਖੋਟੀ ਮੱਤ ਨੂੰ ਤਿਆਗ ਕੇ ਲੋਕ-ਲਜਿਆ ਦੀ ਪ੍ਰਵਾਹ ਨਾ ਕਰ ਕੇ ਗੁਰੂ ਦੀ ਮੱਤ ਨੂੰ ਉਚਿਤ ਢੰਗ ਨਾਲ ਗ੍ਰਹਿਣ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਭਾਈ ਲਹਿਣਾ ਜੀ ਵਿਚ ਜਾਤ-ਪਾਤ ਤੇ ਛੂਆ-ਛੂਤ ਦੇ ਭੂਤ ਦਾ ਰਹਿ ਜਾਣਾ ਅਸੰਭਵ ਸੀ।

### *(3) ਗੁਰੂ ਨਾਨਕ ਦੇਵ ਜੀ ਦੇ ਰਾਵੀ ਇਸ਼ਨਾਨ ਦੀ ਵਾਰਤਾ*

ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਨਾਲ ਅੰਮ੍ਰਿਤ ਵੇਲੇ ਗੁਰੂ ਜੀ ਦੀ ਸੇਵਾ ਦੇ ਖਿਆਲ ਨਾਲ ਦਰਿਆ ਰਾਵੀ ਵਿਖੇ ਇਸ਼ਨਾਨ ਕਰਨ ਲਈ ਜਾਂਦੇ ਸਨ। ਬਹੁਤ ਮੌਕਿਆਂ ਤੇ ਇਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਆਪ ਦੇ ਹੋਰ ਅਨੰਨ ਸਿੱਖ ਭਾਈ ਬੁੱਢਾ ਜੀ, ਭਗੀਰਥ ਜੀ, ਅਜਿਤਾ ਜੀ ਤੇ ਸਾਧਾਰਨ ਜੀ ਵੀ ਜਾਂਦੇ ਸਨ। ਇਕੇਰਾਂ ਠੰਢ ਦਾ ਮੌਸਮ ਸੀ। ਅਤਿ ਦਾ ਠੱਕਾ ਵਗ ਰਿਹਾ ਸੀ। ਗੁਰੂ ਜੀ ਨਾਲ ਭਾਈ ਲਹਿਣਾ ਜੀ ਅਤੇ ਉਪਰੋਕਤ ਮੁਖੀ ਸਿੱਖ ਦਰਿਆ ਰਾਵੀ ਵਿਚ ਇਸ਼ਨਾਨ ਕਰਨ ਗਏ। ਗੁਰੂ ਜੀ ਨੇ ਇਸ਼ਨਾਨ ਕਰਨ ਲਈ ਜਿਉਂ ਹੀ ਰਾਵੀ ਵਿਚ ਪ੍ਰਵੇਸ਼ ਕੀਤਾ, ਬਾਰਿਸ਼ ਸ਼ੁਰੂ ਹੋ ਗਈ ਤੇ ਗੜੇ ਪੈਣ ਲਗੇ। ਬਾਕੀ ਸਿੱਖ ਤਾਂ ਅਜਿਹੇ ਸਮੇਂ ਸੱਜੇ ਖੱਬੇ ਨਿਕਲ ਗਏ, ਪਰ ਭਾਈ ਲਹਿਣਾ ਜੀ ਗੁਰੂ ਜੀ ਦੇ ਬਸਤਰ ਹਿੱਕ ਨਾਲ ਲਾਈ ਗੁਰੂ ਜੀ ਦੀ ਸੇਵਾ ਲਈ ਬਾਹਰ ਹੀ ਖੜ੍ਹੇ ਰਹੇ। ਗੁਰੂ-ਪ੍ਰੇਮ ਵਿਚ ਉਹਨਾਂ ਨੂੰ ਆਪਣਾ ਤੇ ਆਪਣੇ ਸਰੀਰ ਦੇ ਬਚਾਅ ਦਾ ਖਿਆਲ ਉੱਕਾ ਹੀ ਨਹੀਂ ਸੀ ਰਿਹਾ। ਭਾਈ ਲਹਿਣਾ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਉਤੇ ਇਸ ਸਿਧਾਂਤ ਦੇ ਸਬੰਧ ਵਿਚ ਇਉਂ ਫ਼ੁਰਮਾਇਆ ਸੀ:

ਆਪੁ ਗਵਾਇ ਸੇਵਾ ਕਰੇ, ਤਾ ਕਿਛੁ ਪਾਏ ਮਾਨੁ ॥ *(ਪੰਨਾ ੪੭੪)*

ਇਸ ਘਟਨਾ ਰਾਹੀਂ ਭਾਈ ਲਹਿਣਾ ਜੀ ਨੇ ਆਪਾ-ਭਾਵ ਗਵਾ ਕੇ ਸਤਿਗੁਰੂ ਦੀ ਸੇਵਾ ਕਰਨ ਦੀ ਗੱਲ ਨਾ ਕੇਵਲ ਆਪ ਹੀ ਦ੍ਰਿੜ ਕੀਤੀ ਬਲਕਿ ਆਉਣ ਵਾਲੇ ਸਮੇਂ ਲਈ ਸੱਚ ਦੇ ਮੁਤਲਾਸ਼ੀਆਂ ਨੂੰ ਆਪਾ-ਭਾਵ ਗਵਾ ਕੇ ਸੇਵਾ ਕਰਨ ਦਾ ਵੱਲ ਸਿਖਾਉਣ ਲਈ ਜਾਣੋ ਚੰਗੇ ਪੂਰਨੇ ਪਾ ਦਿਤੇ। ਗੁਰੂ ਨਾਨਕ ਪਾਤਸ਼ਾਹ ਦੀਆਂ ਸਖਤ ਪ੍ਰੀਖਿਆਵਾਂ ਵਿਚੋਂ ਭਾਈ ਲਹਿਣਾ ਜੀ ਵਰਗੀ ਸਖਤ ਮਰਦਾਂਵੀਂ ਘਾਲ ਘਾਲਣ ਤੋਂ ਬਿਨਾਂ ਪੂਰਾ ਉਤਰਿਆ ਵੀ ਨਹੀਂ ਸੀ ਜਾ ਸਕਦਾ।

### *(4) ਗੰਦਗੀ ਭਰੇ ਟੋਏ ਵਿਚੋਂ ਕਟੋਰਾ ਕੱਢਣਾ*

ਇਕੇਰਾਂ ਗੁਰੂ ਨਾਨਕ ਦੇਵ ਜੀ ਦਾ ਇਕ ਅਤੀ ਸਾਧਾਰਨ ਕੀਮਤ ਦਾ ਕਹੇਂ ਦਾ ਕਟੋਰਾ ਇਕ ਗੰਦਗੀ ਭਰੇ ਟੋਏ ਵਿਚ ਡਿਗ ਪਿਆ। ਗੁਰੂ ਨਾਨਕ ਦੇਵ ਜੀ ਉਸ ਨੂੰ ਬਹੁਤ ਆਸਾਨੀ ਨਾਲ ਨਜ਼ਰ-ਅੰਦਾਜ਼ ਕਰ ਸਕਦੇ ਸਨ। ਗੰਦੇ ਚਿੱਕੜ ਤੇ ਗੰਦਗੀ ਨਾਲ ਭਰਿਆ ਟੋਆ ਇਤਨਾ ਗੰਦਾ ਸੀ ਕਿ ਕਿਸੇ ਦੀ ਨੇੜੇ ਜਾਣ ਦੀ ਵੀ ਰੂਹ ਨਹੀਂ ਸੀ ਕਰਦੀ। ਫਿਰ ਗੰਦੀਆਂ ਮੰਦੀਆਂ ਥਾਵਾਂ ਦੇ ਅਜਿਹੇ ਕੰਮ ਤਾਂ ਕੇਵਲ ਕਹੇ ਜਾਂਦੇ ਚੂੜ੍ਹਿਆਂ ਨੂੰ ਹੀ ਦਿਤੇ ਜਾ ਸਕਦੇ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਅਨੇਕ ਸਿੱਖਾਂ ਤੇ ਆਪਣੇ ਸਪੁੱਤਰਾਂ ਦੀ ਮੌਜੂਦਗੀ ਵਿਚ ਗੰਦੇ ਟੋਏ ਵਿਚੋਂ ਆਪਣਾ ਡਿਗਿਆ ਹੋਇਆ ਕੈਂਹ ਦਾ ਕਟੋਰਾ ਕਢਵਾਣ ਦਾ ਇਰਾਦਾ ਪ੍ਰਗਟ ਕੀਤਾ। ਸਭ ਨੂੰ ਇਹ ਗੱਲ ਕੁਝ ਹਾਸੋ-ਹੀਣੀ ਲੱਗ ਰਹੀ ਸੀ। ਕਟੋਰਾ ਕੋਈ ਖਾਸ ਕੀਮਤ ਦਾ ਤਾਂ ਸੀ ਨਹੀਂ। ਸਪੁੱਤਰਾਂ ਸਮੇਤ ਕੋਈ ਵੀ ਇਸ ਕੰਮ ਲਈ ਨਾ ਨਿਤਰਿਆ। ਗੰਦਗੀ ਭਰੇ ਟੋਏ ਵਿੱਚ ਉਤਰਦਾ ਭੀ ਤਾਂ ਕੌਣ ? ਗੰਦਗੀ ਭਰੇ ਟੋਏ ਦੇ ਨੇੜੇ ਜਾਣਾ ਭੀ ਮੁਸ਼ਕਲ ਸੀ। ਸਪੁੱਤਰ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਨੇ ਕਿਸੇ ਚੂਹੜੇ ਤੋਂ ਇਹ ਕੰਮ ਕਰਵਾ ਲੈਣ ਦੀ ਰਾਇ ਦਿਤੀ ਤੇ ਉਹ ਵੀ ਤਦ-ਜਦੋਂ ਗੁਰੂ ਨਾਨਕ ਦੇਵ ਜੀ ਨੇ ਹਰ ਕੀਮਤ ਉਤੇ ਟੋਏ ਵਿਚੋਂ ਉਹ ਕਟੋਰਾ ਕਢਵਾਉਣ ਲਈ ਆਪਣਾ ਦ੍ਰਿੜ ਨਿਸ਼ਚਾ ਦੱਸਿਆ। ਪਰ ਭਾਈ ਲਹਿਣਾ ਜੀ ਨੂੰ ਜਿਉਂ ਹੀ ਗੁਰੂ ਨਾਨਕ ਦੇਵ ਦੇ ਇਸ ਹੁਕਮ ਅਤੇ ਇਰਾਦੇ ਦੀ ਖ਼ਬਰ ਮਿਲੀ, ਆਪ ਗੰਦਗੀ ਦੀ ਪ੍ਰਵਾਹ ਕੀਤੇ ਬਿਨਾਂ ਆਪਣੀ ਸਮਾਜਿਕ ਪੁਜ਼ੀਸ਼ਨ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਦਿਆਂ ਹੋਇਆਂ ਉਸ ਟੋਏ ਵਿਚੋਂ ਕੈਂਹ ਦਾ ਕਟੋਰਾ ਕੱਢ ਲਿਆਏ ਤੇ ਆਪ ਨਹਾ ਧੋ ਕੇ ਤੇ ਕਟੋਰਾ ਸਾਫ਼ ਕਰ ਕੇ ਆ ਪੇਸ਼ ਹੋਏ।

ਸੁਆਲ ਕਟੋਰਾ ਕੱਢਣ ਦਾ ਨਹੀਂ ਸੀ। ਸੁਆਲ ਤੇ ਸੀ ਕਿ ਆਪਣੀ ਖੋਟੀ ਮੱਤ ਨੂੰ ਲਾਂਭੇ ਰਖ ਕੇ, ਲੋਕ-ਲਾਜ ਦੇ ਖਿਆਲ ਨੂੰ ਤਿਲਾਂਜਲੀ ਦੇ ਕੇ ਜਗਿਆਸੂ ਨੇ ਕਿਵੇਂ ਗੁਰੂ ਦੇ ਹੁਕਮ ਨੂੰ ਚਾਈਂ-ਚਾਈਂ ਮੰਨਣਾ ਹੈ। ਫਿਰ ਗੁਰੂ ਨਾਨਕ ਪਾਤਸ਼ਾਹ ਵਲੋਂ ਪਾਈ ਇਹ ਪ੍ਰੀਖਿਆ ਤਾਂ ਭਾਈ ਲਹਿਣਾ ਜੀ ਵਿਚੋਂ ਜਾਤ-ਪਾਤ ਦੇ ਵਿਤਕਰਿਆਂ ਦੀ ਭਾਵਨਾ ਨੂੰ ਜੜੋਂ ਖਤਮ ਕਰਦੀ ਸੀ। ਜੇ ਭਾਈ ਲਹਿਣਾ ਜੀ ਦੀ ਆਤਮਿਕ ਉਚੱਤਾ

ਉਸ ਟੋਏ ਵਿਚ ਲਿਬੜਨ ਨਾਲ ਨਹੀਂ ਘਟੀ ਸੀ, ਤਾਂ ਸ਼ੂਦਰ ਸ਼ਰੇਣੀ ਆਪਣੀ ਕਿਰਤ-ਕਾਰ ਕਾਰਨ ਅਪਵਿੱਤਰ ਕਿਵੇਂ ਹੋ ਸਕਦੀ ਸੀ ?ਕਾਸ਼ ਅੱਜ ਅਸੀਂ ਵੀ ਗੁਰੂ ਦੇ ਹੁਕਮਾਂ ਨੂੰ ਭਾਈ ਲਹਿਣਾ ਜੀ ਮਾਨਿੰਦ ਸਤਿ-ਸਤਿ ਕਰ ਕੇ ਮੰਨ ਸਕਦੇ।

### *(5) ਅੱਧੀ ਰਾਤੀਂ ਧਰਮਸਾਲ ਦੀ ਕੰਧ ਉਸਾਰਨੀ*

ਇਕੇਰਾਂ ਠੰਡ ਦੀ ਰਾਤ ਸੀ। ਅੱਧੀ ਰਾਤ ਸਮੇਂ ਜ਼ੋਰ ਦੀ ਬਰਖਾ ਸ਼ੁਰੂ ਹੋ ਗਈ ਤੇ ਬੰਦ ਹੋਣ ਵਿਚ ਨਾ ਆਵੇ। ਕਰਤਾਰਪੁਰ ਦੀ ਧਰਮਸਾਲ ਦੀ ਕੰਧ ਡਿੱਗ ਪਈ। ਗੁਰੂ ਨਾਨਕ ਦੇਵ ਜੀ ਉਠ ਖਲੋਤੇ ਤੇ ਬੜਾ ਹੀ ਹੈਰਾਨ ਕਰ ਦੇਣ ਵਾਲਾ ਇਰਾਦਾ ਤੇ ਹੁਕਮ ਪ੍ਰਗਟ ਕੀਤਾ।ਆਪ ਨੇ ਕਿਹਾ ਕਿ ਹੁਣੇ ਹੀ ਰਾਤੋ-ਰਾਤ ਢੱਠੀ ਕੰਧ ਦੀ ਉਸਾਰੀ ਕਰਨੀ ਹੈ। ਇਕ ਤਾਂ ਰਾਤ ਅਤੀ ਠੰਡੀ ਰੁੱਤ ਦੀ, ਦੂਜੀ ਤੇਜ਼ ਬਾਰਿਸ਼ ਤੇ ਤੀਜੇ ਅਤੀ ਠੰਡੀ ਪਉਣ। ਅਜਿਹੀ ਹਾਲਤ ਵਿਚ ਠੰਡੀ ਠਾਰ ਮਿੱਟੀ ਦਾ ਗਾਰਾ ਬਨਾਉਣਾ ਤੇ ਫਿਰ ਕੰਧ ਉਸਾਰਨੀ ਬੜਾ ਅਜੀਬ ਹੁਕਮ ਸੀ। ਬਾਰਿਸ਼ ਰੁਕਣ ਉਤੇ ਅਤੇ ਦਿਨ ਦੀ ਰੋਸ਼ਨੀ ਹੋ ਜਾਣ ਉਤੇ ਤਾਂ ਗੱਲ ਕੁਝ ਸਮਝ ਪੈ ਸਕਦੀ ਸੀ।

ਸਭ ਕੰਨੀ ਕਤਰਾ ਗਏ। ਕੁਝ ਨੇ ਹੁਕਮ ਠੀਕ ਨਾ ਜਚਣ ਕਾਰਣ ਉਟੰਕਣ ਭੀ ਕੀਤਾ। ਸਾਹਿਬਾਂ ਦੇ ਆਪਣੇ ਸਪੁੱਤਰ ਵੀ ਉਹਨਾਂ ਵਿਚੋਂ ਸਨ। ਪਰ ਭਾਈ ਲਹਿਣਾ ਜੀ ਨੇ ਤਿੰਨ ਵਾਰੀ ਡਿੱਗੀ ਕੰਧ ਨੂੰ ਰਾਤੋ-ਰਾਤ ਚੌਥੀ ਵਾਰੀ ਬਣਾ ਕੇ ਹੀ ਦਮ ਲਿਆ। ਰਾਤ ਭਰ ਤੇਜ਼ ਬਾਰਿਸ਼ ਦੀ ਹੱਡ-ਚੀਰਵੀਂ ਠੰਡੀ ਹਵਾ ਦੀ ਤੇ ਗਿੱਲੇ ਗਾਰੇ ਵਿਚ ਹੱਥ ਠਰਨ ਦੀ ਪ੍ਰਵਾਹ ਨਾ ਕੀਤੀ। ਫਿਰ ਇਹ ਕੰਮ ਤਾਂ ਮਿਸਤਰੀ ਮਜ਼ਦੂਰਾਂ ਦਾ ਸੀ।

ਇਥੇ ਵੀ ਸੁਆਲ ਕੰਧ ਦੀ ਉਸਾਰੀ ਦਾ ਨਹੀਂ ਸੀ। ਸੁਆਲ ਸੀ ਸਤਿਗੁਰੂ ਦੇ ਹੁਕਮ ਮੰਨਣ ਦਾ। ਫਿਰ ਹੁਕਮ ਭੀ ਅਜਿਹਾ, ਜਿਹੜਾ ਓਪਰੀ ਨਜ਼ਰ ਨਾਲ ਠੀਕ ਨਹੀਂ ਸੀ ਪ੍ਰਤੀਤ ਹੁੰਦਾ। ਹੁਕਮ ਉਤੇ ਉਟੰਕਣ ਕਰਨਾ ਤਾਂ ਕਿਤੇ ਰਿਹਾ, ਟਾਲਿਆ ਤੱਕ ਨਹੀਂ ਅਤੇ ਫੌਰੀ ਤੌਰ ਤੇ ਚਾਈ-ਚਾਈ ਪੂਰਾ ਕੀਤਾ। ਆਪ ਖੁਦ ਹੁਕਮ ਮੰਨਿਆ ਤੇ ਸਾਨੂੰ ਰਹਿੰਦੀ ਦੁਨੀਆਂ ਤੱਕ ਦੇ ਲੋਕਾਂ ਨੂੰ ਗੁਰੂ-ਹੁਕਮ ਨੂੰ ਮੰਨਣ ਦੀ ਜਾਚ ਦੱਸੀ।

### *(6) ਅੱਧੀ ਰਾਤੀਂ ਕਪੜੇ ਧੋਣ ਦਾ ਹੁਕਮ*

ਇਸੇ ਤਰ੍ਹਾਂ ਇਕੇਰਾਂ ਅੱਧੀ ਰਾਤੀਂ ਸਿਆਲ ਦੀ ਰੁਤੇ ਗੁਰੂ ਨਾਨਕ ਦੇਵ ਜੀ ਨੇ ਸੌਂ ਰਹੇ ਭਾਈ ਲਹਿਣਾ ਜੀ ਨੂੰ ਜਗਾ ਦਿਤਾ ਤੇ ਦਰਿਆ ਰਾਵੀ ਤੋਂ ਕੱਪੜੇ ਧੋ ਕੇ ਲਿਆਉਣ ਦਾ ਹੁਕਮ ਦਿੱਤਾ।ਹੁਕਮ ਕਈ ਤਰ੍ਹਾਂ ਓਪਰੀ ਨਜ਼ਰ ਨਾਲ ਤੱਕਿਆਂ ਨਾਜਾਇਜ਼ ਪ੍ਰਤੀਤ ਹੁੰਦਾ ਸੀ। ਪਹਿਲੀ ਗੱਲ ਤੇ ਇਹ ਕਿ ਸੁੱਤੇ ਨੂੰ ਕੁਵੇਲੇ ਜਗਾਇਆ ਗਿਆ ਤੇ ਦੂਜੇ ਰੁੱਤ ਠੰਡ ਦੀ, ਤੀਜੇ ਰਾਵੀ ਦਾ ਬਰਫ਼ ਵਰਗਾ ਠੰਡਾ ਪਾਣੀ ਤੇ ਚੌਥੇ ਉਸ ਵਿਚ ਅੱਧੀ ਰਾਤੀਂ ਹੀ ਕੱਪੜੇ ਧੋਣੇ। ਫਿਰ ਇਹ ਕੰਮ ਇਕ ਚੰਗੀ ਮਾਲੀ ਹੈਸੀਅਤ ਰੱਖਣ ਵਾਲੇ ਖਤਰੀ ਨੌਜੁਆਨ ਦਾ ਨਹੀਂ, ਧੋਬੀਆਂ ਦਾ ਸਮਝਿਆ ਜਾਂਦਾ ਸੀ। ਪਰ ਧੰਨ ਹਨ ਭਾਈ

ਲਹਿਣਾ ਜੀ, ਉਜਰ ਦਾ ਮਤਲਬ ਹੀ ਨਹੀਂ। ਆਪ ਨੇ ਬਾਅਦ ਵਿਚ ਖ਼ੁਦ ਆਪਣੀ ਬਾਣੀ ਵਿਚ ਫ਼ਰਮਾਇਆ :

**ਸਲਾਮੁ ਜਬਾਬੁ ਦੋਵੈ ਕਰੇ, ਮੁੰਢਹੁ ਘੁਥਾ ਜਾਇ॥** *(ਪੰਨਾ ੪੭੪)*

ਜੇ ਇਕੇਰਾਂ ਸਤਿਗੁਰੂ ਨੂੰ ਦੇਖ ਭਾਲ ਕੇ ਧਾਰਨ ਕਰ ਹੀ ਲਿਆ ਤਾਂ ਫਿਰ ਨਿੱਤ ਉਸ ਦੇ ਹਰ ਹੁਕਮ ਨੂੰ ਨਵੇਂ ਸਿਰਿਉ ਕਿਉਂ ਪਰਖਿਆ-ਜਾਂਚਿਆ ਜਾਵੇ ?ਹੁਕਮ ਕੇਵਲ ਮੰਨਿਆ ਹੀ ਨਹੀਂ, ਬਲਕਿ ਚਾਈਂ-ਚਾਈਂ ਖੁਸ਼ੀ ਨਾਲ ਮੰਨਿਆ; ਭਾਰ ਸਮਝ ਕੇ ਨਹੀਂ, ਅਹਿਸਾਨ ਚੜ੍ਹਾਉਣ ਜਾਂ ਉਤਾਰਨ ਲਈ ਨਹੀਂ, ਗੁਰੂ ਦੀ ਰਜ਼ਾ ਨੂੰ ਆਪਣੇ ਮਨ ਦੀ ਖ਼ੁਸ਼ੀ ਬਣਾ ਕੇ ਹੁਕਮ ਮੰਨਣਾ ਕੇਵਲ ਭਾਈ ਲਹਿਣਾ ਜੀ ਦਾ ਹੀ ਕਾਰਨਾਮਾ ਹੋ ਸਕਦਾ ਹੈ। ਫਿਰ, ਇਸ ਘਟਨਾ ਨਾਲ ਗੁਰੂ ਨਾਨਕ ਦੇਵ ਜੀ ਨੇ ਸੁੱਖ-ਰਹਿਣੀ ਤਬੀਅਤ ਦੇ ਮਾਲਕ ਭਾਈ ਲਹਿਣਾ ਜੀ ਨੂੰ ਸਮਾਜ ਦੇ ਧੋਬੀ ਵਰਗ, ਜਿਸ ਨੂੰ ਬ੍ਰਾਹਮਣੀ ਮੱਤ ਵਾਲਿਆਂ ਨੇ ਸ਼ੂਦਰ ਕਿਹਾ ਸੀ ਤੇ ਜੋ ਅਤਿ ਕਰੜੀ ਕਿਰਤ ਕਰ ਰਿਹਾ ਸੀ, ਨਾਲ ਵੀ ਜਾਣ-ਪਛਾਣ ਕਰਵਾ ਦਿਤੀ, ਤਾਂ ਕਿ ਸ਼ੂਦਰ-ਸ਼ੂਦਰ ਕਹਿ ਕੇ ਨਫਰਤ ਕਰਨ ਦੀ ਥਾਵੇਂ ਸਮਾਜ ਵਿਚ ਉਹਨਾਂ ਲਈ ਹਮਦਰਦੀ ਪੈਦਾ ਹੋ ਸਕੇ।

### *(7) ਦੱਸੋ ਕਿਤਨੀ ਰਾਤ ਗੁਜ਼ਰ ਗਈ ਹੈ ?*

ਭਾਈ ਲਹਿਣਾ ਜੀ ਦੀ ਮਾਨਸਿਕ ਤੇ ਆਤਮਿਕ ਅਵਸਥਾ ਕਿਥੋਂ ਤੱਕ ਅੱਪੜ ਚੁੱਕੀ ਸੀ, ਇਸ ਉਪਰੋਕਤ ਸੁਆਲ ਦੇ ਜੁਆਬ ਤੋਂ ਹੀ ਪਤਾ ਚੱਲ ਜਾਂਦਾ ਹੈ। ਸੁਆਲ ਬੜਾ ਸਿਧਾ, ਸਾਧਾਰਨ ਤੇ ਸਾਫ਼ ਸੀ। ਸੁਆਲ ਵਿਚ ਕੋਈ ਗੁੰਝਲ ਵੀ ਨਹੀਂ। ਪਰ ਇਹ ਸੁਅ ਲ ਕਾਲ-ਵਿਗਿਆਨ ਦਾ ਨਹੀਂ, ਆਤਮਾ-ਰਸ ਤੇ ਬ੍ਰਹਮ ਗਿਆਨ ਦਾ ਸੀ। ਅਸਲ ਗੱਲ ਤਾਂ ਇਹ ਹੈ ਕਿ ਭਾਈ ਲਹਿਣਾ ਜੀ ਦੇ ਜੁਆਬ ਦੀ ਨਕਲ ਮਾਰ ਕੇ ਵੀ ਸ਼ਾਇਦ ਸਾਡੇ 'ਚੋਂ ਕੋਈ ਟਾਵਾਂ-ਟਾਵਾਂ ਪ੍ਰਭੂ ਬਖਸ਼ਿਆ ਜੀਵ ਹੀ ਇਸ ਸੁਆਲ ਦਾ ਠੀਕ ਜੁਆਬ ਦੇ ਸਕੇ।

ਇਕੇਰਾਂ ਬਹੁਤ ਰਾਤ ਬੀਤੇ ਤੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਨਿਕਟ-ਵਰਤੀ ਸਿੱਖਾਂ ਭਾਈ ਬੁੱਢਾ ਜੀ, ਭਗੀਰਥ ਜੀ, ਅਜਿਤਾ ਜੀ, ਸਾਧਾਰਨ ਜੀ ਅਤੇ ਲਹਿਣਾ ਜੀ ਤੋ ਸੁਆਲ ਕੀਤਾ ਦੱਸੋ ਕਿਤਨੀ ਰਾਤ ਗੁਜ਼ਰ ਗਈ ਹੈ ?ਉਸ ਸਮੇਂ ਕਾਲ-ਨਾਪਕ ਘੜੀਆਂ ਤਾਂ ਨਹੀਂ ਸਨ ਬਣੀਆਂ, ਪਰ ਪੁਰਾਣੇ ਬੰਦੇ ਤਾਰਿਆਂ ਦੀ ਹਾਲਤ ਦਾ ਜਾਇਜ਼ਾ ਲੈ ਕੇ ਸਮਾਂ ਦੱਸ ਦਿੰਦੇ ਸਨ। ਭਾਈ ਲਹਿਣਾ ਜੀ ਨੂੰ ਛੱਡ ਕੇ ਸਭ ਨੇ ਉੱਤਰ ਦਿਤਾ, ਦੋ ਜਾਂ ਢਾਈ ਪਹਿਰ ਰਾਤ ਬੀਤ ਗਈ ਹੈ। ਕਾਲ-ਵਿਗਿਆਨ ਅਨੁਸਾਰ ਤਾਂ ਜੁਆਬ ਠੀਕ ਸੀ, ਪਰ ਬ੍ਰਹਮ-ਗਿਆਨੀ ਭਾਈ ਲਹਿਣਾ ਜੀ ਇਹ ਜੁਆਬ ਕਿਵੇਂ ਦਿੰਦੇ ?ਆਪ ਨੇ ਜੁਆਬ ਦਿੱਤਾ, "ਕਰਤਾਰ ਦੀ ਰਜ਼ਾ ਵਿਚ ਜਿਤਨੀ ਰਾਤ ਬੀਤਣੀ ਸੀ ਬੀਤ ਗਈ ਹੈ ਤੇ ਉਸ ਦੀ ਰਜ਼ਾ ਵਿਚ ਜਿਤਨੀ ਰਾਤ ਬਾਕੀ ਹੈ, ਉਤਨੀ ਹੀ ਰਹਿੰਦੀ ਹੈ।" ਅਸਲ ਗੱਲ ਤਾਂ ਇਹ ਹੈ ਕਿ ਭਾਈ ਲਹਿਣਾ ਜੀ ਪੂਰੀ ਤਰ੍ਹਾਂ ਗੁਰੂ ਤੇ ਪ੍ਰਮੇਸ਼ਰ ਦੀ ਰਜ਼ਾ ਨਾਲ

ਇੱਕ-ਮਿੱਕ ਹੋ ਚੁਕੇ ਸਨ। ਕਿਹੜਾ ਹੈ ਜੋ ਭਾਈ ਲਹਿਣਾ ਜੀ ਦੀ ਇਸ ਅਤਿ ਉਚੀ ਆਤਮਿਕ ਅਵਸਥਾ ਦੀ ਥਾਹ ਪਾ ਸਕੇ ?

### *(8) ਮੁਰਦਾ ਖਾਣ ਦਾ ਹੁਕਮ*

ਅੰਤਲੀ ਪ੍ਰੀਖਿਆ ਸਮੇਂ ਤਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਨਿਕਟ-ਵਰਤੀ ਸਿੱਖਾਂ ਉਤੇ ਅਤਿ ਸਖ਼ਤ ਅਤੇ ਬਿਖਮ ਸੁਆਲ ਖੜ੍ਹਾ ਕਰ ਦਿੱਤਾ ਸੀ। ਇਕ ਦਿਨ ਸਾਹਸੀਆਂ ਵਾਂਗ ਸਤਿਗੁਰੂ ਜੀ ਨੇ ਕੁਝ ਕੁਤੇ ਇੱਕਠੇ ਕਰ ਲਏ, ਹੱਥ ਵਿਚ ਸੋਟਾ ਫੜ ਲਿਆ, ਮੋਢੇ ਤੇ ਇਕ ਝੋਲਾ ਪਾ ਲਿਆ। ਜੋ ਕੋਈ ਨੇੜੇ ਆਵੇ, ਉਸ ਨੂੰ ਸੋਟਾ ਮਾਰਨ ਦਾ ਡਰਾਵਾ ਦੇਣ। ਇਸ ਅਨੋਖੇ ਸਾਂਗ ਵਿਚ ਸਤਿਗੁਰੂ ਜੀ ਦਰਿਆ ਰਾਵੀ ਦੇ ਬੇਲੇ ਵੱਲ ਚੱਲ ਪਏ। ਕਈ ਸਿੱਖ ਉਦਾਸ ਹੋ ਕੇ ਘਰਾਂ ਨੂੰ ਮੁੜਨ ਲੱਗ ਪਏ, ਬਹੁਤ ਸਾਰੇ ਡੋਲ ਗਏ, ਕਈਆਂ ਨੇ ਅਸ਼ਰਧਾ ਭਰੀਆਂ ਗੱਲਾਂ ਵੀ ਕੀਤੀਆਂ। ਇਕ ਥਾਂ ਸਫੈਦ ਕੱਪੜੇ ਨਾਲ ਮਿਤਰਕ-ਸਰੀਰ ਨਿਆਈਂ ਵਲੇਟਿਆ ਪਦਾਰਥ ਪਿਆ ਸੀ। ਬਿਲਕੁਲ ਇਉਂ ਪ੍ਰਤੀਤ ਹੁੰਦਾ ਸੀ, ਜਿਵੇਂ ਕੋਈ ਮਨੁੱਖ ਚੜ੍ਹਾਈ ਕਰ ਗਿਆ ਹੈ ਤੇ ਉਸ ਨੂੰ ਅੰਤਿਮ ਸੰਸਕਾਰ ਤੋਂ ਪਹਿਲਾਂ ਸਫੈਦ ਕਫਨ ਵਿਚ ਵਲੇਟਿਆ ਗਿਆ ਹੈ। ਪਾਸ ਹੀ ਗੁਰੂ ਨਾਨਕ ਦੇਵ ਜੀ ਬਿਰਾਜਮਾਨ ਸਨ। ਹੋਰ ਨਿਕਟ-ਵਰਤੀ ਸਿੱਖ ਵੀ ਬਾਹਰੋਂ ਆ-ਆ ਕੇ ਗੁਰੂ ਨਾਨਕ ਦੇਵ ਜੀ ਪਾਸ ਬੈਠਦੇ ਜਾਂਦੇ ਸਨ। ਅਚਾਨਕ ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਇਹ ਮੁਰਦਾ ਛਕਣਾ ਹੈ। ਅੱਗੇ ਵਧੋ। ਇਹ ਕੰਮ ਕਿਸ ਨੇ ਕਰਨਾ ਸੀ ? ਸਭ ਲੋਕ ਹੈਰਾਨ ਤੇ ਪਰੇਸ਼ਾਨ ਹੀ ਨਹੀਂ, ਭੈ-ਭੀਤ ਭੀ ਹੋ ਰਹੇ ਸਨ। ਗੁਰੂ ਨਾਨਕ ਸਾਹਿਬ ਪਾਸੋਂ ਐਸਾ ਹੁਕਮ ਹੋਣਾ ਹੈਰਾਨ ਕਰਦਾ ਸੀ ਤੇ ਮੁਰਦਾ ਛਕਣ ਦਾ ਕੰਮ ਸਭ ਨੂੰ ਭੈ-ਭੀਤ ਕਰ ਰਿਹਾ ਸੀ। ਕੁਝ ਲੋਕ ਸੋਚ ਰਹੇ ਸਨ ਕਿ ਇਹ ਹੁਕਮ ਕਿਉਂ ਦਿੱਤਾ ਗਿਆ ਹੈ ਤੇ ਕੋਈ ਹੁਕਮ ਦੇ ਗ਼ੈਰ-ਵਾਜ਼ਬ ਹੋਣ ਬਾਰੇ ਵਿਚਾਰ ਕਰ ਰਹੇ ਸਨ। ਇਕ ਗੱਲ ਤਾਂ ਸਾਫ ਸੀ ਕਿ ਭਾਈ ਲਹਿਣਾ ਜੀ ਤੋਂ ਛੁੱਟ ਕੋਈ ਅੱਗੇ ਨਹੀਂ ਸੀ ਆ ਰਿਹਾ ਤੇ ਜੇ ਕਿਸੇ ਨੂੰ ਇਸ਼ਾਰਾ ਭੀ ਕੀਤਾ ਗਿਆ ਸੀ ਤਾਂ ਉਸ ਨੇ ਸਿਰ ਫੇਰ ਦਿਤਾ। ਧੰਨ ਭਾਈ ਲਹਿਣਾ ਜੀ ਸਨ ਤੇ ਸਚਮੁਚ ਧੰਨਤਾ ਯੋਗ ਸਨ, ਜਿਹਨਾਂ ਨੇ ਹੁਕਮ ਦੇ ਯੋਗ-ਅਯੋਗ ਹੋਣ ਬਾਰੇ ਨਹੀਂ ਸੋਚਿਆ, ਗੁਰੂ ਤੇ ਸ਼ੰਕਾ ਤੇ ਤੌਖਲਾ ਨਹੀਂ ਕੀਤਾ, ਪੂਰਨ ਪ੍ਰਤੀਤ ਤੇ ਅਗਾਧ ਸ਼ਰਧਾ ਦੇ ਘਰ ਵਿਚ ਰਹਿੰਦਿਆਂ ਆਪ ਨੇ ਗੁਰੂ ਸਾਹਿਬ ਤੋਂ ਪੁਛਿਆ, ਕਿ ਕਿਹੜੇ ਰੁਖੋਂ ਖਾਣਾ ਸ਼ੁਰੂ ਕਰਾਂ, ਪੈਰਾਂ ਵੱਲੋਂ ਜਾ ਸਿਰ ਵੱਲੋਂ। ਪਰ ਉਥੇ ਮੁਰਦਾ ਸੀ ਕਿੱਥੇ ?ਜਿਵੇਂ ਹੀ ਕੱਪੜਾ ਹਟਾਇਆ ਗਿਆ ਹੇਠਾਂ ਕੜਾਹ ਪ੍ਰਸ਼ਾਦ ਨਜ਼ਰ ਪਿਆ।

ਪਰ ਇਕ ਗੱਲ ਤਾਂ ਸਪੱਸ਼ਟ ਹੈ ਕਿ ਹੁਕਮ ਮੰਨਣ ਦੇ ਸਿਧਾਂਤ ਦੀ ਤਾਂ ਆਦਰਸ਼ਕ ਚਰਮ ਸੀਮਾ ਛੂਹ ਲਈ ਗਈ ਸੀ। ਸੁਆਲ ਅਤੇ ਇਮਤਿਹਾਨ ਹੱਦੋਂ ਵੱਧ ਸਖ਼ਤ ਸੀ, ਇਸ ਗੱਲ ਵਿਚ ਕੋਈ ਸ਼ੱਕ ਨਹੀਂ।

ਉਪਰੋਕਤ ਸਭ ਘਟਨਾਵਾਂ ਤੋਂ ਬਿਲਕੁਲ ਜ਼ਾਹਿਰ ਹੈ, ਕਿ ਭਾਈ ਲਹਿਣਾ ਜੀ ਗੁਰੂ

ਨਾਨਕ ਦੇਵ ਜੀ ਨਾਲ, ਭਾਵੇਂ ਕਈ ਸਿੱਖਾਂ ਦੇ ਮੁਕਾਬਲੇ ਬਹੁਤ ਘੱਟ ਅਰਸਾ (ਭਾਵ ਸੱਤ ਸਾਲ) ਹੀ ਰਹੇ, ਪਰ ਆਪ ਨੇ ਸ਼ਰਧਾ ਭਗਤੀ, ਸਿਮਰਨ ਤੇ ਗੁਰੂ-ਪਿਆਰ ਦੇ ਗੁਣਾਂ ਨਾਲ ਗੁਰੂ ਨਾਨਕ ਸਾਹਿਬ ਨੂੰ ਪੂਰੀ ਤਰ੍ਹਾਂ ਰੀਝਾ ਲਿਆ। ਆਪ ਅਸਲ ਵਿਚ ਖਿਆਲਾਂ ਅਤੇ ਰਹਿਣੀ ਰਹਿਤ ਵਿਚ ਸ਼ਾਖਸਾਤ ਗੁਰੂ ਨਾਨਕ ਜੀ ਦਾ ਹੀ ਰੂਪ ਬਣ ਗਏ ਸਨ। ਆਪਣੀ ਗੁਰੂ-ਭਗਤੀ, ਸੇਵਾ, ਸਿਮਰਨ, ਹੁਕਮ ਮੰਨਣ, ਨਿਮਰਤਾ ਆਦਿਕ ਗੁਣਾਂ ਕਾਰਨ ਸਤਿਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਦੇ ਪਾਤਰ ਬਣ ਗਏ। ਆਪ ਜੀ ਦੀ ਤੇ ਗੁਰੂ ਨਾਨਕ ਦੇਵ ਜੀ ਦੀ ਮਹਾਨ ਸ਼ਖ਼ਸੀਅਤ ਵਿਚ ਫ਼ਰਕ ਸਮਝਣਾ ਹੀ ਮੁਸ਼ਕਲ ਹੋ ਗਿਆ ਸੀ।

## (3) ਗੁਰਗੱਦੀ ਦੀ ਮਹਾਨ ਜ਼ਿੰਮੇਵਾਰੀ ਮਿਲਣੀ

ਪੂਰਨ ਤੌਰ ਤੇ ਯੋਗ ਅਰ ਕਾਬਲ ਜਾਨਸ਼ੀਨ ਜਾਂਚ ਕੇ ਸਾਹਿਬ ਸਤਿਗੁਰੂ ਨਾਨਕ ਦੇਵ ਜੀ ਨੇ 17 ਸਤੰਬਰ ਸੰਨ 1539 ਨੂੰ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦਾ ਨਾਮ ਦੇ ਕੇ ਮੁਖੀ ਸਿੱਖਾਂ ਦੀ ਮੌਜੂਦਗੀ ਵਿਚ ਆਪਣੀ ਥਾਵੇਂ ਧਰਮ ਪ੍ਰਚਾਰ ਕਰਨ ਲਈ ਗੁਰਗੱਦੀ ਦੀ ਮਹਾਨ ਜ਼ਿੰਮੇਵਾਰੀ ਸੌਂਪ ਦਿਤੀ। "ਅੰਗਦ" ਲਫ਼ਜ਼ ਤੋਂ ਮੁਰਾਦ ਭੀ "ਗੁਰੂ ਨਾਨਕ ਦੇ ਸਰੀਰ ਦਾ ਹਿੱਸਾ" ਸੀ ਤੇ ਇਹੋ ਕਾਰਨ ਹੈ ਕਿ ਗੁਰਗੱਦੀ ਤੇ ਬੈਠਣ ਉਪਰੰਤ ਜੋ ਵੀ ਬਾਣੀ ਭਾਈ ਲਹਿਣਾ ਜੀ ਨੇ ਰਚੀ, ਉਸ ਵਿਚ 'ਨਾਨਕ' ਨਾਮ ਦੀ ਛਾਪ ਹੀ ਵਰਤੀ ਹੈ। ਸੱਪਸ਼ਟ ਹੀ ਹੈ ਕਿ ਆਪ ਗੁਰੂ ਨਾਨਕ ਦਾ ਰੂਪ ਹੀ ਬਣ ਗਏ। ਗੁਰਗੱਦੀ ਦੀ ਜ਼ਿੰਮੇਵਾਰੀ ਦੇਣ ਸਮੇਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਦਾ ਉਹ ਸੰਗ੍ਰਹਿ ਭੀ ਗੁਰੂ ਅੰਗਦ ਦੇਵ ਜੀ ਦੇ ਹਵਾਲੇ ਕਰ ਦਿੱਤਾ ਜਿਸ ਵਿੱਚ ਆਪ ਜੀ ਦੀ ਆਪਣੀ ਬਾਣੀ ਤੇ ਹੋਰ ਭਗਤ ਬਾਣੀ (ਫਰੀਦ ਜੀ, ਕਬੀਰ ਜੀ, ਨਾਮਦੇਵ ਜੀ, ਰਵੀਦਾਸ ਜੀ, ਆਦਿਕ ਭਗਤਾਂ ਦੀ ਬਾਣੀ) ਵੀ ਸ਼ਾਮਿਲ ਸੀ। ਇਸ ਤੋਂ ਪੰਜ ਦਿਨ ਪਿਛੋਂ 22 ਸਤੰਬਰ ਸੰਨ 1539 ਨੂੰ ਗੁਰੂ ਨਾਨਕ ਦੇਵ ਜੀ ਆਪ ਜੋਤੀ-ਜੋਤ ਸਮਾ ਗਏ।

### *ਸਿੱਖ ਮੱਤ ਵਿੱਚ ਗੁਰਗੱਦੀ ਦੀ ਜ਼ਿੰਮੇਵਾਰੀ*

ਸਿੱਖ ਮੱਤ ਵਿੱਚ ਗੁਰਗੱਦੀ ਵਿਰਾਸਤ ਵਿਚ ਵੱਡੇ ਪੁੱਤਰ ਨੂੰ ਜਾਂ ਸੰਤਾਨ ਨੂੰ ਮਿਲਣ ਵਾਲੀ ਚੀਜ਼ ਨਹੀਂ ਸੀ। ਇਹ ਕਿਸੇ ਹੱਦ ਤੱਕ ਗੁਣਾਂ ਦੇ ਆਧਾਰ ਤੇ ਪਹਿਲੇ ਸਤਿਗੁਰੂ ਪਾਸੋਂ ਬਖ਼ਸ਼ਿਸ਼ ਰੂਪ ਵਿੱਚ ਮਿਲੀ ਦਾਤ ਸੀ। ਇਹ ਪੂਜਾ ਕਰਵਾਉਣ ਵਾਲਾ ਤਖਤ ਜਾਂ ਸਿੰਘਾਸਨ ਨਹੀਂ ਸੀ, ਬਲਕਿ ਸਾਰੀ ਮਨੁੱਖਤਾ ਨੂੰ ਪ੍ਰਮੇਸ਼ਰ ਦੇ ਚਰਨਾਂ ਨਾਲ ਜੋੜਨ ਲਈ ਦਿਨ-ਰਾਤ ਇੱਕ ਕਰਕੇ ਸੁੱਚਜੀ ਰਾਹਨੁਮਾਈ ਦੇਣ ਤੇ ਧਰਮ ਪਰਚਾਰ ਕਰਨ ਦੀ ਮਹਾਨ ਜ਼ਿੰਮੇਵਾਰੀ ਸੀ। ਲੋਕਤੰਤਰੀ ਤਰੀਕੇ ਨਾਲ ਜਾਂ ਬਹੁਸੰਮਤੀ ਦੇ ਜ਼ੋਰ ਨਾਲ ਵੀ ਇਹ ਜ਼ਿੰਮੇਵਾਰੀ ਕਿਸੇ ਨੂੰ ਨਹੀਂ ਸੀ ਦਿਤੀ ਜਾ ਸਕਦੀ ਤੇ ਨਾ ਹੀ ਕੋਈ ਰਾਜ-ਬਲ ਆਦਿਕ ਦੀ ਮਦਦ ਨਾਲ ਇਸ ਜ਼ਿੰਮੇਵਾਰੀ ਦਾ ਵਾਰਿਸ ਬਣ ਸਕਦਾ ਸੀ। ਇਹ ਤਾਂ ਇਕ

ਜ਼ਿੰਮੇਵਾਰ ਸਤਿਗੁਰੂ ਵਲੋਂ ਪੂਰਨ ਜ਼ਿੰਮੇਵਾਰੀ ਨਾਲ ਪਰਖ ਕੇ, ਪੂਰਨ ਭਰੋਸੇ-ਯੋਗ, ਅਧਿਕਾਰੀ ਵਿਅਕਤੀ ਨੂੰ ਮਿਲਣ ਵਾਲੀ ਮਹਾਨ ਦਾਤ ਸੀ, ਜੋ ਜ਼ਿੰਮੇਵਾਰੀਆਂ ਤੇ ਸਿਰਫ਼ ਜ਼ਿੰਮੇਵਾਰੀਆਂ ਨਾਲ ਭਰਪੂਰ ਸੀ।

ਬਾਬਾ ਸ੍ਰੀ ਚੰਦ ਇਕ ਬਹੁਤ ਪਵਿੱਤਰ ਜੀਵਨ ਦੇ ਧਾਰਨੀ ਧਰਮਾਤਮਾ ਪੁਰਸ਼ ਸਨ। ਉਹ ਸਮਾਜ ਦੇ ਕਾਫੀ ਤਬਕੇ ਵਿਚ ਸਤਿਕਾਰੇ ਵੀ ਜਾਂਦੇ ਸਨ। ਗੁਰੂ ਨਾਨਕ ਪਾਤਿਸ਼ਾਹ ਦੇ ਮੱਤ ਵਿਚ ਮਨੁੱਖ ਨੂੰ ਤਿਆਗ ਦੇ ਨਾਮ ਤੇ ਜ਼ਿੰਦਗੀ ਤੋਂ ਤੋੜ ਕੇ, ਘਰ-ਬਾਰ ਤੇ ਗ੍ਰਿਹਸਤ ਧਰਮ ਛੱਡ ਕੇ ਸਾਧ ਮਲੰਗ ਬਣਨ ਦੀ ਪ੍ਰੇਰਨਾ ਨਹੀਂ ਦਿਤੀ ਗਈ, ਬਲਕਿ ਇਸ ਵਿਚ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੀ ਸਾਂਵੀ ਤੇ ਆਦਰਸ਼ਕ ਜੀਵਨ ਜੁਗਤੀ ਰਾਹੀਂ ਜ਼ਿੰਦਗੀ ਜਿਊਣ ਦੀ ਜਾਚ ਦੱਸੀ ਗਈ ਹੈ। ਇਤਿਹਾਸ ਵਿੱਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਬਾਬਾ ਸ੍ਰੀ ਚੰਦ ਜੀ ਗੁਰੂ ਨਾਨਕ ਸਾਹਿਬ ਦੀ ਗੱਦੀ ਲਈ ਬਹੁਤੇ ਖਾਹਿਸ਼ਮੰਦ ਨਹੀਂ ਸਨ, ਪਰ ਉਹਨਾਂ ਦੇ ਆਪਣੇ ਕਈ ਸ਼ਰਧਾਲੂ ਵੀ ਸਨ। ਜੋ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਦਾ ਵੱਡਾ ਸਪੁੱਤਰ ਹੋਣ ਕਾਰਨ ਵੀ ਗੁਰਗੱਦੀ ਉਤੇ ਬਿਠਾਣਾ ਚਾਹੁੰਦੇ ਸਨ। ਅਜਿਹੇ ਲੋਕਾਂ ਤੋਂ ਵਿਰੋਧਤਾ ਸੁਭਾਵਿਕ ਸੀ। ਸਭ ਹਾਲਤਾਂ ਨੂੰ ਮੁੱਖ ਰੱਖ ਕੇ ਹੀ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਗੁਰੂ ਅੰਗਦ ਦੇਵ ਜੀ ਨੂੰ ਕਰਤਾਰਪੁਰ ਦੀ ਥਾਵੇਂ ਖਡੂਰ ਵਿਖੇ ਆਪਣੇ ਪ੍ਰਚਾਰ ਦਾ ਮੁੱਖ ਕੇਂਦਰ ਬਣਾਉਣ ਦਾ ਆਦੇਸ਼ ਦਿਤਾ ਸੀ। ਠੀਕ ਹੈ, ਇਸਦੇ ਕੁਝ ਹੋਰ ਕਾਰਨ ਵੀ ਸਨ। ਚਨਾਬ ਦਰਿਆ ਤੋਂ ਪਰੇ ਦੇ ਇਲਾਕੇ ਨੂੰ ਮੁਸਲਮਾਨ ਬਹੁਤ ਹੱਦ ਤੱਕ ਇਸਲਾਮ ਦੇ ਦਾਇਰੇ ਵਿਚ ਲਿਆ ਚੁੱਕੇ ਸਨ। ਕਰਤਾਰਪੁਰ ਦੇ ਸਿੱਖੀ ਕੇਂਦਰ ਨੇ ਰਾਵੀ ਉੱਤਰ ਵਾਲੇ ਇਲਾਕੇ ਵਿਚ ਪ੍ਰਚਾਰ ਕਰਕੇ ਇਸਲਾਮ ਨੂੰ ਠੱਲ੍ਹ ਪਾ ਦਿੱਤੀ ਸੀ ਤੇ ਗੁਰੂ ਨਾਨਕ ਦੇਵ ਜੀ ਨੇ ਹੁਣ ਗੁਰੂ ਅੰਗਦ ਦੇਵ ਜੀ ਨੂੰ ਰਾਵੀ ਤੇ ਬਿਆਸ ਦੇ ਵਿਚਲੇ ਇਲਾਕੇ ਮਾਝੇ ਨੂੰ ਸੰਭਾਲਣ ਦੀ ਰਾਏ ਦਿਤੀ ਸੀ ਤੇ ਇਸ ਲਈ ਖਡੂਰ ਦਾ ਕੇਂਦਰ ਬਹੁਤ ਢੁਕਵਾਂ ਸੀ।

ਗੁਰੂ ਅੰਗਦ ਦੇਵ ਜੀ ਆਪਣੇ ਗੁਣਾਂ, ਸੁਭਾਅ, ਆਸ਼ਿਆਂ, ਆਦਰਸ਼ਾਂ ਆਦਿਕ ਦੇ ਨਜ਼ਰੀਏ ਨਾਲ ਗੁਰੂ ਨਾਨਕ ਸਾਹਿਬ ਦੇ ਬਿਲਕੁਲ ਅਨੁਕੂਲ ਸਨ ਤੇ ਗੁਰੂ ਨਾਨਕ ਸਾਹਿਬ ਵਰਗੀ ਪੂਰਨ ਹਸਤੀ ਨੇ ਆਪ ਪਰਖ ਕਰਕੇ ਹੀ ਉਹਨਾਂ ਨੂੰ ਆਪਣਾ ਯੋਗ ਵਾਰਿਸ ਥਾਪਿਆ ਸੀ। ਗੁਰੂ ਨਾਨਕ ਸਾਹਿਬ ਦਾ ਇਹ ਫ਼ੈਸਲਾ ਤੇ ਇਹ ਚੋਣ ਸਿੱਖੀ ਲਈ ਕਿਤਨੀ ਢੁਕਵੀ ਤੇ ਲਾਭਦਾਇਕ ਸਾਬਤ ਹੋਈ, ਇਹ ਗੱਲ ਤਾਂ ਗੁਰੂ ਅੰਗਦ ਦੇਵ ਜੀ ਦੇ ਸੰਨ 1539 ਤੋਂ 1552 ਤੱਕ ਦੇ ਗੁਰਗੱਦੀ ਕਾਲ ਵਿਚ ਕੀਤੇ ਕਾਰਨਾਮਿਆਂ ਤੋਂ ਹੀ ਭਲੀ-ਭਾਂਤ ਟਪਕ ਪੈਂਦੀ ਹੈ। ਗੁਰਗੱਦੀ ਮਿਲਣ ਉਤੇ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਨੇ ਕਾਫ਼ੀ ਰੋਸ ਕੀਤਾ ਸੀ ਪਰ ਜੇ ਗੁਰੂ ਅੰਗਦ ਸਾਹਿਬ ਵਰਗੀ ਪਵਿੱਤਰ, ਸਾਦਾ, ਨਿਸ਼ਕਾਮ ਤੇ ਖਿਮਾ, ਭਗਤੀ, ਸਹਿਣਸ਼ੀਲਤਾ ਆਦਿਕ ਗੁਣਾਂ ਨਾਲ ਭਰਪੂਰ ਮਹਾਨ ਪਰੋਪਕਾਰੀ ਹਸਤੀ ਗੱਦੀ ਤੇ ਬਿਰਾਜਮਾਨ ਨਾ ਹੁੰਦੀ ਤਾਂ ਅਜਿਹੇ ਰੋਸ ਅਤੇ ਵਿਰੋਧਤਾ ਕਾਰਨ ਸਿੱਖ ਜਥੇਬੰਦੀ ਖੇਰੂੰ-ਖੇਰੂੰ ਹੋ ਸਕਦੀ ਸੀ।

ਸ: ਖੁਸ਼ਵੰਤ ਸਿੰਘ ਨੇ "A History of the Sikhs" ਵਿਚ ਗੁਰੂ ਅੰਗਦ ਦੇਵ ਜੀ ਵਾਲੀ ਚੋਣ ਦਾ ਇਕ ਹੋਰ ਪਖੋਂ ਭੀ ਲਾਭਦਾਈ ਹੋਣ ਪ੍ਰਗਟ ਕੀਤਾ ਹੈ। ਉਹ ਲਿਖਦੇ ਹਨ :

"An additional factor in prefering Lehna was the fact that he had a sizeable followers of his own which he was gradually bringing into the Sikh fold."

ਭਾਵ : ਇਕ ਹੋਰ ਗੱਲ ਜੋ ਭਾਈ ਲਹਿਣਾ ਜੀ ਦੇ ਹੱਕ ਵਿਚ ਜਾਂਦੀ ਸੀ ਉਹ ਸੀ ਉਨ੍ਹਾਂ ਦੇ ਬਹੁਤ ਸਾਰੇ ਆਪਣੇ ਸੇਵਕ ਜਿਨ੍ਹਾਂ ਨੂੰ ਉਹ ਹੌਲੀ-ਹੌਲੀ ਸਿੱਖ ਧਰਮ ਦੇ ਦਾਇਰੇ ਵਿਚ ਲਿਆ ਰਹੇ ਸਨ।

ਗੁਰੂ ਅੰਗਦ ਦੇਵ ਜੀ ਦੀ ਗੁਰਗੱਦੀ ਲਈ ਚੋਣ ਦੇ ਪਿਛੇ ਇਸ ਕਾਰਨ ਦੇ ਹੋਣ ਦੀ ਗੱਲ ਨਾਲ ਤਾਂ ਅਸੀਂ ਉਕੇ ਹੀ ਸਹਿਮਤ ਨਹੀਂ। ਗੁਰਗੱਦੀ ਦੀ ਚੋਣ ਦਾ ਕਾਰਨ ਤਾਂ ਸਿੱਧਾ ਅਰ ਸੱਪਸ਼ਟ ਹੈ ਕਿ ਆਪ ਗੁਰੂ ਨਾਨਕ ਪਾਤਿਸ਼ਾਹ ਦੀ ਪਰਖ ਦੀ ਕਸਵੱਟੀ ਉਤੇ ਬਿਲਕੁਲ ਪੂਰੇ ਉਤਰੇ ਸਨ ਤੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਿਸ ਬਣਨ ਦੇ ਬਿਲਕੁਲ ਪੂਰੀ ਤਰ੍ਹਾਂ ਯੋਗ ਸਨ। ਇਹ ਗੱਲ ਵਖਰੀ ਹੈ, ਕਿ ਗੁਰੂ ਅੰਗਦ ਦੇਵ ਜੀ ਦੇ ਦੇਵੀ-ਭਗਤ ਟੋਲੇ ਦੇ ਆਗੂ ਹੋਣ ਵਾਲੇ ਪਿਛੋਕੜ ਨੇ ਦੇਵੀ-ਭਗਤਾਂ ਦੀ ਅਸਾਰਤਾ ਉਘਾੜਨ ਤੇ ਸਿੱਖੀ ਦਾ ਦਾਇਰਾ ਵਧਾਉਣ ਵਿਚ ਭਾਰੀ ਮਦਦ ਕੀਤੀ ਸੀ। ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਬਹੁਤ ਚੰਗੇ ਲਫ਼ਜ਼ਾਂ ਵਿਚ ਉਘਾੜਿਆ ਤੇ ਸੱਪਸ਼ਟ ਕੀਤਾ ਹੈ ਕਿ ਸਿੱਖੀ ਵਿਚ ਗੁਣਾਂ ਦੀ ਹੀ ਸਾਂਝ ਹੈ। ਭਾਈ ਲਹਿਣਾ ਜੀ ਗੁਰੂ ਨਾਨਕ ਦਾ ਰੂਪ ਬਣ ਗਏ ਸਨ ਜਿਵੇਂ ਪਾਰਸ ਤੇ ਚੰਦਨ ਦੀ ਛੁਹ ਨਾਲ ਸਾਧਾਰਨ ਲੋਹਾ ਸੋਨਾ ਅਤੇ ਲਕੜੀ ਚੰਦਨ ਬਣ ਜਾਂਦੀ ਹੈ, ਜਾਂ ਜਿਵੇਂ ਦੀਪਕ ਤੋਂ ਦੀਪਕ ਪ੍ਰਕਾਸ਼ਮਾਨ ਹੋ ਜਾਂਦਾ ਹੈ। ਸ਼ੱਕ ਨਹੀਂ ਕਿ ਗੁਰੂ ਨਾਨਕ ਤੇ ਗੁਰੂ ਅੰਗਦ ਦੇ ਸਰੀਰ ਅੱਡ-ਅੱਡ ਸਨ ਪਰ ਦੋਹਾਂ ਦੀ ਜੋਤ ਤੇ ਜੀਵਨ-ਜੁਗਤ ਤਾਂ ਇਕੋ ਜਿਹੀ ਸੀ। ਯਥਾ :

ਪਾਰਸੁ ਹੋਆ ਪਾਰਸਹੁੰ, ਸਤਿਗੁਰ ਪਰਚੇ ਸਤਿਗੁਰ ਕਹਣਾ॥
ਚੰਦਨੁ ਹੋਇਆ ਚੰਦਨਹੁੰ, ਗੁਰ ਉਪਦੇਸ਼ ਰਹਿਤ ਵਿਚ ਰਹਣਾ॥
ਜੋਤਿ ਸਮਾਣੀ ਜੋਤਿ ਵਿਚ, ਗੁਰਮਤਿ ਸੁਖੁ ਦੁਰਮਤਿ ਦੁਖ ਦਹਣਾ॥
ਅਚਰਜ ਨੂੰ ਅਚਰਜੁ ਮਿਲੈ, ਵਿਸਮਾਦੇ ਵਿਸਮਾਦ ਸਮਹਣਾ॥
ਅਪਿਉ ਪੀਅਣ, ਨਿਝਰੁ ਝਰਨ, ਅਜਰ ਜਰਨ, ਅਸਹੀਅਣੁ ਸਹਣਾ॥
ਸਚੁ ਸਮਾਣਾ ਸਚੁ ਵਿਚਿ, ਗਾਡੀ ਰਾਹੁ ਸਾਧ ਸੰਗਿ ਵਹਣਾ॥
ਬਾਬਾਣੈ ਘਰਿ ਚਾਨਣ ਲਹਿਣਾ॥

(ਵਾਰ ੨੪-੬)

ਥਾਪਿਆ ਲਹਿਣਾ ਜੀਵਦੇ, ਗੁਰਿਆਈ ਸਿਰ ਛਤ੍ਰ ਫਿਰਾਇਆ॥

ਜੋਤੀ ਜੋਤਿ ਮਿਲਾਇ ਕੈ, ਸਤਿਗੁਰ ਨਾਨਕ ਰੂਪ ਵਟਾਇਆ॥
ਲਖਿ ਨ ਕੋਈ ਸਕਈ, ਆਚਰਜੇ ਆਚਰਜ ਕਰਾਇਆ॥
ਕਾਇਆ ਪਲਟਿ ਸਰੂਪ ਬਣਾਇਆ॥

(ਵਾਰ ੧ – ਪੰ: ੪੫)

ਸੋ ਟਿਕਾ ਸੋ ਛਤ੍ਰੁ ਸਿਰਿ ਸੋਈ ਸਚਾ ਤਖਤੁ ਟਿਕਾਈ॥
ਗੁਰ ਨਾਨਕ ਹੰਦੀ ਮੁਹਰ ਹਥਿ, ਗੁਰ ਅੰਗਦ ਦੀ ਦੋਹੀ ਫਿਰਾਈ॥
ਦਿਤਾ ਛੋੜਿ ਕਰਤਾਰਪੁਰ, ਬੈਠਿ ਖਡੂਰੇ ਜੋਤਿ ਜਗਾਈ॥
ਜੰਮੇ ਪੂਰਬਿ ਬੀਜਿਆ, ਵਿਚ ਵਿਚ ਹੋਰ ਕੂੜੀ ਚਤੁਰਾਈ॥

(ਵਾਰ - ੧, ਪੰ: ੪੬)

ਗੁਰੁ ਅੰਗਦੁ ਗੁਰੁ ਅੰਗੁ ਤੇ, ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ॥
ਜੋਤੀ ਜੋਤਿ ਜਗਾਈਅਨੁ, ਦੀਵੇ ਤੇ ਜਿਉ ਦੀਵਾ ਬਲਿਆ॥
ਹੀਰੈ ਹੀਰਾ ਬੇਧਿਆ, ਛਲੁ ਕਰਿ ਅਛਲੀ ਅਛਲੁ ਛਲਿਆ॥
ਕੋਈ ਬੁਝਿ ਨ ਹੰਘਈ, ਪਾਣੀ ਅੰਦਰਿ ਪਾਣੀ ਰਲਿਆ॥ (ਵਾਰ ੨੪-੮)

ਗੁਰੂ ਅੰਗਦ ਦੇਵ ਜੀ ਦੀ ਮਹਾਨ ਸ਼ਖਸੀਅਤ ਤੇ ਗੁਣਾਂ ਬਾਰੇ ਭੱਟ ਕਲਸਹਾਰ (ਜਿਸ ਦੇ ਦੂਜੇ ਨਾਮ ਕਲ ਤੇ ਟਲ ਵੀ ਹਨ) ਨੇ ਬਹੁਤ ਸੁੱਚਜੇ ਲਫ਼ਜ਼ਾਂ ਵਿਚ ਇਉਂ ਚਾਨਣਾ ਪਾਇਆ ਹੈ :-

ਅਮਿਅ ਦ੍ਰਿਸਟਿ ਸੁਭ ਕਰੈ, ਹਰੈ ਅਘ ਪਾਪ ਸਕਲ ਮਲ॥
ਕਾਮ ਕ੍ਰੋਧ ਅਰੁ ਲੋਭ ਮੋਹ, ਵਸਿ ਕਰੈ ਸਭੈ ਬਲ॥
ਸਦਾ ਸੁਖੁ ਮਨਿ ਵਸੈ, ਦੁਖੁ ਸੰਸਾਰਹ ਖੋਵੈ॥
ਗੁਰੁ ਨਵਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ॥
ਸੁ ਕਹੁ ਟਲ ਗੁਰੁ ਸੇਵੀਐ, ਅਹਿਨਿਸਿ ਸਹਜਿ ਸੁਭਾਇ॥
ਦਰਸਨਿ ਪਰਸਿਐ ਗੁਰੂ ਕੈ, ਜਨਮ ਮਰਣ ਦੁਖੁ ਜਾਇ॥ (੧੩੯੨)

ਅਰਥਾਤ ਗੁਰੂ ਅੰਗਦ ਦੇਵ ਜੀ ਜਿਸ ਮਨੁੱਖ ਉਤੇ ਭੀ ਆਪਣੀ ਅੰਮ੍ਰਿਤ-ਦ੍ਰਿਸ਼ਟੀ ਕਰਦੇ ਹਨ, ਉਸ ਦੇ ਸਭ ਪਾਪ ਤੇ ਵਿਕਾਰਾਂ ਦੀਆਂ ਸਭ ਮੈਲਾਂ ਦੂਰ ਕਰ ਦਿੰਦੇ ਹਨ ਅਤੇ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਸਭ ਉਸ ਦੇ ਵੱਸ ਕਰ ਦਿੰਦੇ ਹਨ। ਗੁਰੂ ਅੰਗਦ ਦੇਵ ਜੀ ਦੇ ਆਪਣੇ ਮਨ ਵਿਚ ਸਦਾ ਕਾਇਮ ਰਹਿਣ ਵਾਲਾ ਸਦੀਵੀ ਸੁਖ ਵਸਦਾ ਹੈ ਤੇ ਗੁਰੂ ਅੰਗਦ ਜੀ ਸਾਡੇ ਜਨਮ-ਜਨਮਾਂਤਰਾਂ ਦੀ ਕਾਲਖ ਧੋ ਦਿੰਦੇ ਹਨ। ਕਲਸਹਾਰ ਜੀ ਫ਼ੁਰਮਾਉਂਦੇ ਹਨ ਕਿ ਐਸੇ ਗੁਰੂ ਅੰਗਦ ਦੇਵ ਜੀ ਦੀ ਆਤਮਿਕ ਅਡੋਲਤਾ ਤੇ ਸ਼ਰਧਾ ਭਾਵਨੀ ਵਿਚ ਟਿਕ ਕੇ ਦਿਨ-ਰਾਤ ਸੇਵਾ ਕਰਨੀ ਚਾਹੀਦੀ ਹੈ ਕਿਉਂਕਿ ਅਜਿਹੇ ਗੁਰੂ ਦੇ ਦਰਸ਼ਨ ਕਰਨ ਨਾਲ ਜਨਮ-ਮਰਨ ਦਾ ਦੁਖ ਦੂਰ ਹੋ ਜਾਂਦਾ ਹੈ।

ਰਾਏ ਬਲਵੰਡ ਅਤੇ ਸਤੇ ਡੂਮ ਦੀ ਵਾਰ ਤੋਂ ਵੀ ਗੁਰੂ ਅੰਗਦ ਦੇਵ ਜੀ ਦੀ ਸ਼ਖ਼ਸੀਅਤ ਤੇ ਜੀਵਨ ਇਤਿਹਾਸ ਬਾਰੇ ਕੁਝ ਕੁ ਤੱਥ ਮਿਲ ਜਾਂਦੇ ਹਨ ਜਿਹਨਾਂ ਨੂੰ ਸੰਖੇਪ ਵਿਚ ਹੇਠ ਲਿਖੇ ਅਨੁਸਾਰ ਕਲਮਬੰਦ ਕੀਤਾ ਜਾ ਸਕਦਾ ਹੈ :

1. ਗੁਰੂ ਅੰਗਦ ਸਦਾ ਰੱਬੀ ਨਾਮ ਦਾ ਅੰਮ੍ਰਿਤ ਪੀਂਦੇ ਰਹਿੰਦੇ ਸਨ।
2. ਗੁਰੂ ਨਾਨਕ ਦੇਵ ਜੀ ਨੇ ਆਪਣੇ ਹਯਾਤੀ ਵਿਚ ਹੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿਸ਼ੀ ਤੇ ਆਪ ਭੀ ਉਨ੍ਹਾਂ ਨੂੰ ਨਮਸਕਾਰ ਕੀਤੀ। ਗੁਰੂ ਅੰਗਦ ਦੇਵ ਜੀ ਵਿਚ ਗੁਰੂ ਨਾਨਕ ਦੇਵ ਜੀ ਦੀ ਹੀ ਜੋਤ ਤੇ ਉਹਨਾਂ ਦੀ ਹੀ ਜੀਵਨ-ਜੁਗਤੀ ਸੀ। ਦਰਅਸਲ ਕੇਵਲ ਸਰੀਰ ਹੀ ਬਦਲਿਆ ਸੀ। ਗੁਰੂ ਅੰਗਦ ਦੇਵ ਜੀ ਨੇ ਸਦਾ ਉਹੋ ਕੁਝ ਹੀ ਕੀਤਾ ਜੋ ਗੁਰੂ ਨਾਨਕ ਦੇਵ ਜੀ ਨੇ ਚਾਹਿਆ ਅਤੇ ਫੁਰਮਾਇਆ। ਆਪ ਗੁਰਮਤਿ ਪਰਚਾਰ ਦੀ ਕਰੜੀ ਘਾਲਣਾ ਘਾਲਦੇ ਸਨ।
3. ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਅਤੇ ਸੰਗਤ ਕਰਨ ਨਾਲ ਜੀਵਾਂ ਦੀ ਜਨਮ ਜਨਮਾਤਰਾਂ ਦੀ ਮੈਲ ਕੱਟੀ ਜਾਂਦੀ ਸੀ।
4. ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਹਰ ਬਚਨ ਸਤਿ ਕਰਕੇ ਮੰਨਿਆ। ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਨੇ ਗੁਰੂ ਨਾਨਕ ਦੇਵ ਜੀ ਦੇ ਬਚਨ ਨਹੀਂ ਸਨ ਮੰਨੇ। ਨਿਮਰਤਾ ਧਾਰਨ ਕਰਕੇ ਆਪ ਨੇ ਹੁਕਮ ਮੰਨਣ ਦੀ ਕਾਰ ਕੀਤੀ ਸੀ। ਗੁਰੂ ਅੰਗਦ ਦੇਵ ਜੀ ਮਰਦਾਂ ਵਾਲੀ ਕਰੜੀ ਘਾਲ ਘਾਲ ਕੇ ਹੀ ਗੁਰੂ ਨਾਨਕ ਦੇ ਦਰ ਤੇ ਕਬੂਲ ਹੋਏ ਸਨ। ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀ ਸ਼ਖਸੀਅਤ ਦੀ ਬਹੁਤ ਕਰੜੀ ਪਰੀਖਿਆ ਪੂਰੀ ਤਰ੍ਹਾਂ ਠੁਣਕਾ ਕੇ ਲਈ ਸੀ ਤੇ ਪੂਰੇ ਉਤਰਨ ਤੇ ਹੀ ਆਪ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਬਖਸ਼ੀ ਸੀ। ਇਸਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਭ ਸਿੱਖਾਂ ਤੇ ਪੁੱਤਰਾਂ ਦੀ ਪਰਖ ਭੀ ਕੀਤੀ ਸੀ, ਪਰ ਪਰਖ ਵਿਚ ਸਿਰਫ਼ ਗੁਰੂ ਅੰਗਦ ਦੇਵ ਜੀ ਹੀ ਪੂਰੇ ਉਤਰ ਸਕੇ ਸਨ।
5. ਗੁਰੂ ਅੰਗਦ ਦੇਵ ਜੀ ਤੇ ਮਹਿਲ ਮਾਤਾ ਖੀਵੀ ਜੀ ਇਕ ਬਹੁਤ ਨੇਕ ਤੇ ਉੱਚੀ ਆਤਮਾ ਸਨ। ਆਪ ਗੁਰੂ ਘਰ ਦੇ ਸੇਵਕਾਂ ਨੂੰ ਮਾਂ ਦੀ ਤਰ੍ਹਾਂ ਸੁੱਖ ਦੇਣ ਵਾਲੇ ਸਨ। ਗੁਰੂ ਕੇ ਲੰਗਰ ਦਾ ਆਪ ਬਹੁਤ ਸੁਚੱਜਾ ਪ੍ਰਬੰਧ ਕਰਦੇ ਸਨ।

ਰਾਏ ਬਲਵੰਡ ਤੇ ਸਤੇ ਡੂਮ ਦੀ ਵਾਰ ਵਿਚੋਂ ਗੁਰੂ ਅੰਗਦ ਦੇਵ ਜੀ ਦੀ ਮਹਾਨ ਸ਼ਖ਼ਸੀਅਤ ਬਾਰੇ ਉਚਾਰੀਆਂ ਪਉੜੀਆਂ ਖੁੱਲ੍ਹੇ ਅਨੁਵਾਦ ਸਮੇਤ ਹੇਠਾਂ ਅੰਕਤ ਕੀਤੀਆਂ ਜਾਂਦੀਆਂ ਹਨ ਤਾਂ ਕਿ ਗੁਰੂ ਅੰਗਦ ਦੇਵ ਜੀ ਦੀ ਮਹਾਨ ਸ਼ਖ਼ਸੀਅਤ ਪੂਰੀ ਤਰ੍ਹਾਂ ਸੱਪਸ਼ਟ ਹੋ ਜਾਵੇ ਤੇ ਨਾਲ ਹੀ ਸਿੱਖੀ ਵਿਚ ਗੁਰੂ ਦੀ ਜੋਤ ਤੇ ਜੁਗਤ ਦੀ ਸਭ ਜਾਮਿਆਂ ਵਿਚ ਏਕਤਾ ਹੋਣ ਦੀ ਗੱਲ ਭੀ ਸਮਝ ਵਿਚ ਆ ਸਕੇ। ਯਾਦ ਰਹੇ, ਇਹ ਵਾਰ ਗੁਰੂ ਗ੍ਰੰਥ ਸਾਹਿਬ ਦੇ ਰਾਗ ਰਾਮਕਲੀ ਵਿਚ ਪੰਨਾ 966 ਤੋਂ 968 ਤੱਕ ਦਰਜ

ਹੈ ਤੇ ਗੁਰੂ ਅੰਗਦ ਦੇਵ ਜੀ ਦੇ ਜੀਵਨ ਨਾਲ ਸੰਬੰਧਤ ਇਕ ਇਤਿਹਾਸਿਕ ਦਸਤਾਵੇਜ਼ ਦੀ ਹੈਸੀਅਤ ਰੱਖਦੀ ਹੈ।

ਨਾਉ ਕਰਤਾ ਕਾਦਰੁ ਕਰੇ, ਕਿਉ ਬੋਲੁ ਹੋਵੈ ਜੋਖੀਵਦੈ॥
ਦੇ ਗੁਨਾ ਸਤਿ ਭੈਣ ਭਰਾਵ ਹੈ, ਪਾਰੰਗਤਿ ਦਾਨੁ ਪੜੀਵਦੈ॥
ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤੁ ਸਿਰਿ, ਕਰਿ ਸਿਫਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮ ਦੇਵ ਦੀ, ਖੜਗਿ ਜੋਰਿ ਪਰਾਕੁਇ ਜੀਅਦੈ॥
ਗੁਰਿ ਚੇਲੇ ਰਹਰਾਸਿ ਕੀਈ, ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥ ੧ ॥

ਭਾਵ : ਬਲਵੰਡ ਜੀ ਗੁਰੂ ਨਾਨਕ ਜੀ ਦੀ ਉਸਤਤ ਵਿਚ ਫ਼ੁਰਮਾਉਂਦੇ ਹਨ ਕਿ ਜਿਸ ਦਾ ਨਾਮਣਾ ਕਾਦਰ ਕਰਤਾ ਆਪ ਉੱਚਾ ਕਰਦਾ ਹੈ, ਉਸ ਨੂੰ ਜੋਖਣ ਵਾਸਤੇ ਬਚਨ ਕਿਉਂ ਕਰ ਹੋ ਸਕਦਾ ਹੈ? ਸਤਿ ਆਦਿਕ ਦੈਵੀ ਗੁਣ ਤਾਂ ਗੁਰੂ ਜੀ ਦੇ ਭੈਣ-ਭਰਾ ਹਨ ਜੋ ਸੰਸਾਰ ਸਮੁੰਦਰ ਤੋਂ ਪਾਰ ਹੋ ਸਕਣ ਵਾਲੀ ਅਵਸਥਾ ਹਾਸਲ ਕਰਾਉਂਦੇ ਹਨ। ਗੁਰੂ ਨਾਨਕ ਨੇ ਸੱਚ ਰੂਪੀ ਕਿਲ੍ਹੇ ਦੀ ਬਹੁਤ ਮਜ਼ਬੂਤ ਨੀਂਹ ਰੱਖ ਕੇ ਧਰਮ ਦਾ ਰਾਜ ਚਲਾ ਦਿੱਤਾ ਹੈ।

ਸਿਫ਼ਤਾਂ ਕਰਕੇ ਨਾਮ ਅੰਮ੍ਰਿਤ ਪੀਂਦੇ ਲਹਿਣਾ ਜੀ ਦੇ ਸਿਰ ਉਤੇ ਗੁਰੂ ਨਾਨਕ ਨੇ ਗੁਰਿਆਈ ਦਾ ਛੱਤਰ ਧਰ ਦਿੱਤਾ। ਗੁਰੂ ਅਕਾਲ ਪੁਰਖ ਦੀ ਮਤਿ ਰੂਪੀ ਖੜਗ ਦੇ ਜ਼ੋਰ ਅਤੇ ਬਲ ਨਾਲ ਜੀਵਨ ਦੇ ਕੇ ਗੁਰਿਆਈ ਦਾ ਇਹ ਛੱਤਰ ਦਿੱਤਾ। ਆਪਣੀ ਸਲਾਮਤੀ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਭਾਈ ਲਹਿਣਾ ਜੀ ਅਗੇ ਨਮਸਕਾਰ ਕੀਤੀ ਅਤੇ ਆਪਣੀ ਜ਼ਿੰਦਗੀ ਵਿਚ ਹੀ ਉਹਨਾਂ ਨੂੰ ਗੁਰਿਆਈ ਦਾ ਟਿੱਕਾ ਸੌਂਪ ਦਿੱਤਾ

ਲਹਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ॥
ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰ ਪਲਟੀਐ॥
ਝੁਲੈ ਸੁ ਛਤੁ ਨਿਰੰਜਨੀ, ਮਲਿ ਤਖਤੁ ਬੈਠਾ ਗੁਰ ਹਟੀਐ॥
ਕਰਹਿ ਜਿ ਗੁਰ ਫੁਰਮਾਇਆ, ਸਿਲ ਜੋਗੁ ਅਲੂਣੀ ਚਟੀਐ॥
ਲੰਗਰੁ ਚਲੈ ਗੁਰ ਸਬਦਿ, ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ, ਆਪ ਖਹਦੀ ਖੈਰਿ ਦਬਟੀਐ॥
ਹੋਵੈ ਸਿਫਤਿ ਖਸੰਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ॥
ਤੁਧੁ ਡਿਠੇ ਸਚੇ ਪਾਤਿਸਾਹ, ਮਲੁ ਜਨਮ ਜਨਮ ਦੀ ਕਟੀਐ॥
ਸਚੁ ਜਿ ਗੁਰਿ ਫੁਰਮਾਇਆ, ਕਿਉ ਏਦੂ ਬੋਲਹੁ ਹਟੀਐ॥
ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨ ਮੁਰਟੀਐ॥

ਦਿਲਿ ਖੋਟੈ ਆਕੀ ਫਿਰਨਿ, ਬੰਨਿ ਭਾਰੁ ਉਚਾਇਨਿ ਛਟੀਐ ॥
ਜਿਨਿ ਆਖੀ, ਸੋਈ ਕਰੇ, ਜਿਨਿ ਕੀਤੀ ਤਿਨੈ ਥਟੀਐ ॥
ਕਉਣੁ ਹਾਰੇ, ਕਿਨਿ ਉਵਟੀਐ ॥ ੨ ॥ (੯੬੭)

ਭਾਵ : ਭਾਈ ਲਹਿਣਾ ਜੀ ਨੂੰ ਗੁਰਿਆਈ ਮਿਲਣ ਕਾਰਨ ਗੁਰੂ ਨਾਨਕ ਦੀ ਦੋਹੀ ਵਡਿਆਈ ਦੀ ਧੁੰਮ ਵਾਂਗ ਲਹਿਣਾ ਜੀ ਦੀ ਦੋਹੀ ਫਿਰ ਗਈ ਤੇ ਸੰਸਾਰ ਵਿਚ ਫੈਲ ਗਈ। ਲਹਿਣਾ ਜੀ ਵਿਚ ਗੁਰੂ ਨਾਨਕ ਵਾਲੀ ਹੀ ਤਾਂ ਜੋਤ ਸੀ, ਜੀਵਨ-ਜੁਗਤੀ ਵੀ ਗੁਰੂ ਨਾਨਕ ਵਾਲੀ ਹੀ ਸੀ। ਮਾਲਕ ਗੁਰੂ ਨੇ ਕੇਵਲ ਕਾਇਆ ਹੀ ਪਲਟੀ ਸੀ। ਭਾਈ ਲਹਣਾ ਜੀ ਦੇ ਸਿਰ ਉਤੇ ਸੁਹਣਾ ਨਿਰੰਜਨੀ ਛਤਰ ਝੁਲ ਰਿਹਾ ਹੈ ਤੇ ਭਾਈ ਲਹਿਣਾ ਜੀ ਗੁਰੂ ਨਾਨਕ ਦੇ ਹੱਟ ਦਾ ਜਾਣੋ ਤਖਤ ਮੱਲ ਕੇ ਬੈਠ ਗਏ ਹਨ। ਭਾਈ ਲਹਿਣਾ ਜੀ ਉਹੋ ਕੰਮ ਕਰਦੇ ਹਨ ਜੋ ਗੁਰੂ ਨੇ ਫ਼ੁਰਮਾਏ ਹਨ ਅਤੇ ਮਾਨੋ ਇਸ ਗੁਰਮਤ ਜੋਗ ਦੀ ਅਲੂਣੀ ਸਿੱਲ ਚੱਟਦੇ ਹਨ।

ਗੁਰੂ ਦੇ ਸ਼ਬਦ ਰਾਹੀਂ ਨਾਮ ਦਾ ਲੰਗਰ ਚੱਲ ਰਿਹਾ ਹੈ, ਪਰ ਭਾਈ ਲਹਿਣਾ ਜੀ ਦੀ ਨਾਮ ਦੀ ਖੱਟੀ ਵਿਚ ਕੋਈ ਘਾਟਾ ਨਹੀਂ ਪੈਂਦਾ। ਲਹਿਣਾ ਜੀ ਪ੍ਰਭੂ ਨਾਮ ਦੀ ਦਾਤ ਖ਼ਰਚ ਕਰ ਰਹੇ ਹਨ। ਆਪ ਖ਼ੁਦ ਇਹ ਦਾਤ ਵਰਤ ਰਹੇ ਹਨ ਤੇ ਹੋਰਨਾਂ ਨੂੰ ਭੀ ਦਬਾ-ਦਬ ਦਾਨ ਕਰ ਰਹੇ ਹਨ। ਭਾਈ ਲਹਿਣਾ ਜੀ ਦੇ ਦਰਬਾਰ ਵਿਚ ਖਸਮ ਪ੍ਰਭੂ ਦੀ ਸਿਫਤ ਹੋ ਰਹੀ ਹੈ ਤੇ ਅਰਸ਼ਾਂ ਕੁਰਸਾਂ ਤੋਂ ਰੱਬੀ ਨਾਮ ਦਾ ਨੂਰ ਝੜ ਰਿਹਾ ਹੈ। ਹੇ ਸੱਚੇ ਪਾਤਸ਼ਾਹ ਗੁਰੂ ਅੰਗਦ ਜੀ! ਤੈਨੂੰ ਦੇਖ ਕੇ ਜਨਮ-ਜਨਮ ਦੇ ਵਿਕਾਰਾਂ ਦੀ ਮੈਲ ਕੱਟੀ ਜਾਂਦੀ ਹੈ।

ਹੇ ਗੁਰੂ ਅੰਗਦ ਦੇਵ ਜੀ! ਆਪ ਨੇ ਉਹ ਗੱਲ ਸੱਚ ਮੰਨੀ ਜੋ ਗੁਰੂ ਨਾਨਕ ਨੇ ਫ਼ੁਰਮਾਈ। ਇਸ ਬੋਲ ਤੋਂ ਆਪ ਹਟਦੇ ਵੀ ਕਿਉਂ ? ਗੁਰੂ ਨਾਨਕ ਦੇਵ ਜੀ ਦੇ ਪੁਤਰਾਂ ਨੇ ਗੁਰੂ ਨਾਨਕ ਦੇ ਬਚਨ ਨਹੀਂ ਪਾਲੇ ਤੇ ਉਹ ਗੁਰੂ ਪੀਰ ਵਲ ਪਿੱਠ (ਮੋਢੇ) ਦੇ ਕੇ ਉਹਨਾਂ ਦੇ ਬਚਨ ਮੋੜਦੇ ਰਹੇ। ਜੋ ਲੋਕ ਖੋਟੇ ਦਿਲ ਨਾਲ ਗੁਰੂ ਵੱਲੋਂ ਆਕੀ ਹੋਏ ਫਿਰਦੇ ਹਨ, ਉਹ ਮਾਇਕ ਪੰਧਿਆਂ ਦੀ ਛੱਟ ਦਾ ਭਾਰ ਬੰਨ੍ਹ ਕੇ ਚੁੱਕੀ ਰੱਖਦੇ ਹਨ। ਜਿਸ ਗੁਰੂ ਨਾਨਕ ਨੇ ਇਹ ਹੁਕਮ ਦੀ ਗੱਲ ਕਹੀ, ਉਹੋ ਹੀ ਹੁਕਮ ਵਿੱਚ ਤੁਰਨ ਦੀ ਕਾਰ ਕਰ ਰਿਹਾ ਹੈ ਤੇ ਜਿਸ ਨੇ ਇਹ ਹੁਕਮ ਦੀ ਖੇਡ ਰਚੀ ਹੈ, ਇਹ ਉਸੇ ਨੂੰ ਹੀ ਸ਼ੋਭਾ ਦਿੰਦੀ ਹੈ। ਦੇਖਣਾ ਤਾਂ ਇਹ ਹੈ ਕਿ ਹੁਕਮ ਦੀ ਖੇਡ ਤੋਂ ਬਾਗੀ ਹੋ ਕੇ ਕੌਣ ਹਾਰਦਾ ਹੈ ਤੇ ਹੁਕਮ ਦੀ ਖੇਡ ਨੂੰ ਮੰਨ ਕੇ ਕੌਣ ਜੀਵਨ ਦੀ ਬਾਜ਼ੀ ਜਿੱਤ ਜਾਂਦਾ ਹੈ।

ਜਿਨਿ ਕੀਤੀ ਸੋ ਮੰਨਣਾ, ਕੋ ਸਾਲੁ, ਜਿਵਾਹੇ ਸਾਲੀ ॥
ਧਰਮ ਰਾਇ ਹੈ ਦੇਵਤਾ, ਲੈ ਗਲਾ ਕਰੇ ਦਲਾਲੀ ॥
ਸਤਿਗੁਰੁ ਆਖੈ ਸਚਾ ਕਰੇ, ਸਾ ਬਾਤ ਹੋਵੈ ਦਰਹਾਲੀ ॥
ਗੁਰ ਅੰਗਦ ਦੀ ਦੋਹੀ ਫਿਰੀ, ਸਚੁ ਕਰਤੈ ਬੰਧਿ ਬਹਾਲੀ ॥
ਨਾਨਕੁ ਕਾਇਆ ਪਲਟੁ ਕਰਿ, ਮਲਿ ਤਖਤੁ ਬੈਠਾ ਸੈ ਡਾਲੀ ॥
ਦਰੁ ਸੇਵੇ ਉਮਤਿ ਖੜੀ, ਮਸਕਲੈ ਹੋਇ ਜੰਗਾਲੀ ॥

ਦਰਿ ਦਰਵੇਸੁ, ਖਸੰਮ ਦੈ, ਨਾਇ ਸਚੈ ਬਾਣੀ ਲਾਲੀ॥
ਬਲਵੰਡ, ਖੀਵੀ ਨੇਕ ਜਨ, ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ॥
ਗੁਰਸਿਖਾ ਕੇ ਮੁਖ ਉਜਲੇ, ਮਨਮੁਖ ਥੀਏ ਪਰਾਲੀ॥
ਪਏ ਕਬੂਲੁ ਖਸੰਮ ਨਾਲਿ, ਜਾਂ ਘਾਲ ਮਰਦੀ ਘਾਲੀ॥
ਮਾਤਾ ਖੀਵੀ ਸਹੁ ਸੋਇ, ਜਿਨਿ ਗੋਇ ਉਠਾਲੀ ॥ ੩ ॥ (੯੬੭)

ਭਾਵ : ਜਿਸ ਨੇ ਨਿਮਰਤਾ ਵਿਚ ਰਹਿ ਕੇ ਹੁਕਮ ਮੰਨਣ ਦੀ ਕਾਰ ਕੀਤੀ ਹੈ ਉਹ ਗੁਰੂ ਅੰਗਦ ਆਦਰ ਯੋਗ ਬਣਿਆ। ਸਰੇਸ਼ਟ ਕੌਣ ਹੈ ?ਉਚੇ ਟਿਬੇ ਤੇ ਉਗਣ ਵਾਲੀ ਕੰਡਿਆਲੀ ਜਿਵਾਂਹ ਜਾਂ ਨੀਵੀਂ ਥਾਂ ਉਗਣ ਵਾਲੀ ਮੁੰਜੀ ?ਭਾਵ, ਮੁੰਜੀ ਹੀ ਨੀਵੇਂ-ਪਨ ਕਰਕੇ ਸ਼ਰੇਸ਼ਟ ਹੈ। ਨਿਮਰਤਾ ਕਾਰਨ ਗੁਰੂ ਅੰਗਦ ਧਰਮ ਦਾ ਦੇਵਤਾ ਬਣ ਗਿਆ ਹੈ ਜੋ ਜੀਵਾਂ ਦੀਆਂ ਗੱਲਾਂ ਸੁਣ ਕੇ ਪਰਮਾਤਮਾ ਨਾਲ ਜੋੜਨ ਦਾ ਵਿਚੋਲਾਪਨ ਕਰ ਰਿਹਾ ਹੈ। ਜੋ ਗੱਲ ਵੀ ਸਤਿਗੁਰੂ ਅੰਗਦ ਕਹਿੰਦਾ ਹੈ ਉਹੋ ਗੱਲ ਤੁਰੰਤ ਹੋ ਜਾਂਦੀ ਹੈ। ਗੁਰੂ ਅੰਗਦ ਦੀ ਵਡਿਆਈ ਦੀ ਧੁੰਮ ਪੈ ਗਈ ਹੈ ਤੇ ਇਹ ਦੇਹੀ ਪਰਮੇਸ਼ਰ ਨੇ ਆਪ ਬੰਨ੍ਹ ਕੇ ਟਿਕਾ ਦਿਤੀ ਹੈ।

ਸੈਂਕੜੇ ਸਿੱਖਾਂ-ਰੂਪ ਟਹਿਣੀਆਂ ਵਾਲਾ ਗੁਰੂ ਨਾਨਕ ਕਾਇਆਂ ਪਲਟ ਕੇ, ਤਖਤ ਮੱਲ ਕੇ ਬੈਠ ਗਿਆ ਹੈ। ਗੁਰੂ ਅੰਗਦ ਦੇ ਦਰ ਦੀ ਉਸ ਦੀ ਉਮਤ ਪ੍ਰੇਮ ਨਾਲ ਸੇਵਾ ਕਰ ਰਹੀ ਹੈ ਤੇ ਇਸ ਤਰ੍ਹਾਂ ਸੇਵਾ ਰੂਪੀ ਮਸਕਲੇ ਨਾਲ ਆਪਣੀ ਜੰਗਾਲੀ ਹੋਈ ਆਤਮਾ ਨੂੰ ਸਾਫ਼ ਕਰ ਰਹੀ ਹੈ। ਗੁਰੂ ਅੰਗਦ ਮਾਲਕ ਪ੍ਰਭੂ ਦੇ ਦਰ ਦਾ ਦਰਵੇਸ਼ ਹੈ ਤੇ ਪ੍ਰਭੂ ਦੇ ਨਾਮ ਕਾਰਨ ਉਸ ਦੇ ਮੁੱਖ ਤੇ ਲਾਲੀ ਬਣੀ ਹੋਈ ਹੈ। ਬਲਵੰਡ ਜੀ ਕਹਿੰਦੇ ਹਨ ਕਿ ਮਾਤਾ ਖੀਵੀ ਜੀ ਇਕ ਨੇਕ ਔਰਤ ਹਨ, ਜਿਸ ਦੀ ਸਿੱਖ ਸੇਵਕਾਂ ਲਈ ਛਾਂ ਬਹੁਤ ਸੰਘਣੀ ਹੈ। ਗੁਰੂ ਅੰਗਦ ਦੇਵ ਜੀ ਦੇ ਸਤਿਸੰਗ-ਰੂਪੀ ਲੰਗਰ ਵਿਚ ਨਾਮ ਦੌਲਤ ਵੰਡੀ ਜਾਂਦੀ ਹੈ। ਤਿਵੇਂ ਮਾਤਾ ਖੀਵੀ ਜੀ ਵੱਲੋਂ ਅੰਮ੍ਰਿਤ-ਰਸ ਨਾਲ ਭਰਪੂਰ ਘਿਉ ਵਾਲੀ ਖੀਰ ਵੰਡੀ ਜਾਂਦੀ ਹੈ। ਗੁਰਸਿੱਖਾਂ ਦੇ ਮੁੱਖ ਤਾਂ ਖਿੜੇ ਹੋਏ ਉਜਲੇ ਹਨ ਪਰ ਮਨਮੁਖ ਈਰਖਾ ਕਾਰਨ ਪੀਲੇ ਹੋਏ ਪਏ ਹਨ। ਆਪਣੇ ਮਾਲਕ ਗੁਰੂ ਨਾਨਕ ਅੱਗੇ ਗੁਰੂ ਅੰਗਦ ਤਾਂ ਹੀ ਕਬੂਲ ਹੋਏ, ਜਦੋਂ ਉਹਨਾਂ ਨੇ ਮਰਦਾਂ ਵਾਲੀ ਕਰੜੀ ਘਾਲਣਾ ਘਾਲੀ ਸੀ। ਮਾਤਾ ਖੀਵੀ ਦਾ ਹੀ ਪਤੀ ਹੈ ਜਿਸ ਨੇ ਸਾਰੀ ਧਰਤੀ ਦਾ ਭਾਰ ਚੁੱਕ ਲਿਆ ਹੈ।

ਹੋਰਿੰਓ ਗੰਗ ਵਹਾਈਐ, ਦੁਨਿਆਈ ਆਖੈ ਕਿ ਕਿਓਨੁ॥
ਨਾਨਕ ਈਸਰਿ ਜਗਨਾਥਿ, ਉਚਹਦੀ ਵੈਣੁ ਵਿਰਿਕਿਓਨੁ॥
ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕ, ਸਬਦਿ ਰਿੜਕਿਓਨੁ॥
ਚਉਦਹ ਰਤਨ ਨਿਕਾਲਿਅਨੁ, ਕਰਿ ਆਵਾਗਉਣੁ ਚਿਲਕਿਓਨੁ॥
ਕੁਦਰਤਿ ਅਹਿ ਵੇਖਾਲੀਅਨੁ, ਜਿਣਿ ਐਵਡ ਪਿਡ ਠਿਣਕਿਓਨੁ॥
ਲਹਣੇ ਧਰਿਓਨੁ ਛਤ੍ਰੁ ਸਿਰਿ, ਅਸਮਾਨਿ ਕਿਆੜਾ ਛਿਕਿਓਨੁ॥

**ਜੋਤਿ ਸਮਾਣੀ ਜੋਤਿ ਮਾਹਿ, ਆਪੁ ਆਪੈ ਸੇਤੀ ਮਿਕਿਓਨੁ ॥**
**ਸਿਖਾਂ ਪੁਤ੍ਰਾਂ ਘੋਖਿ ਕੈ, ਸਭ ਉਮਤਿ ਵੇਖਹੁ ਜਿ ਕਿਓਨੁ ॥**
**ਜਾਂ ਸੁਧੋਸੁ, ਤਾਂ ਲਹਣਾ ਟਿਕਿਓਨੁ ॥ ੪ ॥** *(੯੬੭)*

(ਭਾਵ : ਡੂਮ ਸੱਤਾ ਜੀ ਕਹਿੰਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਇਕ ਤਰ੍ਹਾਂ ਹੋਰ ਪਾਸੇ ਵਲੋਂ ਹੀ ਗੰਗਾ ਚਲਾ ਦਿਤੀ ਹੈ। ਇਸ ਨੂੰ ਦੇਖ ਕੇ ਦੁਨੀਆਂ ਹੈਰਾਨ ਹੋ ਕੇ ਕਹਿੰਦੀ ਹੈ ਕਿ ਗੁਰੂ ਨਾਨਕ ਨੇ ਇਹ ਕੀ ਕਮਾਲ ਕਰ ਦਿੱਤਾ ਹੈ। ਜਗਤ ਗੁਰੂ, ਗੁਰੂ ਨਾਨਕ ਨੇ ਹੱਦੋਂ ਉੱਚਾ ਬਚਨ ਬੋਲਿਆ ਹੈ। ਗੁਰੂ ਨਾਨਕ ਨੇ ਉਚੀ ਸੁਰਤੀ ਰੂਪੀ ਪਰਬਤ ਨੂੰ ਮਧਾਣਾ ਬਣਾਇਆ, ਮਨ ਰੂਪੀ ਬਾਸਕ (ਨਾਗ) ਨੂੰ ਨੇਤਰੇ ਵਿਚ ਪਾ ਕੇ ਪਰਮੇਸ਼ਰ ਦੇ ਸ਼ਬਦ ਰੂਪੀ ਸਾਗਰ ਨੂੰ ਰਿੜਕਿਆ। ਪ੍ਰਭੂ ਦੀ ਸਿਫ਼ਤ-ਸਲਾਹੁਤਾ ਰੂਪੀ ਚੌਦਾਂ ਰਤਨ ਇਸ ਸ਼ਬਦ ਸਾਗਰ ਵਿਚੋਂ ਕੱਢ ਲਏ ਅਤੇ ਇਸ ਤਰ੍ਹਾਂ ਇਸ ਜਗਤ ਨੂੰ ਚਮਕਦਾਰ ਬਣਾ ਦਿਤਾ।

ਗੁਰੂ ਨਾਨਕ ਨੇ ਐਸੀ ਕਮਾਲ ਦੀ ਕੁਦਰਤ ਵਿਖਾਈ ਕਿ ਉਹਨਾਂ ਭਾਈ ਲਹਿਣਾ ਜੀ ਵਰਗੇ ਮਹਾਨ ਸਰੀਰ ਨੂੰ ਚੰਗੀ ਤਰ੍ਹਾਂ ਠਣਕਾ ਕੇ ਵੇਖਿਆ ਤੇ ਫਿਰ ਲਹਿਣਾ ਜੀ ਦੇ ਸਿਰ ਉਤੇ ਗੁਰਗੱਦੀ ਦਾ ਛਤਰ ਧਰ ਦਿੱਤਾ ਅਤੇ ਉਹਨਾਂ ਦੀ ਸੋਭਾ ਅਸਮਾਨ ਤੱਕ ਖਿੱਚ ਦਿਤੀ। ਗੁਰੂ ਨਾਨਕ ਦੀ ਜੋਤ ਭਾਈ ਲਹਿਣਾ ਜੀ ਦੀ ਜੋਤ ਵਿਚ ਇਸ ਤਰ੍ਹਾਂ ਮਿਲ ਗਈ, ਕਿ ਗੁਰੂ ਨਾਨਕ ਨੇ ਆਪਣੇ ਆਪ ਨੂੰ ਆਪਣੇ ਆਪੇ, ਭਾਵ, ਲਹਿਣਾ ਜੀ ਦੇ ਬਰਾਬਰ ਕਰ ਲਿਆ। ਸੱਤਾ ਜੀ ਸੰਗਤ ਨੂੰ ਸੰਬੋਧਨ ਕਰਕੇ ਕਹਿੰਦੇ ਹਨ, ਕਿ ਹੇ ਸੰਗਤ! ਤੁਸੀਂ ਵੇਖੋ ਜੋ ਕੁਝ ਗੁਰੂ ਨਾਨਕ ਨੇ ਕੀਤਾ ਹੈ, ਕਿ ਜਦ ਉਸ ਨੇ ਆਪਣੇ ਸਭ ਸਿੱਖਾਂ ਤੇ ਪੁੱਤਰਾਂ ਦੀ ਪਰਖ ਕਰਕੇ ਆਪਣੀ ਜਾਨਸ਼ੀਨੀ ਲਈ ਸੋਧ-ਸੁਧਾਈ ਕੀਤੀ ਤਾਂ ਕੇਵਲ ਭਾਈ ਲਹਿਣਾ ਜੀ ਹੀ ਟਿਕ ਸਕੇ।

**ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥**
**ਜਪੁ ਤਪੁ ਸੰਜਮੁ ਨਾਲਿ ਤੁਧੁ, ਹੋਰੁ ਮੁਚੁ ਗਰੂਰੁ ॥**
**ਲਬੁ ਵਿਣਾਹੇ ਮਾਣਸਾ, ਜਿਉ ਪਾਣੀ ਬੂਰੁ ॥**
**ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ ॥**
**ਜਿਤੁ ਸੁ ਹਾਥ ਨ ਲਭਈ, ਤੂੰ ਓਹੁ ਠਰੂਰੁ ॥**
**ਨਉਨਿਧਿ ਨਾਮੁ ਨਿਧਾਨੁ ਹੈ, ਤੁਧੁ ਵਿਚਿ ਭਰਪੂਰੁ ॥**
**ਨਿੰਦਾ ਤੇਰੀ ਜੋ ਕਰੇ, ਸੋ ਵੰਞੈ ਚੂਰੁ ॥**
**ਨੇੜੈ ਦਿਸੈ ਮਾਤ ਲੋਕ, ਤੁਧੁ ਸੁਝੈ ਦੂਰੁ ॥**
**ਫੇਰਿ ਵਸਾਇਆ ਫੇਰੁਆਣਿ, ਸਤਿਗੁਰਿ ਖਾਡੂਰੁ ॥ ੫ ॥** *(੯੬੭)*

(ਭਾਵ : ਡੂਮ ਸੱਤਾ ਜੀ ਕਹਿੰਦੇ ਹਨ ਕਿ ਗੁਰਿਆਈ ਮਿਲਣ ਪੁਰ ਕਰਤਾਰਪੁਰ ਛੱਡ ਕੇ ਫੇਰੂ-ਸੁਤ ਸਤਿਗੁਰੂ ਭਾਈ ਲਹਿਣਾ ਜੀ ਨੇ ਫਿਰ ਦੁਬਾਰਾ ਖਡੂਰ ਨਗਰ ਨੂੰ

ਆ ਵਸਾਇਆ ਜਾਂ ਆਪਣੇ ਨਿਵਾਸ ਨਾਲ ਭਾਗ ਲਾਏ। ਹੇ ਲਹਿਣਾ ਜੀ! ਤੇਰੇ ਪਾਸ ਤਾਂ ਜਪ-ਤਪ ਅਰ ਸੰਜਮ ਦੇ ਗੁਣ ਰਹੇ ਤੇ ਹੋਰ ਨਿੰਦਕਾਂ ਨੇ ਭਾਰੇ ਅਹੰਕਾਰ ਨੂੰ ਅਪਣਾਇਆ।

ਲਬ ਮਨੁੱਖਾਂ ਦੇ ਆਤਮਿਕ ਜੀਵਨ ਦਾ ਇਵੇਂ ਹੀ ਵਿਨਾਸ਼ ਕਰਦਾ ਹੈ ਜਿਵੇਂ ਪਾਣੀ ਬੂਰ ਨੂੰ ਖ਼ਰਾਬ ਕਰਦਾ ਹੈ, ਪਰ ਗੁਰੂ ਦੀ ਦਰਗਾਹ ਵਿਚ ਤਾਂ ਪ੍ਰਭੂ ਨਾਮ ਦਾ ਕੁਦਰਤੀ ਨੂਰ ਵਰ੍ਹਦਾ ਹੈ। ਹੇ ਭਾਈ ਲਹਿਣਾ ਜੀ! ਤੂੰ ਉਹ ਸੀਤਲ ਸਾਗਰ ਹੈਂ, ਜਿਸ ਦੀ ਸੀਤਲਤਾ ਦੀ ਹਾਥ (ਡੂੰਘੀ ਥਾਹ) ਨਹੀਂ ਲਭਦੀ। ਪ੍ਰਭੂ ਦੇ ਨਾਮ ਨਿਧਾਨ ਰੂਪੀ ਨਉ-ਨਿਧੀਆਂ ਤੇਰੇ ਹਿਰਦੇ ਵਿਚ ਭਰਪੂਰ ਹਨ। ਤੇਰੀ ਨਿੰਦਾ ਕਰਨ ਵਾਲੇ ਆਪ ਹੀ ਚੂਰ-ਚੂਰ ਹੋ ਜਾਂਦੇ ਹਨ। ਸੰਸਾਰਿਕ ਜੀਵਾਂ ਨੂੰ ਤਾਂ ਨੇੜੇ ਦਾ ਇਕ ਪਦਾਰਥਕ ਸੰਸਾਰ, ਮਾਤ ਲੋਕ, ਹੀ ਦਿਸਦਾ ਹੈ ਜਦ ਕਿ ਤੁਹਾਨੂੰ ਇਸ ਦ੍ਰਿਸ਼ਟਮਾਨ ਜਗਤ ਤੋਂ ਦੂਰ ਦਾ ਗਿਆਨ ਭੀ ਸੁਝ ਰਿਹਾ ਹੈ। ਇਸ ਤਰ੍ਹਾਂ ਫੇਰੂ-ਸੁਤ ਸਤਿਗੁਰੂ ਭਾਈ ਲਹਿਣਾ ਜੀ ਨੇ ਫਿਰ ਆ ਕੇ ਖਡੂਰ ਨੂੰ ਭਾਗ ਲਗਾ ਦਿਤਾ।

ਗੁਰੂ ਨਾਨਕ ਦੇਵ ਜੀ ਵੱਲੋਂ ਇਸ ਢੰਗ ਨਾਲ ਜੋਤ ਤੇ ਜੁਗਤ ਦੀ ਏਕਤਾ ਨੂੰ ਕਾਇਮ ਰੱਖ ਕੇਵਲ ਗੁਰੂ ਨਾਨਕ ਤੋਂ ਗੁਰੂ ਅੰਗਦ ਦੇ ਸਰੀਰ ਪਲਟਣ ਦੀ ਗੱਲ ਨੂੰ ਵਿਦਵਾਨਾਂ ਤੇ ਇਤਿਹਾਸਕਾਰਾਂ ਨੇ ਕਾਫੀ ਅਹਿਮੀਅਤ ਦਿਤੀ ਹੈ। **ਸਰ ਚਾਰਲਸ ਗਫ਼** ਨੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅੰਗਦ ਜੀ ਨੂੰ ਧਰਮ ਦੀ ਰੋਸ਼ਨੀ ਦਾ ਮੰਬਾ ਸੌਂਪ ਦੇਣ ਨੂੰ ਉਸ ਵਿਸ਼ਵਾਸ ਦੀ ਪ੍ਰਪੱਕਤਾ ਮੰਨਿਆ ਹੈ ਜਿਸ ਅਨੁਸਾਰ ਇਹ ਧਰਮ ਇਕ ਸਦਾ ਕਾਇਮ ਰਹਿਣ ਵਾਲੀ ਅਸਲੀਅਤ ਸੀ। ਗੁਰਗੱਦੀ ਦੀ ਜ਼ਿੰਮੇਵਾਰੀ ਇਸ ਢੰਗ ਨਾਲ ਅਗੇ ਸੌਂਪਣ ਨੂੰ **ਆਰਚਰ** ਧਰਮ ਪ੍ਰਚਾਰ ਲਈ ਇਕ ਬਹੁਤ ਹੀ ਠੋਸ ਕੰਮ ਮੰਨਦਾ ਹੈ। **ਸ੍ਰੀ ਗੋਕਲ ਚੰਦ ਨਾਰੰਗ** ਨੇ ਗੁਰਗੱਦੀ ਦੀ ਜ਼ਿੰਮੇਵਾਰੀ ਦੇ ਇਸ ਢੰਗ ਨਾਲ ਅੱਗੇ ਸੌਂਪੇ ਜਾਣ ਨੂੰ ਇਕ ਬੂਟੇ ਦੇ ਵਿਕਾਸ ਨਾਲ ਤੁਲਨਾਇਆ ਹੈ, ਜਿਸ ਨੂੰ ਅੱਡੋ-ਅੱਡ ਗੁਰੂ-ਵਿਅਕਤੀ ਬੀਜਦੇ, ਸਿੰਜਦੇ, ਪਾਲਦੇ, ਰਾਖੀ ਕਰਦੇ ਤੇ ਫਲ ਪ੍ਰਾਪਤ ਕਰਦੇ ਹਨ। **ਇੰਦੂ ਭੂਸ਼ਨ ਬੈਨਰਜੀ** ਵੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਮਿਲਣ ਦੀ ਘਟਨਾ ਨੂੰ ਇਤਿਹਾਸ ਦੀ ਬੜੀ ਮਹੱਤਵਪੂਰਨ ਤੇ ਅਰਥ-ਭਰਪੂਰ ਘਟਨਾ ਦਸਦੇ ਹਨ।

## (4) ਗੁਰੂ ਅੰਗਦ ਦੇਵ ਜੀ ਦੇ ਸਮੇਂ ਦੇ ਰਾਜਸੀ ਹਾਲਾਤ

ਗੁਰੂ ਅੰਗਦ ਦੇਵ ਜੀ ਦੀ ਸੰਪੂਰਨ ਜੀਵਨ-ਗਾਥਾ ਦੇ ਵਾਪਰਨ ਦਾ ਸਮਾਂ ਸੰਨ 1504 ਤੋਂ 1552 ਤਕ ਹੈ। ਇਸ ਸਮੇਂ ਦੌਰਾਨ ਦੇਸ਼ ਵਿਚ ਵਰਤ ਰਹੀ ਰਾਜਨੀਤੀ ਦੀ ਕੁਝ ਚਰਚਾ ਕਰ ਦੇਣਾ ਗੁਰੂ ਅੰਗਦ ਦੇਵ ਜੀ ਦੇ ਜੀਵਨ ਬਿਰਤਾਂਤਾਂ ਨੂੰ ਸਮਝਣ ਵਿਚ ਅਵੱਸ਼ ਮਦਦ ਦੇਵੇਗਾ।

ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਪੰਜਾਬ, ਦਿੱਲੀ ਦੇ ਰਾਜ ਦਾ ਹੀ ਇਕ ਹਿੱਸਾ ਸੀ ਤੇ

ਇਸ ਉਤੇ ਸਿਕੰਦਰ ਲੋਧੀ ਦਾ ਰਾਜ ਸੀ। ਇਸ ਨੇ ਸੰਨ 1488 ਤੋਂ ਸੰਨ 1517 ਤੱਕ ਰਾਜ ਕੀਤਾ ਸੀ। ਇਹ ਇਕ ਮਜ਼ਬੂਤ ਦਲੇਰ ਤੇ ਇਨਸਾਫ-ਪਸੰਦ ਬਾਦਸ਼ਾਹ ਸੀ। ਇਹ ਗੱਲ ਵੱਖਰੀ ਹੈ ਕਿ ਉਸ ਦਾ ਇਨਸਾਫ਼ ਵੀ ਸਮਾਜ ਦੇ ਕੇਵਲ ਇਕ ਤਬਕੇ ਮੁਸਲਮਾਨਾਂ ਲਈ ਹੀ ਸੀ। ਹਿੰਦੂਆਂ ਉਤੇ ਧੱਕਾ ਕਰਨਾ ਤਾਂ ਉਹ ਵੀ ਮਾੜਾ ਨਹੀਂ ਸੀ ਸਮਝਦਾ।

ਸੁਲਤਾਨ ਸਿਕੰਦਰ ਲੋਧੀ ਦੀ ਮੌਤ ਉਤੇ ਉਸ ਦਾ ਪੁੱਤਰ ਇਬਰਾਹੀਮ ਲੋਧੀ ਦਿੱਲੀ ਦੇ ਤਖਤ ਤੇ ਬੈਠਾ। ਇਸ ਬਾਦਸ਼ਾਹ ਬਾਰੇ ਬਾਬਰ ਨੇ ਲਿਖਿਆ ਹੈ ਕਿ ਇਹ ਇਕ ਬਹੁਤ ਕੁਚੱਜਾ ਬਾਦਸ਼ਾਹ ਸੀ ਤੇ ਬਿਨਾਂ ਕਿਸੇ ਤਰਤੀਬ ਦੇ ਚੜ੍ਹਾਈ ਕਰ ਦਿੰਦਾ ਤੇ ਬਿਨਾਂ ਕਿਸੇ ਵਿਉਂਤ ਦੇ ਮੈਦਾਨ ਛੱਡ ਜਾਂਦਾ ਸੀ। ਦਰਅਸਲ ਲੋਧੀ ਸਾਮਰਾਜ ਦਾ ਇਹ ਨਾਲਾਇਕ ਵਾਰਿਸ ਸੀ। ਇਸ ਦੀ ਹਕੂਮਤ ਦੌਰਾਨ ਸਭ ਪਾਸੇ ਬਗਾਵਤਾਂ ਦਾ ਜ਼ੋਰ ਸੀ। ਇਸ ਦੀ ਹਕੂਮਤ ਕਹਿਣ ਲਈ ਤਾਂ ਜਿਹਲਮ ਦੇ ਕਿਨਾਰੇ ਭੇਰੇ ਤੋਂ ਲੈ ਕੇ ਬਿਹਾਰ ਤੱਕ ਫੈਲੀ ਹੋਈ ਸੀ, ਪਰ ਇਸ ਦਾ ਕੰਟਰੋਲ ਜਾਂ ਦਬਦਬਾ ਨਹੀਂ ਸੀ ਰਹਿ ਗਿਆ। ਚਿਤੌੜ, ਵਿਜੈ ਨਗਰ, ਬੰਗਾਲ, ਮਾਲਵਾ, ਗੁਜਰਾਤ, ਕਾਠੀਆਵਾੜ ਆਦਿਕ ਹੁਣ ਕਹਿਣ ਮਾਤਰ ਹੀ ਉਸ ਦੇ ਕਾਬੂ ਵਿਚ ਸਨ।

ਉਸ ਸਮੇਂ ਪੰਜਾਬ ਕਈ ਸੂਬਿਆਂ ਵਿਚ ਵੰਡਿਆ ਹੋਇਆ ਸੀ, ਜਿਵੇਂ ਲਾਹੌਰ, ਮੁਲਤਾਨ, ਸਰਹਿੰਦ, ਦੀਪਾਲਪੁਰ ਤੇ ਸੁਲਤਾਨਪੁਰ। ਛੋਟੇ ਸੂਬੇ ਜਾਂ ਪਰਗਣੇ ਕਈ ਵਾਰੀ ਸਿਧੇ ਦਿੱਲੀ ਬਾਦਸ਼ਾਹ ਅਧੀਨ ਹੁੰਦੇ ਸਨ ਤੇ ਕਈ ਵਾਰੀ ਦੋ ਤਿੰਨ ਛੋਟੇ ਸੂਬੇ ਇਕੋ ਹਾਕਮ ਦੇ ਅਧੀਨ ਕਰ ਦਿਤੇ ਹੁੰਦੇ ਸਨ।

ਪੰਜਾਬ ਨੂੰ ਫੌਜੀ ਮਹੱਤਤਾ ਵਾਲਾ ਸੂਬਾ ਸਮਝ ਕੇ ਸਿਕੰਦਰ ਲੋਧੀ ਨੇ ਆਪਣੇ ਇੱਕ ਨਜ਼ਦੀਕੀ ਸਬੰਧੀ ਤਾਤਾਰ ਖਾਂ ਨੂੰ ਪੰਜਾਬ ਦੇ ਸਭ ਸੂਬਿਆਂ ਤੇ ਪਰਗਣਿਆਂ ਲਈ ਨਿਗਰਾਨ ਥਾਪਿਆ ਹੋਇਆ ਸੀ। ਤਾਤਾਰ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਦੌਲਤ ਖਾਂ ਇਸ ਪਦਵੀ ਦਾ ਹੱਕਦਾਰ ਬਣਿਆ। ਸਿਕੰਦਰ ਦੀ ਮੌਤ ਤੱਕ ਤਾਂ ਦੌਲਤ ਖਾਂ ਦਿੱਲੀ ਹਕੂਮਤ ਦਾ ਵਫ਼ਾਦਾਰ ਰਿਹਾ ਪਰ ਸੰਨ 1517 ਵਿਚ ਸਿਕੰਦਰ ਲੋਧੀ ਦੀ ਮੌਤ ਪਿਛੋਂ ਇਹ ਆਪਣੇ ਪੁਤਰਾਂ ਗਾਜੀ ਖਾਂ, ਹਾਜੀ ਖਾਂ ਤੇ ਦਿਲਾਵਰ ਖਾਂ ਸਮੇਤ ਪੰਜਾਬ ਨੂੰ ਆਪਣੇ ਅਧੀਨ ਦਿੱਲੀ ਤੋਂ ਆਜ਼ਾਦ ਕਰਨ ਦੀਆਂ ਸਾਜਿਸ਼ਾਂ ਵਿਚ ਰੁੱਝ ਗਿਆ। ਉਧਰ ਇਬਰਾਹੀਮ ਦਾ ਚਾਚਾ ਆਲਮ ਖਾਂ ਉਰਫ ਅਲਾਉਦੀਨ ਲੋਧੀ ਦਿੱਲੀ ਦਾ ਤੱਖਤ ਇਬਰਾਹੀਮ ਤੋਂ ਖੋਹਣ ਦੀਆਂ ਸਾਜ਼ਿਸ਼ਾਂ ਬਣਾ ਰਿਹਾ ਸੀ। ਕੁਦਰਤੀ ਗੱਲ ਸੀ ਕਿ ਦੌਲਤ ਖਾਂ ਤੇ ਆਲਮ ਖਾਂ ਵਿੱਚ ਇਬਰਾਹੀਮ ਲੋਧੀ ਵਿਰੁਧ ਗਠਜੋੜ ਹੁੰਦਾ। ਹਰ ਪਾਸੇ ਆਪੋ ਧਾਪੀ ਸੀ। ਦੌਲਤ ਖਾਂ ਬਹੁਤ ਚਾਲਬਾਜ ਹਾਕਮ ਸੀ। ਉਹ ਬਹੁਤ ਤੇਜ਼ੀ ਨਾਲ ਆਪਣੇ ਆਪ ਨੂੰ ਆਜ਼ਾਦ ਹੁਕਮਰਾਨ ਦੇ ਤੌਰ ਤੇ ਦੇਖਣਾ ਚਾਹੁੰਦਾ ਸੀ। ਪਠਾਣ ਸਰਦਾਰਾਂ ਵਿਚ ਹਰ ਪਾਸੇ ਫੁੱਟ ਹੀ ਫੁੱਟ ਸੀ।

ਸੰਨ 1504 ਵਿਚ ਬਾਬਰ ਨੇ ਪੰਜਾਬ ਦੀ ਸਰਹੱਦ ਉਤੇ ਹਮਲਾ ਬੋਲਿਆ ਤੇ ਕੋਹਾਟ ਤੇ ਕਬਜ਼ਾ ਕਰ ਲਿਆ। ਫਿਰ 1519 ਈਸਵੀ ਵਿਚ ਉਸ ਨੇ ਭੇਰਾ ਤੇ ਕਬਜ਼ਾ ਕਰ

ਲਿਆ ਤੇ ਅਗਲੇ ਸਾਲ ਸਿਆਲਕੋਟ ਤੇ ਚੜ੍ਹਾਈ ਕਰ ਦਿਤੀ। ਬਾਬਰ ਦੇ ਰੋਜ਼ਨਾਮਚਿਆਂ ਮੁਤਾਬਕ ਉਸਨੇ 1519 ਤੋਂ 1525 ਤੱਕ ਪੰਜਾਬ ਉਤੇ ਪੰਜ ਹਮਲੇ ਕੀਤੇ। ਚਾਲਬਾਜ਼ ਦੌਲਤ ਖਾਂ ਨੇ ਆਪਣੇ ਪੁੱਤਰ ਦਿਲਾਵਰ ਖਾਂ ਨੂੰ ਬਾਬਰ ਕੋਲ ਮਦਦ ਦਾ ਭਰੋਸਾ ਦੇਣ ਲਈ ਭੇਜਿਆ। ਪਠਾਣਾਂ ਦੀ ਇਸ ਫੁੱਟ ਤੋਂ ਬਾਬਰ ਨੇ ਪੂਰਾ ਫਾਇਦਾ ਉਠਾਇਆ ਅਤੇ ਉਸ ਨੇ ਸੰਨ 1524 ਵਿਚ ਇਕ ਵਾਰੀ ਫਿਰ ਦਿੱਲੀ ਤੇ ਪੰਜਾਬ ਨੂੰ ਫਤਹਿ ਕਰਨ ਲਈ ਹਮਲਾ ਕਰ ਦਿਤਾ। ਦਿੱਲੀ ਤੋਂ ਬਿਹਾਰ ਖਾਂ ਦੀ ਕਮਾਨ ਹੇਠ ਸ਼ਾਹੀ ਫੌਜ ਵੀ ਦੌਲਤ ਖਾਂ ਵਿਰੁਧ ਪੁੱਜ ਗਈ ਸੀ, ਪਰ ਬਾਬਰ ਨੇ ਦਿੱਲੀ ਦੀ ਫ਼ੌਜ ਨੂੰ ਤਕੜੀ ਭਾਂਜ ਦਿਤੀ। ਉਸ ਨੇ ਪੰਜਾਬ ਵਿਚ ਚੰਗੀ ਲੁੱਟਮਾਰ ਕੀਤੀ ਤੇ ਲਾਹੌਰ, ਦੀਪਾਲਪੁਰ ਤੇ ਜਲੰਧਰ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ।

ਦੌਲਤ ਖਾਂ ਦਿਲੋਂ ਸਾਫ਼ ਨਹੀਂ ਸੀ ਤੇ ਜ਼ਬਾਨ ਤੋਂ ਫਿਰ ਜਾਣਾ ਉਸ ਲਈ ਕੋਈ ਵੱਡੀ ਗੱਲ ਨਹੀਂ ਸੀ। ਜਦ ਉਸਦੀ ਆਸ ਦੇ ਵਿਰੁਧ ਸਾਰੇ ਪੰਜਾਬ ਦੀ ਥਾਂ ਬਾਬਰ ਨੇ ਉਹ ਨੂੰ ਸਿਰਫ਼ ਦੁਆਬਾ ਜਲੰਧਰ ਤੇ ਸੁਲਤਾਨਪੁਰ ਦਿਤਾ ਤਾਂ ਉਸ ਨੇ ਬਾਬਰ ਵਿਰੁੱਧ-ਸਾਜ਼ਸ਼ਾਂ ਸ਼ੁਰੂ ਕਰ ਦਿਤੀਆਂ। ਬਾਬਰ ਤੋਂ ਇਸ ਨੇ ਬਗਾਵਤ ਜਿਹੀ ਹੀ ਕਰ ਦਿੱਤੀ। ਬਾਬਰ ਨੇ ਉਸ ਦੀ ਥਾਂ ਉਸ ਦੇ ਪੁੱਤਰ ਦਿਲਾਵਰ ਖਾਂ ਨੂੰ ਸੁਲਤਾਨਪੁਰ ਤੇ ਜਲੰਧਰ ਦੁਆਬੇ ਦੀ ਨਵਾਬੀ ਦੇ ਦਿਤੀ ਤੇ ਦੌਲਤ ਖਾਂ ਤੇ ਉਸਦਾ ਪੁਤਰ ਗਾਜ਼ੀ ਖਾਂ ਪਹਾੜਾਂ ਵੱਲ ਭੱਜ ਗਏ। ਬਾਬਰ ਨੇ ਪੰਜਾਬ ਦੇ ਅੱਡ ਅੱਡ ਪਰਗਣਿਆਂ ਨੂੰ ਆਪਣੇ ਅੱਡ ਅੱਡ ਮੁਗਲਾਂ ਤੇ ਵਫ਼ਾਦਾਰ ਪਠਾਣ ਸਰਦਾਰਾਂ ਨੂੰ ਸੌਂਪ ਦਿਤਾ।

ਬਾਬਰ ਨੂੰ ਵਾਪਸ ਕਾਬਲ ਜਾਣਾ ਪੈ ਗਿਆ। ਦੌਲਤ ਖਾਂ ਨੇ ਉਸਦੇ ਜਾਣ ਤੋਂ ਕੁਝ ਦਿਨ ਪਿਛੋਂ ਹੀ ਉਸੇ ਦੇ ਆਲਮ ਖਾਂ ਤੋਂ ਦੀਪਾਲਪੁਰ ਖੋਹ ਲਿਆ ਅਤੇ ਇਬਰਾਹੀਮ ਲੋਧੀ ਦੀਆਂ ਫੌਜਾਂ ਜੋ ਪੰਜਾਬ ਵਿਚ ਆਪਣਾ ਦਬਦਬਾ ਕਾਇਮ ਕਰਨ ਲਈ ਦਿੱਲੀ ਤੋਂ ਆਈਆਂ ਸਨ, ਨੂੰ ਵੀ ਚੰਗੀ ਹਾਰ ਦਿਤੀ। ਆਲਮ ਖਾਂ ਬਾਬਰ ਕੋਲ ਕਾਬਲ ਦੌੜ ਗਿਆ। ਦੋਹਾਂ ਵਿਚ ਇਕ ਅਹਿਮ ਸਮਝੌਤਾ ਹੋ ਗਿਆ ਕਿ ਬਾਬਰ, ਆਲਮ ਖਾਂ ਨੂੰ ਦਿੱਲੀ ਦਾ ਤਖ਼ਤ ਹਾਸਲ ਕਰਨ ਵਿਚ ਮਦਦ ਦੇਵੇਗਾ ਤੇ ਇਸ ਬਦਲੇ ਪੰਜਾਬ ਬਾਬਰ ਦੇ ਹਵਾਲੇ ਪੱਕੇ ਤੌਰ ਤੇ ਕਰ ਦਿਤਾ ਜਾਏਗਾ। ਬਾਬਰ ਨੇ ਪੰਜਾਬ ਵਿਚ ਬੈਠੇ ਆਪਣੇ ਸਭ ਮੁਗਲ ਸਰਦਾਰਾਂ ਨੂੰ ਆਲਮ ਖਾਂ ਦੀ ਮਦਦ ਕਰਨ ਦੀ ਹਦਾਇਤ ਕੀਤੀ। ਆਲਮ ਇਸ ਸਮੇਂ ਦੌਲਤ ਖਾਂ ਤੋਂ ਵੀ ਇਬਰਾਹੀਮ ਵਿਰੁਧ ਮਦਦ ਲੈਣ ਵਿਚ ਕਾਮਯਾਬ ਹੋ ਗਿਆ। ਇਬਰਾਹੀਮ ਲੋਧੀ ਤੇ ਆਲਮ ਖਾਂ ਵਿੱਚ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਆਲਮ ਖਾਂ ਦਾ ਕਿਸਮਤ ਨੇ ਸਾਥ ਨਾ ਦਿਤਾ। ਬਾਬਰ ਦੇ ਮੁਗਲ ਸਰਦਾਰਾਂ ਦਾ ਦਬਦਬਾ ਵੀ ਚੂਰ ਹੋ ਗਿਆ। ਹੁਣ ਦੌਲਤ ਖਾਂ ਨੇ ਮੌਕੇ ਦਾ ਫ਼ਾਇਦਾ ਉਠਾ ਕੇ ਬਚੇ-ਖੁਚੇ ਮੁਗਲ ਸਰਦਾਰਾਂ ਨੂੰ ਭੀ ਪੰਜਾਬ ਵਿਚੋਂ ਭਜਾ ਦਿਤਾ।

ਮੁਗਲਾਂ ਦੀ ਇਸ ਪਸਪਾਈ ਨੇ ਬਾਬਰ ਨੂੰ ਕਾਬਲ ਕੰਧਾਰ ਦਾ ਪ੍ਰਬੰਧ ਪੱਕਾ ਕਰਕੇ ਨਵੰਬਰ ੧੫੨੫ ਵਿਚ ਹਿੰਦੁਸਤਾਨ ਉਤੇ ਆਪਣਾ ਪੰਜਵਾਂ ਤੇ ਆਖਰੀ ਹਮਲਾ ਕਰਨ

ਲਈ ਤਿਆਰ ਕਰ ਦਿਤਾ। ਦੌਲਤ ਖਾਂ ਲਾਹੌਰ ਤੋਂ ਭੱਜ ਨਿਕਲਿਆ ਤੇ ਹੁਸ਼ਿਆਰਪੁਰ ਦੇ ਕਿਲ੍ਹੇ ਮਲੌਤ ਵਿਚ ਜਾ ਟਿਕਿਆ। ਦੌਲਤ ਖਾਂ ਨੇ ਇਥੇ ਬਾਬਰ ਦੀਆਂ ਫੌਜਾਂ ਨਾਲ ਜਾਨ-ਤੋੜਵੀਂ ਟੱਕਰ ਲਈ, ਪਰ ਉਸ ਨੂੰ ਅੰਤ ਬਾਬਰ ਪਾਸੋਂ ਹਾਰ ਖਾ ਕੇ ਈਨ ਮੰਨਣ ਲਈ ਮਜ਼ਬੂਰ ਹੋਣਾ ਪਿਆ। ਬਾਬਰ ਨੇ ਉਸ ਨੂੰ ਭੇਰੇ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਨ ਲਈ ਭੇਜ ਦਿਤਾ ਤੇ ਉਸ ਦੀ ਜਾਗੀਰ ਉਸਦੇ ਪ੍ਰਵਾਰ ਦੇ ਨਾਮ ਲਗਾ ਦਿਤੀ, ਪਰ ਉਹ ਰਾਹ ਵਿਚ ਹੀ ਮਰ ਗਿਆ।

ਬਾਬਰ ਆਪਣੀਆਂ ਫੌਜਾਂ ਲੈ ਕੇ ਦਿੱਲੀ ਵੱਲ ਰਵਾਨਾ ਹੋ ਗਿਆ। ਉਧਰੋਂ ਇਬਰਾਹੀਮ ਆਪਣੀਆਂ ਫੌਜਾਂ ਲੈ ਕੇ ਟਾਕਰਾ ਕਰਨ ਲਈ ਪਾਨੀਪਤ ਦੇ ਇਤਿਹਾਸਕ ਮੈਦਾਨ ਵਿੱਚ ਆ ਲੱਥਾ। ਦੋਹਾਂ ਫੌਜਾਂ ਵਿਚ ਸੰਨ 1526 ਵਿਚ ਭਾਰੀ ਫ਼ੈਸਲਾਕੁਨ ਜੰਗ ਹੋਇਆ ਜਿਸ ਵਿਚ ਬਾਬਰ ਦੀ ਜਿੱਤ ਕਾਰਨ ਹਿੰਦੋਸਤਾਨ ਸਦਾ ਲਈ ਮੁਗਲਾਂ ਦੇ ਹੱਥ ਆ ਗਿਆ ਤੇ ਹਿੰਦੋਸਤਾਨ ਦੀ ਰਾਜਨੀਤੀ ਨੇ ਇਕ ਫ਼ੈਸਲਾਕੁਨ ਮੋੜ ਲੈ ਲਿਆ।

ਇਹਨਾਂ ਨਿੱਤ ਦੇ ਲੜਾਈ-ਝਗੜਿਆਂ ਕਾਰਨ ਸਾਰੇ ਪੰਜਾਬ ਵਿਚ ਬਦਅਮਨੀ ਫੈਲੀ ਰਹੀ। ਗਖੜਾਂ, ਗੁਜਰਾਂ ਤੇ ਜਾਟਾਂ ਦੇ ਖਰੂਦੀ ਕਬੀਲਿਆਂ ਨੇ ਇਸ ਮੌਕੇ ਤੇ ਫ਼ਾਇਦਾ ਉਠਾ ਕੇ ਪਿੰਡਾਂ ਵਿਚ ਆਪਣੀ ਲੁੱਟ ਮਾਰ ਤੇਜ਼ ਕਰ ਰਖੀ ਸੀ।

ਬਾਬਰ 26 ਦਸੰਬਰ 1530 ਨੂੰ ਆਗਰੇ ਵਿਖੇ ਚਲਾਣਾ ਕਰ ਗਿਆ। ਉਸ ਦੀ ਥਾਂ ਉਸ ਦਾ ਪੁੱਤਰ ਹਮਾਯੂੰ ਤਖ਼ਤ ਤੇ ਬੈਠਾ। ਹਮਾਯੂੰ ਨੇ ਆਪਣੇ ਭਰਾਵਾਂ ਕਾਮਰਾਨ, ਹਿੰਦਾਲ, ਮਿਰਜ਼ਾ ਅਸਕਰੀ ਨੂੰ ਪੰਜਾਬ, ਸੰਭਲ ਤੇ ਮੇਵਾਤ ਦੇ ਇਲਾਕੇ ਆਪਸੀ ਰਜ਼ਾਮੰਦੀ ਨਾਲ ਵੰਡ ਦਿਤੇ।

**ਸ਼ੇਰ ਸ਼ਾਹ ਸੂਰੀ** : ਲੋਧੀ ਖਾਨਦਾਨ ਦੇ ਸੁਲਤਾਨ ਬਹਿਲੋਲ ਲੋਧੀ ਨੇ ਆਪਣੀ ਫੌਜੀ ਮਜ਼ਬੂਤੀ ਲਈ ਕਿਸੇ ਸਮੇਂ ਸੁਲੇਮਾਨ ਦੀਆਂ ਪਹਾੜੀਆਂ ਦੇ ਰੋਹ ਦੇ ਇਲਾਕੇ ਦੇ ਪਠਾਣ ਆਪਣੇ ਪਾਸ ਰਖੇ ਸਨ। ਇਹਨਾਂ ਵਿਚ ਹੀ ਇਕ ਇਬਰਾਹੀਮ ਖਾਂ ਸੂਰੀ (ਸੂਰ ਖਾਨਦਾਨ ਦਾ) ਭੀ ਸੀ। ਉਸ ਤੋਂ ਉਸ ਦਾ ਪੁੱਤਰ ਹਸਨ ਖਾਂ ਹੋਇਆ ਜਿਸ ਨੂੰ ਸਸਰਾਮ ਤੇ ਹਾਜੀਪੁਰ ਮਿਲੇ ਹੋਏ ਸਨ। ਹਸਨ ਖਾਂ ਦੇ ਅੱਠ ਪੁਤ੍ਰ ਹੋਏ। ਵੱਡੇ ਦਾ ਨਾਮ ਫ਼ਰੀਦ ਸੀ ਜੋ ਸੰਨ 1485 ਵਿਚ ਸਸਰਾਮ ਵਿਚ ਜੰਮਿਆ ਸੀ। ਇਹੋ ਫ਼ਰੀਦ ਹੀ ਮਗਰੋਂ ਜਾ ਕੇ ਸ਼ੇਰਸ਼ਾਹ ਸੂਰੀ ਦੇ ਨਾਮ ਨਾਲ ਪ੍ਰਸਿੱਧ ਹੋਇਆ।

ਜੰਗ ਵਿਚ ਇਬਰਾਹੀਮ ਲੋਧੀ ਦੇ ਮਾਰੇ ਜਾਣ ਪਿਛੋਂ ਫ਼ਰੀਦ (ਸ਼ੇਰ ਸ਼ਾਹ ਸੂਰੀ) ਬਿਹਾਰ ਦੇ ਸੂਬੇਦਾਰ ਬਿਹਾਰ ਖਾਂ ਕੋਲ ਚਲਾ ਗਿਆ ਜਿਸ ਨੇ ਇਸ ਦੀ ਬਹਾਦਰੀ ਤੋਂ ਖ਼ੁਸ਼ ਹੋ ਕੇ ਇਸ ਨੂੰ ਸ਼ੇਰ ਖਾਂ ਦੇ ਖਿਤਾਬ ਨਾਲ ਨਿਵਾਜਿਆ ਸੀ। ਸ਼ੇਰ ਖਾਂ ਸਮੇਂ ਦੇ ਗੇੜ ਵਿਚ ਆਪਣੀ ਸੂਰਬੀਰਤਾ ਤੇ ਹੋਸ਼ਿਆਰੀ ਕਾਰਨ ਬਿਹਾਰ ਤੇ ਬੰਗਾਲ ਉਤੇ ਕਾਬਜ਼ ਹੋ ਗਿਆ। ਹਮਾਯੂੰ ਨੇ ਇਸ ਦੀ ਵਧਦੀ ਤਾਕਤ ਨੂੰ ਠੱਲ੍ਹ ਪਾਉਣ ਲਈ ਸੰਨ 1532 ਵਿਚ ਇਸ ਉਤੇ ਹਮਲਾ ਕੀਤਾ ਤੇ ਇਸ ਨੂੰ ਈਨ ਮੰਨਵਾਈ, ਜਿਸ ਕਾਰਨ ਇਸ ਨੂੰ ਜੌਨਪੁਰ ਦਾ ਕਿਲ੍ਹੇਦਾਰ ਬਣਿਆ ਰਹਿਣ ਦਿਤਾ ਗਿਆ। ਹਮਾਯੂੰ ਨੇ ਇਸੇ ਤਰ੍ਹਾਂ ਗੁਜਰਾਤ ਦੇ

ਬਹਾਦਰ ਸ਼ਾਹ ਦੀ ਵਧਦੀ ਤਾਕਤ ਨੂੰ ਵੀ ਦਬਾਇਆ ਤੇ 1535 ਵਿਚ ਚੰਪਾ ਨੇਰ ਵੀ ਜਿੱਤ ਲਿਆ, ਇਸ ਦੌਰਾਨ ਸ਼ੇਰ ਖਾਂ ਦੀ ਤਾਕਤ ਫਿਰ ਬਹੁਤ ਵਧ ਗਈ। ਹਮਾਯੂੰ ਨੇ ਇਸਦੀ ਤਾਕਤ ਦਬਾਉਣ ਦਾ ਫਿਰ ਯਤਨ ਕੀਤਾ ਪਰ ਕਾਮਯਾਬੀ ਨਾ ਹੋ ਸਕੀ। ਹਮਾਯੂੰ ਦੇ ਜਰਨੈਲ ਖ਼ਾਨ ਖ਼ਾਨਾ ਨੂੰ ਮੁੰਘੇਰ ਕੋਲ ਹਾਰ ਦੇ ਕੇ ਸ਼ੇਰ ਖਾਂ ਨੇ ਸ਼ਾਹੀ ਖ਼ਿਤਾਬ ਆਪਣੇ ਨਾਮ ਨਾਲ ਲਗਾ ਲਿਆ। ਹਮਾਯੂੰ ਨੇ ਉਸ ਉਤੇ ਹਮਲਾ ਕਰ ਦਿੱਤਾ ਪਰ 26 ਜੂਨ ਸੰਨ 1536 ਨੂੰ ਉਸ ਨੇ ਚੌਸੇ ਦੇ ਮੈਦਾਨ ਵਿਚ ਸ਼ੇਰ ਸ਼ਾਹ ਪਾਸੋਂ ਹਾਰ ਖਾਧੀ। ਸ਼ੇਰ ਸਾਹ ਜੌਨਪੁਰ ਤੋਂ ਮਾਰੋ ਮਾਰ ਕਰਦਾ ਚੜ੍ਹ ਪਿਆ। ਹਮਾਯੂੰ ਨੇ ਘੋੜਾ ਦਰਿਆ ਵਿਚ ਸੁੱਟ ਕੇ ਮਸਾਂ ਦਰਿਆ ਪਾਰ ਕੀਤਾ ਤੇ ਜਾਨ ਬਚਾਈ।

ਆਗਰੇ ਆ ਕੇ ਹਮਾਯੂੰ ਨੇ ਫਿਰ ਆਪਣੀ ਫੌਜੀ ਤਾਕਤ ਇੱਕਠੀ ਕੀਤੀ। ਨੌਂ-ਦਸ ਮਹੀਨਿਆਂ ਦੀ ਤਿਆਰੀ ਮਗਰੋਂ ਹਮਾਯੂੰ ਨੇ ਫਿਰ ਕਨੌਜ ਨੇੜੇ ਸ਼ੇਰ ਸ਼ਾਹ ਤੇ ਹਮਲਾ ਕਰ ਦਿੱਤਾ ਜਿਥੇ 17 ਮਈ 1540 ਨੂੰ ਉਸ ਨੇ ਸ਼ੇਰ ਸ਼ਾਹ ਸੂਰੀ ਕੋਲੋਂ ਇਬਰਤਨਾਕ ਸ਼ਿਕਸ਼ਤ ਖਾਧੀ। ਆਗਰੇ ਰਸਤਿਓਂ ਬੜੀ ਮੁਸ਼ਕਲ ਨਾਲ ਟੱਬਰ ਤੇ ਖ਼ਜ਼ਾਨਾ ਲੈ ਕੇ ਹਮਾਯੂੰ ਪੰਜਾਬ ਵੱਲ ਨੱਸਿਆ। ਲਾਹੌਰ ਪੁੱਜ ਕੇ ਭਰਾ ਕਾਮਰਾਨ ਤੋਂ ਮਦਦ ਨਾ ਮਿਲ ਸਕੀ। ਕਾਮਰਾਨ ਨੇ ਸ਼ੇਰ ਸ਼ਾਹ ਨਾਲ ਸਮਝੌਤਾ ਕਰਕੇ ਪੰਜਾਬ ਸ਼ੇਰ ਸ਼ਾਹ ਨੂੰ ਦੇ ਦਿਤਾ ਤੇ ਆਪ ਕਾਬਲ ਜਾ ਮਿਲਿਆ। ਹਮਾਯੂੰ ਆਪ ਸਿੰਧ ਵੱਲ ਦੌੜ ਗਿਆ। ਸ਼ੇਰ ਸ਼ਾਹ ਕੁਝ ਦੂਰੀ ਤੱਕ ਉਸ ਦਾ ਪਿੱਛਾ ਕਰ ਕੇ ਵਾਪਸ ਹੋ ਤੁਰਿਆ।

ਹਮਾਯੂੰ ਕਾਫ਼ੀ ਅਰਸਾ ਟੱਬਰ ਸਮੇਤ ਦਰ-ਬ-ਦਰ ਰੁਲਦਾ ਰਿਹਾ। ਸੰਨ 1542 ਨੂੰ ਅਮਰਕੋਟ ਵਿਖੇ ਉਸ ਦੇ ਘਰ ਅਕਬਰ ਨੇ ਜਨਮ ਲਿਆ। ਕਈ ਕਸ਼ਟ ਸਹਿੰਦਿਆਂ ਸੰਨ 1543 ਵਿਚ ਹਮਾਯੂੰ ਈਰਾਨ ਪੁਜਾ। ਇਥੇ ਕਈ ਸਾਲਾਂ ਦੀ ਤਿਆਰੀ ਪਿਛੋਂ ਉਸਦੇ ਦਿਨ ਫਿਰੇ ਤੇ ਸੰਨ 1555 ਵਿਚ ਉਥੇ ਦੇ ਬਾਦਸ਼ਾਹ ਤਹਿਮਾਸਪ ਦੀ ਫੌਜ ਦੀ ਮਦਦ ਨਾਲ ਦੁਬਾਰਾ ਹਿੰਦੋਸਤਾਨ ਤੇ ਕਾਬਜ਼ ਹੋਇਆ।

ਹਮਾਯੂੰ ਨੂੰ ਭਜਾਉਣ ਪਿਛੋਂ ਸ਼ੇਰ ਸ਼ਾਹ ਸੂਰੀ ਨੇ ਪੰਜਾਬ ਦੀ ਉਤਰ-ਪੱਛਮੀ ਹੱਦ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਜਿਹਲਮ ਤੋਂ 90 ਮੀਲ ਦੀ ਦੂਰੀ ਤੇ ਆਪਣੇ ਜੱਦੀ ਇਲਾਕੇ ਰੋਹ ਦੇ ਨਾਮ ਉਤੇ ਰੋਹਤਾਸ ਦਾ ਕਿਲ੍ਹਾ ਬਣਵਾਇਆ। ਬਿਹਾਰ ਵਿਚ ਵੀ ਉਸ ਨੇ ਇਕ ਰੋਹਤਾਸ ਨਾਮ ਦੇ ਕਿਲ੍ਹੇ ਦੀ ਸਿਰਜਨਾ ਕੀਤੀ। ਬੰਗਾਲ ਤੋਂ ਰੋਹਤਾਸ ਜਾਂ ਅਟਕ ਤੱਕ ਇਸ ਨੇ ਸ਼ਾਹੀ ਸੜਕ ਬਣਾ ਕੇ ਬੜਾ ਨਾਮਣਾ ਖਟਿਆ। ਰਾਹ ਵਿਚ ਲੋੜੀਂਦੇ ਫਾਸਲਿਆਂ ਦੇ ਖੂਹ ਲੁਆਏ ਤੇ ਸਰਾਵਾਂ ਬਣਵਾਈਆਂ। ਪਰ ਇਹ ਪਠਾਣ ਬਾਦਸ਼ਾਹ ਬਹੁਤ ਅਰਸਾ ਜੀ ਨਾ ਸਕਿਆ। ਸੰਨ 1545 ਨੂੰ ਕਾਲਿੰਜਰ ਦੀ ਲੜਾਈ ਸਮੇਂ ਇਹ ਮਰ ਗਿਆ। ਇਸਦੀ ਮੌਤ ਉਤੇ ਇਸ ਦੇ ਪੁੱਤਰ ਜਲਾਲ ਖਾਂ ਨੇ ਸਲੀਮ ਸ਼ਾਹ ਦੇ ਨਾਮ ਨਾਲ ਤਖ਼ਤ ਹਾਸਲ ਕੀਤਾ। ਉਸ ਦੇ ਖ਼ਿਲਾਫ਼ ਬਹੁਤ ਸਾਰੇ ਇਲਾਕਿਆਂ ਵਿਚ ਬਗ਼ਾਵਤ ਹੋਈ ਤੇ ਪੰਜਾਬ ਵਿਚ ਵੀ ਉਸ ਦੇ ਖ਼ਿਲਾਫ਼ ਕਾਫੀ ਸਿਰ ਚੁੱਕਿਆ ਗਿਆ। ਪਰ ਸੰਨ 1547 ਤੱਕ ਸਭ ਪਾਸੇ ਬਗ਼ਾਵਤਾਂ ਉਤੇ ਕਾਬੂ ਪਾ ਲਿਆ ਗਿਆ ਤੇ ਦੇਸ਼

ਸੰਗਤਾਂ ਨੇ ਭਾਈ ਬੁੱਢਾ ਜੀ ਤੇ ਹੋਰ ਮੁਖੀ ਸਿੱਖਾਂ ਦੀ ਅਗਵਾਈ ਵਿਚ ਖਡੂਰ ਸਾਹਿਬ ਆ ਕੇ ਗੁਰੂ ਸਾਹਿਬ ਨੂੰ ਬੀਬੀ ਵਿਰਾਈ ਦੇ ਘਰੋਂ ਲੱਭ ਹੀ ਲਿਆ ਤੇ ਦੀਵਾਨ ਸਜਾ ਕੇ ਗੁਰੂ ਨਾਨਕ ਪਾਤਸ਼ਾਹ ਦੀ ਤਰ੍ਹਾਂ ਹੀ ਲੋਕਾਂ ਨੂੰ ਆਤਮਿਕ ਰਹਨੁਮਾਈ ਦੇਣ ਦੀ ਬੇਨਤੀ ਕੀਤੀ। ਬੇਨਤੀ ਕਰਨ ਵਾਲੇ ਭਾਈ ਧੀਰੋ, ਅਜਿਤਾ, ਸੈਦਾ, ਸਾਧਾਰਣ ਤੇ ਬੁੱਢਾ ਜੀ ਮੁਖੀ ਸਿੱਖ ਸਨ।

### *ਸਿੱਖ ਵਿਚਾਰਧਾਰਾ ਦਾ ਵਿਕਾਸ ਤੇ ਇਸ ਦਾ ਪ੍ਰਚਾਰ*

ਗੁਰੂ ਅੰਗਦ ਦੇਵ ਜੀ ਦੇ ਮੋਢਿਆਂ ਤੇ ਹੁਣ ਬਹੁਤ ਵੱਡੀ ਜ਼ਿੰਮੇਵਾਰੀ ਆ ਪਈ ਸੀ। ਹੁਣ ਉਹ ਕੇਵਲ ਆਪਣੀ ਆਤਮ-ਸੰਤੁਸ਼ਟੀ ਦੇ ਨਿਸ਼ਾਨੇ ਨੂੰ ਮੁਖ ਰੱਖ ਕੇ ਨਹੀਂ ਸਨ ਚੱਲ ਸਕਦੇ, ਜਿਸ ਅਨੁਸਾਰ ਉਹ ਹਰ ਸਮੇਂ ਰੱਬੀ ਪਿਆਰ ਦੇ ਮੰਡਲ ਵਿੱਚ ਵਿਚਰਦਿਆਂ ਸਦਾ ਹੀ ਪ੍ਰਭੂ ਦੇ ਨਾਮ ਸਿਮਰਨ ਵਿੱਚ ਲੀਨ ਰਹਿੰਦੇ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿੱਚ ਬੇਅੰਤ ਲੋਕਾਂ ਦੇ ਜੀਵਨ-ਪ੍ਰਵਾਹਾਂ ਦੇ ਰੁੱਖ ਬਦਲ ਕੇ ਉਹਨਾਂ ਨੂੰ ਧਰਮ ਦਾ ਸੱਚਾ ਰਸਤਾ ਸੁਝਾਇਆ ਸੀ। ਅਜਿਹੇ ਜਗਿਆਸੂਆਂ ਨੂੰ ਭੀ ਸਮੇਂ-ਸਮੇਂ ਮਦਦ ਤੇ ਅਗਵਾਈ ਦੀ ਲੋੜ ਸੀ। ਜੋ ਲੋਕੀਂ ਅੱਜ ਤੱਕ ਪਰਮੇਸ਼ਰ ਦੇ ਝੰਡੇ ਹੇਠਾਂ ਨਹੀਂ ਸਨ ਆ ਸਕੇ, ਉਹਨਾਂ ਤੇ ਵੀ ਪਰੋਪਕਾਰੀ ਦ੍ਰਿਸ਼ਟੀ ਕਰਨ ਦੀ ਭਾਰੀ ਲੋੜ ਸੀ। ਮਾਇਆ ਤੇ ਵਿਸ਼ੇ-ਵਿਕਾਰਾਂ ਦੀ ਅੱਗ ਵਿਚ ਸੜ ਰਹੀ ਬੇਅੰਤ ਲੋਕਾਈ ਉਹਨਾਂ ਨੂੰ ਸਾਹਮਣੇ ਦਿੱਸ ਰਹੀ ਸੀ। ਬੇਸ਼ੁਮਾਰ ਕਿਰਤਮ ਮੱਤਾਂ-ਮਤਾਂਤਰਾਂ ਨੇ ਲੋਕਾਂ ਦੇ ਆਤਮਿਕ ਜੀਵਨ ਦੀ ਉਸਾਰੀ ਵਿਚ ਆਪਣੇ ਨਿਰੱਰਥਕ ਤੇ ਊਣੇ ਸਿਧਾਂਤਾਂ ਦੇ ਪਰਚਾਰ ਨਾਲ ਬਹੁਤ ਵਿਘਨ ਪਾ ਰੱਖਿਆ ਸੀ। ਧਾਰਮਿਕ ਆਗੂਆਂ ਨੇ, ਜੋ ਇਕ ਤਰ੍ਹਾਂ ਧਰਮ ਦੇ ਠੇਕੇਦਾਰ ਬਣੇ ਬੈਠੇ ਸਨ, ਧਰਮ ਨੂੰ ਇਕ ਵਪਾਰ ਹੀ ਬਣਾ ਛਡਿਆ ਸੀ, ਜਿਸ ਨਾਲ ਉਹਨਾਂ ਦਾ ਹਲਵਾ-ਮੰਡਾ ਚਲਦਾ ਜਾ ਰਿਹਾ ਸੀ।

ਗੁਰੂ ਨਾਨਕ ਦੇਵ ਜੀ ਨੇ ਧਰਮ ਤੇ ਮਨੁਖਾ ਜੀਵਨ ਦੇ ਲਗਪਗ ਹਰ ਮਸਲੇ ਸੰਬੰਧੀ ਭੁਲੇਖੇ ਦੂਰ ਕਰਕੇ ਬੜੀਆਂ ਪਾਇਦਾਰ ਤੇ ਨਰੋਈਆਂ ਸੇਧਾਂ ਸਿੱਖ ਮੱਤ ਦੇ ਰੂਪ ਵਿਚ ਦੇ ਦਿਤੀਆਂ ਸਨ, ਪਰ ਸਿੱਖ ਮੱਤ ਨੂੰ, ਆਪਣੇ ਆਰੰਭਿਕ ਸਾਲਾਂ ਵਿੱਚ ਹੋਣ ਕਾਰਨ ਆਪਣੀ ਵਿਚਾਰਧਾਰਾ ਨੂੰ ਨਿਖਾਰਨ ਅਤੇ ਅਮਲੀ ਤੌਰ ਤੇ ਮਨੁੱਖੀ ਭਾਈਚਾਰੇ ਵਿਚ ਜ਼ੋਰ-ਸ਼ੋਰ ਨਾਲ ਜਾਰੀ ਕਰਨ ਦੀ ਭਾਰੀ ਲੋੜ ਸੀ। ਗੁਰੂ ਨਾਨਕ ਦੇਵ ਜੀ ਵਲੋਂ ਦਰਸਾਏ ਅਨੇਕਾਂ ਸਿਧਾਂਤਾਂ ਦੀ ਅਨੇਕਾਂ ਪੱਖਾਂ ਤੋਂ ਅਮਲੀ ਸਪਸ਼ਟਤਾ ਦੀ ਭਾਰੀ ਲੋੜ ਸੀ। ਇਸ ਨੂੰ ਅਸੀਂ ਸਿੱਖ ਵਿਚਾਰਧਾਰਾ ਦਾ ਵਿਕਾਸ ਕਹਿ ਸਕਦੇ ਹਾਂ।

ਗੁਰੂ ਅੰਗਦ ਦੇਵ ਜੀ ਦੇ ਸਾਹਮਣੇ, ਕਰਨ ਵਾਲਾ ਕੰਮ ਤਾਂ ਬਹੁਤ ਵੱਡਾ, ਮਹਾਨ ਭਾਰਾ ਅਰ ਕਰੜਾ ਸੀ ਪਰ ਹਾਲਾਤ ਕਾਫ਼ੀ ਅਣ-ਸੁਖਾਵੇਂ ਜਿਹੇ ਹੀ ਸਨ। ਦੇਸ਼ ਦੇ ਰਾਜਸੀ ਹਾਲਾਤ ਚੰਗੇ ਨਹੀਂ ਸਨ। ਆਪੋ-ਧਾਪੀ ਤੇ ਅਸੁਰੱਖਿਆ ਦੀ ਭਾਵਨਾ ਦਾ ਜ਼ੋਰ ਬਹੁਤ ਸੀ। ਵਰਣ-ਆਸ਼ਰਮੀ ਮਤ ਦੇ ਬ੍ਰਹਿਮਣ ਆਗੂ ਸਿੱਖ ਮੱਤ ਦੀ ਆਮਦ ਅਤੇ ਪਰਚਾਰ

ਸੰਗਤਾਂ ਨੇ ਭਾਈ ਬੁੱਢਾ ਜੀ ਤੇ ਹੋਰ ਮੁਖੀ ਸਿੱਖਾਂ ਦੀ ਅਗਵਾਈ ਵਿਚ ਖਡੂਰ ਸਾਹਿਬ ਆ ਕੇ ਗੁਰੂ ਸਾਹਿਬ ਨੂੰ ਬੀਬੀ ਵਿਰਾਈ ਦੇ ਘਰੋਂ ਲੱਭ ਹੀ ਲਿਆ ਤੇ ਦੀਵਾਨ ਸਜਾ ਕੇ ਗੁਰੂ ਨਾਨਕ ਪਾਤਸ਼ਾਹ ਦੀ ਤਰ੍ਹਾਂ ਹੀ ਲੋਕਾਂ ਨੂੰ ਆਤਮਿਕ ਰਹਨੁਮਾਈ ਦੇਣ ਦੀ ਬੇਨਤੀ ਕੀਤੀ। ਬੇਨਤੀ ਕਰਨ ਵਾਲੇ ਭਾਈ ਧੀਰੋ, ਅਜਿਤਾ, ਸੈਦਾ, ਸਾਧਾਰਣ ਤੇ ਬੁੱਢਾ ਜੀ ਮੁਖੀ ਸਿੱਖ ਸਨ।

### *ਸਿੱਖ ਵਿਚਾਰਧਾਰਾ ਦਾ ਵਿਕਾਸ ਤੇ ਇਸ ਦਾ ਪ੍ਰਚਾਰ*

ਗੁਰੂ ਅੰਗਦ ਦੇਵ ਜੀ ਦੇ ਮੋਢਿਆਂ ਤੇ ਹੁਣ ਬਹੁਤ ਵੱਡੀ ਜ਼ਿੰਮੇਵਾਰੀ ਆ ਪਈ ਸੀ। ਹੁਣ ਉਹ ਕੇਵਲ ਆਪਣੀ ਆਤਮ-ਸੰਤੁਸ਼ਟੀ ਦੇ ਨਿਸ਼ਾਨੇ ਨੂੰ ਮੁਖ ਰੱਖ ਕੇ ਨਹੀਂ ਸਨ ਚੱਲ ਸਕਦੇ, ਜਿਸ ਅਨੁਸਾਰ ਉਹ ਹਰ ਸਮੇਂ ਰੱਬੀ ਪਿਆਰ ਦੇ ਮੰਡਲ ਵਿੱਚ ਵਿਚਰਦਿਆਂ ਸਦਾ ਹੀ ਪ੍ਰਭੂ ਦੇ ਨਾਮ ਸਿਮਰਨ ਵਿੱਚ ਲੀਨ ਰਹਿੰਦੇ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿੱਚ ਬੇਅੰਤ ਲੋਕਾਂ ਦੇ ਜੀਵਨ-ਪ੍ਰਵਾਹਾਂ ਦੇ ਰੁੱਖ ਬਦਲ ਕੇ ਉਹਨਾਂ ਨੂੰ ਧਰਮ ਦਾ ਸੱਚਾ ਰਸਤਾ ਸੁਝਾਇਆ ਸੀ। ਅਜਿਹੇ ਜਗਿਆਸੂਆਂ ਨੂੰ ਭੀ ਸਮੇਂ-ਸਮੇਂ ਮਦਦ ਤੇ ਅਗਵਾਈ ਦੀ ਲੋੜ ਸੀ। ਜੋ ਲੋਕੀਂ ਅੱਜ ਤੱਕ ਪਰਮੇਸ਼ਰ ਦੇ ਝੰਡੇ ਹੇਠਾਂ ਨਹੀਂ ਸਨ ਆ ਸਕੇ, ਉਹਨਾਂ ਤੇ ਵੀ ਪਰੋਪਕਾਰੀ ਦ੍ਰਿਸ਼ਟੀ ਕਰਨ ਦੀ ਭਾਰੀ ਲੋੜ ਸੀ। ਮਾਇਆ ਤੇ ਵਿਸ਼ੇ-ਵਿਕਾਰਾਂ ਦੀ ਅੱਗ ਵਿਚ ਸੜ ਰਹੀ ਬੇਅੰਤ ਲੋਕਾਈ ਉਹਨਾਂ ਨੂੰ ਸਾਹਮਣੇ ਦਿੱਸ ਰਹੀ ਸੀ। ਬੇਸ਼ੁਮਾਰ ਕਿਰਤਮ ਮੱਤਾਂ-ਮਤਾਂਤਰਾਂ ਨੇ ਲੋਕਾਂ ਦੇ ਆਤਮਿਕ ਜੀਵਨ ਦੀ ਉਸਾਰੀ ਵਿਚ ਆਪਣੇ ਨਿਰੱਰਥਕ ਤੇ ਊਣੇ ਸਿਧਾਂਤਾਂ ਦੇ ਪਰਚਾਰ ਨਾਲ ਬਹੁਤ ਵਿਘਨ ਪਾ ਰੱਖਿਆ ਸੀ। ਧਾਰਮਿਕ ਆਗੂਆਂ ਨੇ, ਜੋ ਇਕ ਤਰ੍ਹਾਂ ਧਰਮ ਦੇ ਠੇਕੇਦਾਰ ਬਣੇ ਬੈਠੇ ਸਨ, ਧਰਮ ਨੂੰ ਇਕ ਵਪਾਰ ਹੀ ਬਣਾ ਛਡਿਆ ਸੀ, ਜਿਸ ਨਾਲ ਉਹਨਾਂ ਦਾ ਹਲਵਾ-ਮੰਡਾ ਚਲਦਾ ਜਾ ਰਿਹਾ ਸੀ।

ਗੁਰੂ ਨਾਨਕ ਦੇਵ ਜੀ ਨੇ ਧਰਮ ਤੇ ਮਨੁਖਾ ਜੀਵਨ ਦੇ ਲਗਪਗ ਹਰ ਮਸਲੇ ਸੰਬੰਧੀ ਭੁਲੇਖੇ ਦੂਰ ਕਰਕੇ ਬੜੀਆਂ ਪਾਏਦਾਰ ਤੇ ਨਰੋਈਆਂ ਸੇਧਾਂ ਸਿੱਖ ਮੱਤ ਦੇ ਰੂਪ ਵਿਚ ਦੇ ਦਿਤੀਆਂ ਸਨ, ਪਰ ਸਿੱਖ ਮੱਤ ਨੂੰ, ਆਪਣੇ ਆਰੰਭਿਕ ਸਾਲਾਂ ਵਿੱਚ ਹੋਣ ਕਾਰਨ ਆਪਣੀ ਵਿਚਾਰਧਾਰਾ ਨੂੰ ਨਿਖਾਰਨ ਅਤੇ ਅਮਲੀ ਤੌਰ ਤੇ ਮਨੁੱਖੀ ਭਾਈਚਾਰੇ ਵਿਚ ਜ਼ੋਰ-ਸ਼ੋਰ ਨਾਲ ਜਾਰੀ ਕਰਨ ਦੀ ਭਾਰੀ ਲੋੜ ਸੀ। ਗੁਰੂ ਨਾਨਕ ਦੇਵ ਜੀ ਵਲੋਂ ਦਰਸਾਏ ਅਨੇਕਾਂ ਸਿਧਾਂਤਾਂ ਦੀ ਅਨੇਕਾਂ ਪੱਖਾਂ ਤੋਂ ਅਮਲੀ ਸਪਸ਼ਟਤਾ ਦੀ ਭਾਰੀ ਲੋੜ ਸੀ। ਇਸ ਨੂੰ ਅਸੀਂ ਸਿੱਖ ਵਿਚਾਰਧਾਰਾ ਦਾ ਵਿਕਾਸ ਕਹਿ ਸਕਦੇ ਹਾਂ।

ਗੁਰੂ ਅੰਗਦ ਦੇਵ ਜੀ ਦੇ ਸਾਹਮਣੇ, ਕਰਨ ਵਾਲਾ ਕੰਮ ਤਾਂ ਬਹੁਤ ਵੱਡਾ, ਮਹਾਨ ਭਾਰਾ ਅਰ ਕਰੜਾ ਸੀ ਪਰ ਹਾਲਾਤ ਕਾਫੀ ਅਣ-ਸੁਖਾਵੇਂ ਜਿਹੇ ਹੀ ਸਨ। ਦੇਸ਼ ਦੇ ਰਾਜਸੀ ਹਾਲਾਤ ਚੰਗੇ ਨਹੀਂ ਸਨ। ਆਪੋ-ਧਾਪੀ ਤੇ ਅਸੁਰੱਖਿਆ ਦੀ ਭਾਵਨਾ ਦਾ ਜ਼ੋਰ ਬਹੁਤ ਸੀ। ਵਰਨ-ਆਸ਼ਰਮੀ ਮਤ ਦੇ ਬ੍ਰਹਿਮਣ ਆਗੂ ਸਿੱਖ ਮੱਤ ਦੀ ਆਮਦ ਅਤੇ ਪਰਚਾਰ

ਤੋਂ ਖੁਸ਼ ਨਹੀਂ ਸਨ। ਸਮਾਜ ਵਿੱਚ ਉੱਚੀਆਂ-ਨੀਵੀਆਂ ਜਾਤਾਂ ਦੇ ਵਿਤਕਰਿਆਂ ਕਾਰਨ ਉਹਨਾਂ ਦੀ ਸਮਾਜ ਵਿੱਚ ਸਰਦਾਰੀ ਕਾਇਮ ਸੀ। ਜਾਤ ਅਭਿਮਾਨੀਆਂ ਨੇ ਲੱਖਾਂ ਕਰੋੜਾਂ ਮਨੁਖਾਂ ਨੂੰ, ਜੋ ਅਸਲ ਵਿੱਚ ਕਿਰਤੀ ਤੇ ਕਾਮੇ ਹੀ ਸਨ, ਸ਼ੂਦਰਾਂ ਦਾ ਨਾਮ ਦੇ ਕੇ ਉਹਨਾਂ ਨਾਲ ਅਣਮਨੁੱਖੀ ਵਰਤਾਉ ਕੀਤਾ ਸੀ। ਇਸ ਤਬਕੇ ਦੀ ਭਾਰੀ ਲੋੜ ਹੋਣ ਦੇ ਬਾਵਜੂਦ ਇਸ ਦੀ ਦੁਰਗਤਿ ਹੁੰਦੀ ਸੀ ਤੇ ਜੀਵਨ ਦੇ ਹਰ ਖੇਤਰ ਵਿਚ ਇਸ ਤਬਕੇ ਨੂੰ ਜ਼ਲੀਲ ਕੀਤਾ ਜਾਂਦਾ ਸੀ। ਇਹਨਾਂ ਦੇ ਨਾਲ-ਨਾਲ ਇਹਨਾਂ ਤੇ ਪਰਛਾਵੇਂ ਤੋਂ ਭੀ ਜਾਤ-ਅਭਿਮਾਨੀਆਂ ਨੂੰ ਛੂਤ ਲਗਦੀ ਸੀ। ਸਾਰੇ ਮਨੁੱਖੀ ਭਾਈਚਾਰੇ ਦੀ ਸਾਂਝੀਵਾਲਤਾ ਵਾਲੇ ਗੁਰੂ ਨਾਨਕ ਦੇ ਸਿਧਾਂਤ, ਜਾਤ-ਅਭਿਮਾਨੀਆਂ ਨੂੰ ਮੁਆਫਿਕ ਨਹੀਂ ਸਨ ਆ ਸਕਦੇ। ਉਹ ਸਿੱਖ ਲਹਿਰ ਦੇ ਵਿਰੋਧੀ ਬਣਨੇ ਹੀ ਸਨ।

ਚਨਾਬ ਦਰਿਆ ਤੋਂ ਪਰੇ ਦਾ ਇਲਾਕਾ ਮੁਸਲਮਾਨਾਂ ਨੇ ਲਗਭਗ ਸਾਰਾ ਹੀ ਇਸਲਾਮ ਦੇ ਘੇਰੇ ਵਿੱਚ ਲੈ ਆਂਦਾ ਸੀ। ਉਹਨਾਂ ਪਾਸ ਰਾਜ ਬਲ ਦੀ ਮਦਦ ਵੀ ਸੀ ਅਤੇ ਜਾਤ-ਪਾਤ ਵਰਣ-ਵਿਤਕਰਿਆਂ ਨਾਲ ਕਮਜ਼ੋਰ ਹੋਏ ਹਿੰਦੂ ਸਮਾਜ ਦੇ ਬਹੁਤ ਵਡੇ ਹਿੱਸੇ ਨੂੰ ਮੁਕਾਬਲਤਨ ਆਪਣੇ ਚੰਗੇਰੇ ਤੇ ਬਿਹਤਰ ਸਿਧਾਂਤਾਂ ਰਾਹੀਂ ਖਿੱਚ ਦੀ ਵੀ ਸ਼ਕਤੀ ਸੀ। ਇਸ ਧਰਮ ਦੇ ਆਗੂ, ਮੁੱਲਾਂ-ਮੁਲਾਣੇ ਭੀ ਸਿੱਖ ਮੱਤ ਦੀ ਚੜ੍ਹਦੀ ਕਲਾ ਤੇ ਦਿਲੋਂ ਖੁਸ਼ ਨਹੀਂ ਸਨ ਹੋ ਸਕਦੇ। ਪੰਜਾਬ ਵਿੱਚ ਸ਼ਾਇਦ ਹੀ ਕੋਈ ਨਗਰ ਹੋਵੇ, ਜਿਥੇ ਗੁਰੂ ਨਾਨਕ-ਮੱਤ ਨੂੰ ਮੰਨਣ ਵਾਲੇ ਸ਼ਰਧਾਲੂ ਪੈਦਾ ਨਾ ਹੋ ਗਏ ਹੋਣ। ਦਰਿਆ ਰਾਵੀ ਦੇ ਸਾਰੇ ਉੱਤਰੀ ਇਲਾਕੇ ਨੂੰ ਤਾਂ ਇਕ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਪੂਰੇ ਦਾ ਪੂਰਾ ਸਿੱਖ ਮੱਤ ਦੇ ਪ੍ਰਭਾਵ ਹੇਠਾਂ ਕਰ ਲਿਆ ਸੀ। ਗੁਰੂ ਅੰਗਦ ਦੇਵ ਜੀ ਨੇ ਹੁਣ ਖਡੂਰ ਸਾਹਿਬ ਦੇ ਸਿੱਖੀ ਪ੍ਰਚਾਰ ਦੇ ਕੇਂਦਰ ਰਾਹੀਂ ਦਰਿਆ ਬਿਆਸ ਤੇ ਰਾਵੀ ਦੇ ਵਿਚਕਾਰਲੇ ਮਾਝੇ ਦੇ ਇਲਾਕੇ ਨੂੰ ਗੁਰੂ ਨਾਨਕ ਦੇ ਝੰਡੇ ਹੇਠ ਲਿਆ ਕੇ ਰੱਬ ਨਾਲ ਜੋੜਨਾ ਸੀ। ਇਹ ਗੱਲ ਮੁਸਲਮਾਨਾਂ ਦੇ ਧਾਰਮਿਕ ਆਗੂਆਂ ਨੂੰ ਸੁਖਾ ਨਹੀਂ ਸੀ ਸਕਦੀ।

ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਵੇਲੇ ਤੱਕ ਇਸ ਮੱਤ ਉਤੇ ਸ਼ਰਧਾ ਯਕੀਨ ਅਰ ਅਕੀਦਤ ਰਖਣ ਵਾਲੇ ਬੰਦੇ ਤਾਂ ਬਹੁਤ ਸਨ, ਪਰ ਉਹਨਾਂ ਸ਼ਰਧਾਲੂਆਂ ਦੀ ਗਿਣਤੀ ਵੀ ਕੋਈ ਘੱਟ ਨਹੀਂ ਸੀ ਜੋ ਅਜੇ ਤੱਕ ਐਸਾ ਮਹਿਸੂਸ ਕਰਨ ਲਗ ਜਾਂਦੇ ਸਨ ਕਿ ਸੰਸਾਰ ਦੇ ਸੰਪੂਰਨ ਤਿਆਗ ਬਿਨਾਂ ਮਨੁੱਖ ਆਪਣੇ ਮਨ ਵਿੱਚ ਰੱਬੀ ਪਿਆਰ ਨਹੀਂ ਪੈਦਾ ਕਰ ਸਕਦਾ ਤੇ ਨਾ ਹੀ ਪੂਰਨ ਤਿਆਗ ਬਿਨਾਂ ਮਨੁੱਖ ਆਪਣੀਆਂ ਖਾਹਿਸ਼ਾਂ ਜਾਂ ਇਛਾਵਾਂ ਨੂੰ ਪਰਮੇਸ਼ਰ ਦੇ ਅਧੀਨ ਕਰਨ ਦੇ ਸਮਰੱਥ ਹੋ ਸਕਦਾ ਹੈ। ਸਿੱਖ ਮਤ ਬੇਸਿਕ ਤੌਰ ਤੇ ਗ੍ਰਿਹਸਤੀਆਂ ਦਾ ਧਰਮ ਹੈ ਤੇ ਗ੍ਰਿਹਸਤੀ ਰਹਿ ਕੇ ਕਮਾਏ ਜਾ ਸਕਣ ਵਾਲੇ ਧਰਮ ਨੂੰ ਹੀ ਇਸ ਵਿਚ ਸਭ ਤੋਂ ਸਰੇਸ਼ਟ ਮੰਨਿਆ ਗਿਆ ਹੈ। ਪਰ ਬਾਬਾ ਸ੍ਰੀ ਚੰਦ ਜੀ ਦੀ ਅਗਵਾਈ ਵਿੱਚ ਨਿਰੇ ਤਿਆਗ ਵੱਲ ਝੁਕਾਅ ਰਖਣ ਵਾਲੇ ਤੇ ਉਸ ਨੂੰ ਠੀਕ ਰਸਤਾ ਸੋਚਣ ਵਾਲੇ ਸੇਵਕਾਂ ਦੀ ਵੀ ਗਿਣਤੀ ਕਾਫ਼ੀ ਹੋ ਚੁਕੀ ਸੀ। ਬਾਬਾ ਸ੍ਰੀ ਚੰਦ ਦੇ ਚਲਾਏ ਉਦਾਸੀ ਮੱਤ ਦੇ ਜ਼ਿਆਦਾਤਰ ਵਿਸ਼ਵਾਸ ਤੇ ਸਿਧਾਂਤ ਤਾਂ ਗੁਰੂ ਨਾਨਕ

ਦੇਵ ਜੀ ਵਾਲੇ ਸਨ ਪਰ ਉਹ ਸਿੱਖੀ ਦੇ ਇਕ ਮੁੱਢਲੇ ਸਿਧਾਂਤ ਤੋਂ ਹੀ ਸਿਰ ਫੇਰੀ ਬੈਠੇ ਸਨ ਤੇ ਇਸ ਤਰ੍ਹਾਂ ਉਹਨਾਂ ਦਾ ਸੁਭਾਵਿਕ ਝੁਕਾਅ ਸਮਾਂ ਪਾ ਕੇ ਬ੍ਰਹਿਮਣੀ ਮੱਤ ਦਾ ਖਾਜ ਬਣ ਜਾਣ ਵੱਲ ਸੀ।

ਇਕ ਹੋਰ ਗੱਲ ਵੀ ਇਸ ਸਮੇਂ ਸਿੱਖ ਮਤ ਦੇ ਪ੍ਰਚਾਰ-ਪਸਾਰ ਵਿਚ ਮੁਸ਼ਕਲ ਖੜ੍ਹੀ ਕਰ ਸਕਦੀ ਸੀ, ਉਹ ਇਹ ਕਿ ਬਾਬਾ ਸ੍ਰੀ ਚੰਦ ਕੋਈ ਭੈੜੇ ਜਾਂ ਕੁਹਜੇ ਜੀਵਨ ਦੇ ਧਾਰਨੀ ਨਹੀਂ ਸਨ। ਆਪ ਇਕ ਬਹੁਤ ਹੀ ਪਵਿੱਤਰ ਅਰ ਉੱਚੇ ਜੀਵਨ ਦੇ ਧਾਰਨੀ ਸਨ ਤੇ ਗੁਰੂ ਨਾਨਕ ਬਾਣੀ ਦੀ ਬੜੀ ਪ੍ਰਭਾਵਸ਼ਾਲੀ ਵਿਆਖਿਆ ਵੀ ਕਰਦੇ ਸਨ। ਉਂਝ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਉਪਰੋਕਤ ਵਿਸ਼ੇ ਤੇ ਗੁਰੂ ਨਾਨਕ ਦੇਵ ਜੀ ਨਾਲ ਮੁੱਢਲਾ ਮਤਭੇਦ ਰਖਦੇ ਸਨ ਤੇ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਨੂੰ ਸੰਪੂਰਨ ਤੌਰ ਤੇ ਮੰਨਣ ਲਈ ਤਿਆਰ ਨਹੀਂ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਗੁਰਮਤ ਗਿਆਨ, ਅਤੀ ਪਵਿੱਤਰ ਜੀਵਨ ਅਰ ਹੱਦ ਦਰਜੇ ਦੀ ਨਿਮਰਤਾ ਆਦਿਕ ਹਥਿਆਰਾਂ ਨਾਲ ਗੁਰਸਿੱਖੀ ਵਿੱਚ ਹੀ ਵਿਚਾਰਧਾਰਾ ਦੇ ਤੌਰ ਤੇ ਪਾੜਾ ਪੈ ਜਾਣ ਦੀ ਬਿਮਾਰੀ ਨੂੰ ਬਹੁਤ ਸਫਲਤਾ ਨਾਲ ਰੋਕਿਆ ਤੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੀ ਸਰਬ-ਸਰੇਸ਼ਟਤਾ ਸਿੱਧ ਕਰ ਦਿੱਤੀ ਸੀ।

## (6) ਗੁਰਬਾਣੀ ਤੇ ਗੁਰ-ਇਤਿਹਾਸ ਦੀ ਸੰਭਾਲ

**ਗੁਰਮੁਖੀ ਲਿੱਪੀ ਦਾ ਪਰਚਾਰ** : ਬਹੁਤ ਅਰਸੇ ਤੱਕ ਇਹੋ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ ਕਿ ਗੁਰਮੁਖੀ ਲਿੱਪੀ ਗੁਰੂ ਅੰਗਦ ਦੇਵ ਜੀ ਨੇ ਈਜਾਦ ਕੀਤੀ ਸੀ। ਕਿਸੇ ਹੱਦ ਤਕ ਇਸ ਦਾ ਕਾਰਨ ਇਹ ਵਾਪਰਿਆ ਹੈ ਕਿ ਕਹੀਆਂ ਜਾਂਦੀਆਂ ਬਾਬਾ ਮੋਹਨ ਵਾਲੀਆਂ ਸੈਂਚੀਆਂ ਦੇ ਸਫ਼ਾ 215 ਤੇ 223 ਉਤੇ ਕਿਸੇ ਪ੍ਰੇਮੀ ਨੇ ਇਹ ਲਿਖ ਦਿਤਾ ਸੀ ਕਿ ਗੁਰਮੁਖੀ ਦੇ ਅੱਖਰ ਗੁਰੂ ਅੰਗਦ ਦੇਵ ਜੀ ਨੇ ਬਣਾਏ ਸਨ। ਕੁਝ ਨੇ ਇਹ ਵਿਚਾਰ ਵੀ ਦਿੱਤਾ ਹੈ ਕਿ ਗੁਰਮੁਖੀ ਲਿੱਪੀ ਦੇ ਅੱਖਰ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਜੀ ਦੇ ਜੀਵਨ ਕਾਲ ਵਿੱਚ ਆਪ ਵਿਉਂਤੇ ਸਨ ਤੇ ਗੁਰੂ ਨਾਨਕ ਸਾਹਿਬ ਨੂੰ ਵਿਖਾ ਦਿਤੇ ਸਨ। ਪਰ ਇਹ ਵਿਚਾਰ ਦਲੀਲ ਭਰਪੂਰ ਨਹੀਂ ਕਿਉਂਕਿ ਗੁਰਮੁਖੀ ਲਿੱਪੀ ਦੇ ਪੈਂਤੀ ਅੱਖਰ ਗੁਰੂ ਨਾਨਕ ਸਾਹਿਬ ਦੀ ਬਾਣੀ ਰਾਗ ਆਸਾ ਦੀ ਪੱਟੀ ਵਿਚ ਮੌਜੂਦ ਹਨ। ਕੁਝ ਵਿਦਵਾਨ ਪਟੀ ਦੀ ਬਾਣੀ ਤੇ ਲਿੱਪੀ ਦੇ ਨਾਮ ਨੂੰ ਮਦੇ-ਨਜ਼ਰ ਰਖ ਕੇ ਇਹ ਵਿਚਾਰ ਵੀ ਦਿੰਦੇ ਰਹੇ ਹਨ ਕਿ ਇਹ ਲਿੱਪੀ ਗੁਰੂ ਨਾਨਕ ਦੇਵ ਜੀ ਨੇ ਈਜਾਦ ਕੀਤੀ ਸੀ, ਪਰ ਮਗਰਲੇ ਸਮੇਂ ਦੀਆਂ ਨਵੀਆਂ ਖ਼ੋਜਾਂ ਨੇ ਇਹ ਗੱਲ ਬਿਲਕੁਲ ਸੱਪਸ਼ਟ ਕਰ ਦਿਤੀ ਹੈ ਕਿ ਇਸ ਲਿੱਪੀ ਦੇ ਅੱਖਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ (ਜਨਮ) ਤੋਂ ਵੀ ਬਹੁਤ ਪਹਿਲੇ ਵਰਤੇ ਜਾ ਰਹੇ ਸਨ।

ਅਸਲ ਗੱਲ ਇਹ ਹੈ ਕਿ ਬ੍ਰਹਿਮਣੀ ਮੱਤ ਦੇ ਸਭ ਗ੍ਰੰਥਾਂ ਦੀ ਬੋਲੀ ਸੰਸਕ੍ਰਿਤ ਸੀ,

ਜੋ ਲੋਕ-ਬੋਲੀ ਨਹੀਂ ਸੀ ਤੇ ਪ੍ਰੋਹਿਤ ਸ਼੍ਰੇਣੀ ਨੇ ਇਸ ਦੇ ਜ਼ੋਰ ਨਾਲ ਹੀ ਸਮਾਜ ਉਤੇ ਆਪਣਾ ਪ੍ਰਭਾਵ ਪਾ ਰਖਿਆ ਸੀ। ਉਂਞ, ਪੰਜਾਬ ਦੇ ਲੋਕਾਂ ਵਿਚ ਉਸ ਵੇਲੇ ਲੰਡੇ ਬਹੁਤ ਪ੍ਰਚਲਿਤ ਸਨ। ਪੰਜਾਬ ਵਿਚ ਬੋਲੀ ਜਾਣ ਵਾਲੀ ਭਾਸ਼ਾ ਨੂੰ ਲਿਖਣ ਲਈ ਆਦਰਸ਼ਕ ਲਿੱਪੀ ਗੁਰਮੁਖੀ ਹੀ ਹੈ। ਨਵੀਆਂ ਖ਼ੋਜਾਂ ਦੱਸਦੀਆਂ ਹਨ ਕਿ ਇਹ ਅੱਖਰ ਮੌਜੂਦਾ ਆਵਾਜ਼ਾਂ ਨਾਲ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਮੌਜੂਦ ਸਨ ਪਰ ਬਤੌਰ ਸੁਤੰਤਰ ਲਿੱਪੀ ਇਸ ਨੂੰ ਮਾਨਤਾ ਸਭ ਤੋਂ ਪਹਿਲਾ ਗੁਰੂ ਨਾਨਕ ਸਾਹਿਬ ਤੋਂ ਪ੍ਰਾਪਤ ਹੋਈ। ਸਤਿਗੁਰਾਂ ਨੇ ਬਾਣੀ ਤਾਂ ਆਮ ਲੋਕਾਂ ਦੇ ਕਲਿਆਣ ਲਈ ਲਿਖਣੀ ਸੀ ਤੇ ਇਸ ਲਈ ਉਹ ਲੋਕਾਂ ਦੀ ਬੋਲੀ ਵਿਚ ਲਿਖੀ ਗਈ ਤੇ ਇਸੇ ਕਾਰਨ ਬਾਣੀ ਲਈ ਸਤਿਗੁਰਾਂ ਤੇ ਗੁਰੂ ਸਾਹਿਬਾਨ ਵਲੋਂ ਪ੍ਰਵਾਨਤ ਹੋਰ ਭਗਤਾਂ ਨੇ ਸੰਸਕ੍ਰਿਤ ਬੋਲੀ ਦੀ ਥਾਵੇਂ ਲੋਕ ਬੋਲੀਆਂ ਦੀ ਵਰਤੋਂ ਕੀਤੀ। ਸੰਸਕ੍ਰਿਤ ਤਾਂ ਕੇਵਲ ਪੰਡਤਾਂ ਪ੍ਰੋਹਿਤਾਂ ਨੇ ਆਪਣੀ ਸਰਦਾਰੀ ਕਾਇਮ ਰੱਖਣ ਲਈ ਅਪਣਾ ਰੱਖੀ ਸੀ।

ਮੁੱਦਾ ਇਹ ਕਿ ਬਾਣੀ ਲਈ ਸਭ ਤੋਂ ਵਧੀਆ ਸਮਝੀ ਗਈ ਲਿੱਪੀ ਨੂੰ ਗੁਰਮੁਖੀ ਨਾਮ ਮਿਲ ਗਿਆ। ਗੁਰੂ ਅੰਗਦ ਦੇਵ ਜੀ ਨੇ ਤਾਂ ਇਸ ਲਿੱਪੀ ਨੂੰ ਬਹੁਤ ਜ਼ਿਆਦਾ ਜ਼ੋਰ ਤੇ ਉਤਸ਼ਾਹ ਨਾਲ ਪ੍ਰਚਲਿਤ ਕਰ ਦਿੱਤਾ।'ਲਾਇਟਨਰ' ਅਨੁਸਾਰ ਤਾਂ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਨੂੰ ਪ੍ਰਚਲਿਤ ਕਰਨ ਵਾਸਤੇ ਬੱਚਿਆਂ ਲਈ ਬਾਲਬੋਧ (Primers) ਵੀ ਬੜੇ ਉਤਸ਼ਾਹ ਨਾਲ ਲਿਖਿਆ ਤੇ ਇਸ ਨੂੰ ਗੁਰਮੁਖੀ ਲਿੱਪੀ ਦੇ ਪਰਚਾਰ ਲਈ ਅਹਿਮ ਕੰਮ ਜਾਣਿਆ। ਇਸ ਲਿੱਪੀ ਨੂੰ ਹਰਮਨ ਪਿਆਰਾ ਬਣਾਉਣ ਲਈ ਇਸਦੇ ਅੱਖਰਾਂ ਨਾਲ ਸ਼ੁਰੂ ਹੋਣ ਵਾਲੇ ਮਹਾਨ ਆਤਮਿਕ ਉਪਦੇਸ਼ (ਖਾਸ ਤੌਰ ਤੇ ਪਟੀ ਵਾਲੀ ਬਾਣੀ ਦੀਆਂ ਪਵਿੱਤਰ ਤੁਕਾਂ) ਸੁੰਦਰ ਲਿਖਾਈ ਵਾਲੇ ਕਿਤਿਆਂ (Mottos) ਦੇ ਰੂਪ ਵਿੱਚ ਵੀ ਪ੍ਰਚਲਿਤ ਕੀਤੇ। ਇਸ ਸਮੇਂ ਗੁਰੂ ਨਾਨਕ ਦੇਵ ਜੀ ਤੇ ਭਗਤਾਂ ਦੀ ਬਾਣੀ ਦੇ ਸ਼ਬਦਾਂ ਦੇ, ਇਸੇ ਸਮੇਂ ਗੁਰਮੁਖੀ ਲਿੱਪੀ ਵਿੱਚ ਗੁਟਕੇ ਬਣਵਾਏ ਗਏ।

ਗੁਰੂ ਅੰਗਦ ਦੇਵ ਜੀ ਨੇ ਬਾਣੀ ਦੀਆਂ ਅਨੇਕਾਂ ਪੋਥੀਆਂ ਲਿਖਵਾਈਆਂ ਸਨ ਤੇ ਸਿੱਖੀ ਪਰਚਾਰ ਦੇ ਹਰ ਕੇਂਦਰ ਨੂੰ ਬਾਣੀ ਦੀ ਇਕ-ਇਕ ਹਸਤ-ਲਿਖਤ ਪੋਥੀ ਭੇਜੀ ਸੀ।

ਇਸ ਲਿੱਪੀ ਦੇ ਇਸ ਭਾਂਤ ਦੇ ਵੱਡੀ ਪੱਧਰ ਦੇ ਪਰਚਾਰ ਨੇ ਹੀ ਇਸ ਲਿੱਪੀ ਨੂੰ ਗੁਰਮੁਖੀ ਭਾਵ "ਗੁਰੂ ਦੀ ਅਨੁਸਾਰੀ" ਨਾਮ ਧਾਰਨ ਕਰ ਲੈਣ ਦਾ ਬਲ ਦਿੱਤਾ।ਆਪਣੇ ਧਰਮ-ਪਰਚਾਰ ਲਈ ਇਸ ਲਿੱਪੀ ਨੂੰ ਅਤੇ ਲੋਕ-ਬੋਲੀ ਪੰਜਾਬੀ ਨੂੰ ਅਪਨਾ ਲੈਣ ਕਾਰਨ ਇਸ ਮੱਤ ਦੇ ਪੈਰੋਕਾਰਾਂ ਦੀ ਹਿਦੂਆਂ ਜਾਂ ਵਰਣ-ਆਸ਼ਰਮੀ ਮੱਤ ਦੇ ਧਾਰਨੀਆਂ ਨਾਲੋਂ ਬਿਲਕੁਲ ਵੱਖਰੀ ਵਿੱਲਖਣ ਤੇ ਸੁਤੰਤਰ ਹੋਂਦ ਉਘੜਨ ਲਗ ਪਈ ਜੋ ਸਮਾਂ ਪਾ ਕੇ ਸਿੱਖਾਂ ਨੂੰ ਇਕ ਅੱਡਰੀ ਕੌਮ ਦੇ ਰੂਪ ਵਿੱਚ ਢਾਲਣ ਲਈ ਬੜੀ ਸਹਾਈ ਸਾਬਤ ਹੋਈ।

### ਬਾਣੀ ਸੰਭਾਲਣੀ ਤੇ ਹੋਰ ਬਾਣੀ ਲਿਖਣੀ

ਇਤਿਹਾਸਕ ਹਵਾਲਿਆਂ ਰਾਹੀਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਇਕ ਪੋਥੀ ਆਪਣੇ ਪਾਸ ਰਖਦੇ ਸਨ। ਜਿਸ ਵਿਚ ਉਹ ਆਪਣੇ ਹਰ ਸ਼ਬਦ ਨੂੰ ਦਰਜ ਕਰ ਲੈਂਦੇ ਸਨ ਅਤੇ ਆਪਣੀ ਬਾਣੀ ਤੋਂ ਛੁਟ ਉਹਨਾਂ ਨੇ ਉਸ ਪੋਥੀ ਵਿੱਚ ਸੱਚ ਦੀ ਕਸਵੱਟੀ ਤੇ ਪੂਰੇ ਉਤਰਨ ਵਾਲੇ ਭਗਤਾਂ ਦੀ ਬਾਣੀ ਵੀ ਦਰਜ ਕਰ ਲਈ ਸੀ। ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ "ਆਸਾ ਹਥ ਕਿਤਾਬ ਕਛ" ਅਤੇ "ਪੁਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕਿ ਮੁਸਲਮਾਨੋਈ" ਲਿਖ ਕੇ ਇਸ ਪੋਥੀ ਦੀ ਹੋਂਦ ਦੀ ਸੂਚਨਾ ਦਿਤੀ ਸੀ। "ਮਹਿਮਾ ਪ੍ਰਕਾਸ਼" ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਮਿਲਣ ਸਮੇਂ ਗੁਰੂ ਨਾਨਕ ਦੇਵ ਜੀ ਵੱਲੋਂ ਇਹ ਪੋਥੀ ਦੇਣ ਦਾ ਵੀ ਜ਼ਿਕਰ ਕੀਤਾ ਹੈ।

ਇਸੇ ਪੋਥੀ ਵਿੱਚ ਗੁਰੂ ਅੰਗਦ ਦੇਵ ਜੀ ਨੇ ਆਪਣੀ ਲਿਖੀ ਬਾਣੀ ਵੀ ਦਰਜ ਕਰਵਾ ਦਿਤੀ ਸੀ। ਮਿਕਦਾਰ ਦੇ ਹਿਸਾਬ ਨਾਲ ਗੁਰੂ ਅੰਗਦ ਦੇਵ ਜੀ ਨੇ ਬਹੁਤ ਥੋੜ੍ਹੀ ਬਾਣੀ ਰਚੀ ਹੈ, ਪਰ ਵਿਸ਼ਾ-ਵਸਤੂ ਇਸ ਬਾਣੀ ਦਾ ਭੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੁਲ ਹੀ ਵਜ਼ਨਦਾਰ ਹੈ। ਬੜੇ-ਬੜੇ ਵੱਡੇ ਆਤਮਿਕ ਸਿਧਾਂਤ ਬਹੁਤ ਥੋੜ੍ਹੇ ਤੇ ਸਾਦਾ ਲਫਜ਼ਾਂ ਵਿੱਚ ਸਤਿਗੁਰਾਂ ਨੇ ਬਿਆਨ ਕਰ ਦਿਤੇ ਹਨ। ਗੁਰੂ ਅੰਗਦ ਦੇਵ ਜੀ ਨੇ ਕੁਲ ਮਿਲਾਕੇ 63 ਸਲੋਕ ਲਿਖੇ ਹਨ। ਹਰ ਸਲੋਕ ਆਪਣੇ ਆਪ ਵਿੱਚ ਇਕ ਸੰਪੂਰਨ ਸੁਤੰਤਰ ਆਤਮਿਕ ਵਿਚਾਰ ਸਮੋਈ ਬੈਠਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਮੌਜੂਦਾ ਰੂਪ ਦੇਣ ਸਮੇਂ ਗੁਰੂ ਅਰਜਨ ਦੇਵ ਜੀ ਨੇ ਹੋਰ ਸਤਿਗੁਰੂਆਂ ਦੁਆਰਾ ਉਚਾਰੀਆਂ ਵਾਰਾਂ ਦੀਆਂ ਢੁਕਵੀਆਂ ਪਉੜੀਆਂ ਨਾਲ ਹੇਠ ਲਿਖੇ ਅਨੁਸਾਰ ਗੁਰੂ ਅੰਗਦ ਦੇਵ ਜੀ ਦੇ ਸਲੋਕ ਦਰਜ ਕਰ ਦਿਤੇ ਸਨ। ਚੂੰਕਿ ਆਪ ਦੇ 63 ਦੇ 63 ਸਲੋਕ 9 ਵਾਰਾਂ ਵਿੱਚ ਢੁਕਵੀਆਂ ਥਾਵਾਂ ਤੇ ਦਰਜ ਹੋ ਗਏ, ਇਸੇ ਕਾਰਨ "ਵਾਰਾਂ ਤੇ ਵਧੀਕ" ਵਾਲੇ ਸਿਰਲੇਖ ਵਿਚ ਗੁਰੂ ਅੰਗਦ ਦੇਵ ਜੀ ਦਾ ਕੋਈ ਸਲੋਕ ਨਹੀਂ, ਸਲੋਕਾਂ ਦੀ ਇਹ ਵੰਡ ਹੇਠ ਲਿਖੇ ਅਨੁਸਾਰ ਹੈ :

(1) ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਵਿਚ 32 ਸਲੋਕ ਹੇਠ ਅਨੁਸਾਰ ਹਨ :

ਮਾਝ ਕੀ ਵਾਰ ਵਿਚ – 12 ਸਲੋਕ

ਆਸਾ ਕੀ ਵਾਰ ਵਿਚ – 15 ਸਲੋਕ

ਮਲਾਰ ਕੀ ਵਾਰ ਵਿਚ – 5 ਸਲੋਕ

(2) ਗੁਰੂ ਅਮਰਦਾਸ ਜੀ ਦੀਆਂ ਵਾਰਾਂ ਵਿੱਚ ਹੇਠ ਲਿਖੇ ਅਨੁਸਾਰ 19 ਸਲੋਕ ਹਨ :

ਸੂਹੀ ਕੀ ਵਾਰ ਵਿਚ – 11 ਸਲੋਕ

ਰਾਮਕਲੀ ਕੀ ਵਾਰ ਵਿਚ – 7 ਸਲੋਕ

ਮਾਰੂ ਕੀ ਵਾਰ ਵਿਚ – 1 ਸਲੋਕ

(3) ਗੁਰੂ ਰਾਮਦਾਸ ਜੀ ਦੀਆਂ ਵਾਰਾਂ ਵਿਚ ਹੇਠ ਲਿਖੇ ਅਨੁਸਾਰ ਕੁਲ 12 ਸਲੋਕ ਹਨ :

ਸਿਰੀਰਾਗ ਕੀ ਵਾਰ ਵਿਚ - 2 ਸਲੋਕ
ਸੋਰਠਿ ਕੀ ਵਾਰ ਵਿਚ - 1 ਸਲੋਕ
ਸਾਰੰਗ ਕੀ ਵਾਰ ਵਿਚ - 9 ਸਲੋਕ

ਗੁਰੂ ਅੰਗਦ ਦੇਵ ਜੀ ਦੇ ਸਾਰੇ ਸ਼ਿਲੋਕ ਅਰਥ-ਭਾਵਾਂ ਸਮੇਤ ਅੱਡ-ਅੱਡ ਸਿਰਲੇਖਾਂ ਹੇਠ ਆਪਣੀ ਵਿਸ਼ੇ ਸਾਮਗਰੀ ਦੀ ਤਰਤੀਬ ਅਨੁਸਾਰ ਇਸ ਪੁਸਤਕ ਦੇ ਅੰਤ ਵਿਚ ਦਿਤੇ ਹਨ, ਜਿਹਨਾਂ ਦਾ ਸਮੁੱਚਾ ਅਧਿਐਨ ਆਪ ਜੀ ਦੀ ਵਿਚਾਰਧਾਰਾ ਤੇ ਸ਼ਖਸੀਅਤ ਨੂੰ ਬਹੁਤ ਸੁਹਣੀ ਤਰ੍ਹਾਂ ਉਘਾੜਦਾ ਹੈ।

### *ਗੁਰੂ ਨਾਨਕ ਦੇਵ ਜੀ ਦੀ ਜੀਵਨ ਗਾਥਾ ਲਿਖਵਾਣੀ*

ਇਸ ਵਿੱਚ ਤਾਂ ਕੋਈ ਸ਼ੱਕ ਨਹੀਂ ਕਿ ਗੁਰਬਾਣੀ ਸਿੱਖੀ ਦੀ ਆਤਮਾ ਹੈ।ਗੁਰੂ ਨਾਨਕ ਸਾਹਿਬ ਤੇ ਹੋਰ ਸਤਿਗੁਰਾਂ ਦਾ ਅਸਲ ਸਰੂਪ ਤਾਂ ਉਹਨਾਂ ਦੀ ਬਾਣੀ ਹੀ ਹੈ। ਸਿੱਖ ਮਤ ਦੀ ਹੋਂਦ ਨਾਲ ਜੇ ਕਿਸੇ ਦਾ ਸਿਧਾ ਸਬੰਧ ਹੈ ਤਾਂ ਉਹ ਗੁਰਬਾਣੀ ਹੈ, ਪਰ ਇਤਿਹਾਸ ਦੀ ਆਪਣੀ ਅਹਿਮੀਅਤ ਤੋਂ ਸਿਰ ਫੇਰਨਾ ਵੀ ਕੋਈ ਬਹੁਤ ਅਕਲ ਦਾ ਕਾਰਨਾਮਾ ਨਹੀਂ।ਜੇ ਗੁਰਬਾਣੀ ਸਿੱਖੀ ਦੀ ਆਤਮਾ ਹੈ ਤਾਂ ਇਤਿਹਾਸ ਨੂੰ ਸਿੱਖੀ ਦਾ ਸਰੀਰ ਮੰਨਿਆ ਜਾ ਸਕਦਾ ਹੈ। ਆਤਮਾ ਬਿਨਾਂ ਸਰੀਰ ਦੀ ਕੋਈ ਹੋਂਦ ਹੀ ਨਹੀਂ, ਤੇ ਉਸ ਦਾ ਮਿੱਟੀ ਬਣ ਜਾਣਾ ਸੁਭਾਵਿਕ ਹੈ। ਇਸੇ ਤਰ੍ਹਾਂ ਸਰੀਰ ਦੀ ਹੋਂਦ ਤੋਂ ਬਿਨਾਂ ਆਤਮਾ ਨੂੰ ਸਮਝ ਸਕਣਾ, ਉਸ ਦੀ ਹੋਂਦ ਤੇ ਵਿਸ਼ਵਾਸ ਜੇਮਣਾ ਸੌਖਾ ਕੰਮ ਨਹੀਂ।ਕੁਝ ਕੌਮਾਂ ਕੋਲ ਬਾਣੀ ਦਾ ਪਹਿਲੂ ਕਿਸੇ ਹੱਦ ਤੀਕ ਪੂਰਾ ਕਰਨ ਲਈ ਤਾਂ ਚੀਜ਼ ਹੈ, ਪਰ ਉਹ ਕੇਵਲ ਕਿਤਾਬੀ ਸ਼ਿੰਗਾਰ ਹੀ ਬਣ ਸਕਿਆ ਹੈ। ਉਹਨਾਂ ਦੇ ਸਿਧਾਂਤਾਂ ਅਨੁਸਾਰ ਜੀਵਨ ਜਿਊਣ ਵਾਲੇ ਅਤੇ ਉਹਨਾਂ ਸਿਧਾਂਤਾਂ ਤੇ ਮਰ ਮਿਟਣ ਵਾਲੇ ਮਨੁੱਖਾਂ ਨੂੰ ਉਹਨਾਂ ਦਾ ਇਤਿਹਾਸ ਪੇਸ਼ ਨਾ ਕਰ ਸਕਿਆ। ਉਹ ਸਿਧਾਂਤ ਸਮੇਂ ਦੇ ਥਪੇੜੇ ਨਾ ਸਹਾਰ ਸਕੇ ਤੇ ਕਾਲ-ਗ੍ਰਾਸ ਹੋ ਗਏ। ਇਸੇ ਤਰ੍ਹਾਂ ਸਿਧਾਂਤਾਂ ਤੇ ਅਸੂਲਾਂ ਦੀ ਜੜ੍ਹ ਦੇ ਬਿਨਾ, ਵਕਤੀ ਮੰਗ ਪੂਰੀ ਕਰਨ ਲਈ ਕੁਝ ਕੌਮਾਂ ਥੋੜ੍ਹਾ ਜਿਹਾ ਇਤਿਹਾਸ ਤਾਂ ਪੇਸ਼ ਕਰ ਗਈਆਂ ਪਰ ਜੜ੍ਹ ਤੋਂ ਬਿਨਾਂ ਇਹ ਸਭ ਕੁਝ ਕਾਇਮ ਨਹੀਂ ਸੀ ਰਖਿਆ ਜਾ ਸਕਦਾ। ਭਾਵ, ਪਾਏਦਾਰ ਸਿਧਾਂਤਾਂ ਦੀ ਅਣਹੋਂਦ ਕਾਰਨ ਉਹਨਾਂ ਕੌਮਾਂ ਦਾ ਇਤਿਹਾਸਕ ਪ੍ਰਵਾਹ ਅਗੇ ਨਾ ਚੱਲ ਸਕਿਆ ਤੇ ਉਹ ਕੌਮਾਂ ਨੇਸਤੋ-ਨਾਬੂਦ ਹੋ ਗਈਆਂ।

ਇਸ ਗੱਲੋਂ ਗੁਰੂ ਨਾਨਕ ਨਾਮ-ਲੇਵਾ ਬੜੇ ਖੁਸ਼ਕਿਸਮਤ ਹਨ ਜਿਨ੍ਹਾਂ ਪਾਸ ਬਾਣੀ ਤੇ ਇਤਿਹਾਸ ਦੋਨੋਂ ਹੀ ਸਰਬ ਉੱਚ ਕੋਟੀ ਦੇ ਮੌਜੂਦ ਹਨ। ਸਿਧਾਂਤਕ ਪੱਖੋਂ ਦੁਨੀਆਂ ਦੇ ਸਭ ਨਿਰਪੱਖ ਵਿਦਵਾਨ ਤੇ ਆਤਮਦਰਸ਼ੀ ਗੁਰਬਾਣੀ ਨੂੰ ਬਹੁਤ ਵੱਡਾ ਤੇ ਅਮੋਲਕ

ਆਤਮਿਕ ਖ਼ਜ਼ਾਨਾ ਮੰਨਦੇ ਹਨ ਅਤੇ ਸਮਾਂ ਪਾ ਕੇ ਸਿੱਖ ਇਤਿਹਾਸ ਨੇ ਆਰਿਆਂ ਨਾਲ ਚਿਰ ਜਾਣ ਵਾਲੇ, ਰੰਬੀਆਂ ਨਾਲ ਖੋਪਰੀਆਂ ਲੁਹਾਉਣ ਵਾਲੇ, ਬੰਦ ਬੰਦ ਜੁਦਾ ਕਰਾਉਣ ਵਾਲੇ, ਜੰਬੂਰਾਂ ਨਾਲ ਮਾਸ ਤੁੜਵਾਉਣ ਵਾਲੇ, ਚਰਖੜੀਆਂ ਤੇ ਚੜ੍ਹ ਕੇ ਸ਼ਹੀਦ ਹੋਣ ਵਾਲੇ, ਦੇਗਾਂ ਵਿਚ ਉਬਲ ਜਾਣ ਵਾਲੇ, ਧਰਮ ਲਈ ਜ਼ਿੰਦਾ ਸੜ ਜਾਣ ਵਾਲੇ ਤੇ ਸਵਾ-ਸਵਾ ਲਖ ਨਾਲ ਇਕੱਲੇ ਲੋਹਾ ਲੈਣ ਤੇ ਲੜ ਜਾਣ ਵਾਲੇ, ਜੋ ਅਨੇਕਾਂ ਧਰਮੀ ਸੂਰਬੀਰ ਪੇਸ਼ ਕੀਤੇ ਹਨ, ਉਹਨਾਂ ਦਾ ਵੀ ਹੋਰ ਕਿਧਰੇ ਜੋੜ ਨਹੀਂ ਮਿਲਦਾ। ਬੜੇ ਲੰਬੇ ਅਰਸੇ ਤੱਕ ਸਿੱਖ ਮੱਤ ਨੇ ਬੜੇ ਜਬਰਦਸਤ ਰਾਜਸੀ ਝੱਖੜਾਂ ਦਾ ਮੁਕਾਬਲਾ ਕੀਤਾ। ਸਿੱਖ ਮੱਤ ਕਾਨੂੰਨ ਵਿਰੁਧ ਗਰਦਾਨਿਆ ਗਿਆ, ਸਿੱਖਾਂ ਦੇ ਸਿਰਾਂ ਦੇ ਮੁੱਲ ਰਖੇ ਗਏ, ਸਿੱਖਾਂ ਦਾ ਥਹੁ-ਪਤਾ ਦੇਣ ਵਾਲੇ ਲੋਕਾਂ ਨੂੰ ਹਕੂਮਤ ਵਲੋਂ ਇਨਾਮ ਮਿਲਦੇ ਰਹੇ, ਪਰ ਇਤਨਾ ਕੁਝ ਹੋਣ ਦੇ ਬਾਵਜੂਦ ਤੇ ਹਕੂਮਤ ਦੇ ਸਿੱਖ ਮੱਤ ਨੂੰ ਸਮੂਲੋਂ ਮੁਕਾ ਦੇਣ ਦੇ ਫ਼ੈਸਲੇ ਦੇ ਬਾਵਜੂਦ ਸਿੱਖ ਖਤਮ ਨਾ ਕੀਤੇ ਜਾ ਸਕੇ ਤੇ ਸਮਾਂ ਪਾ ਕੇ ਇਕ ਬਹੁਤ ਵੱਡੀ ਤਾਕਤ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਏ। ਇਹ ਸਭ ਕੁਝ ਇਸ ਲਈ ਹੀ ਸੰਭਵ ਹੋ ਸਕਿਆ ਕਿਉਂਕਿ ਇਸ ਬਾਣੀ ਦੇ ਰਚਣਹਾਰ ਆਪ ਦ੍ਰਿੜ੍ਹਤਾ ਨਾਲ ਇਸ ਬਾਣੀ ਵਿੱਚ ਦੱਸੇ ਸਿਧਾਂਤਾਂ ਉਤੇ ਚਲਦੇ ਰਹੇ ਸਨ ਅਤੇ ਇਹਨਾਂ ਸਿਧਾਂਤਾਂ ਦੇ ਪਰਚਾਰ-ਪਸਾਰ ਲਈ ਉਹ ਬੜੀ ਲਗਨ ਨਾਲ ਅਤੀ ਮਿਹਨਤ ਤੇ ਘਾਲਣਾ ਦਾ ਜੀਵਨ ਬਤੀਤ ਕਰਦੇ ਸਨ।

ਗੁਰਬਾਣੀ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸਮਝਣ ਸਮਝਾਉਣ ਲਈ ਸਤਿਗੁਰਾਂ ਦੇ ਆਪਣੇ ਜੀਵਨ ਕਾਰਨਾਮਿਆਂ ਤੋਂ ਬਹੁਤ ਸੁੱਚਜੀ ਤੇ ਨਰੋਈ ਅਗਵਾਈ ਮਿਲਦੀ ਹੈ। ਇਸ ਵਿਚਾਰ ਨੂੰ ਮੁੱਖ ਰੱਖ ਕੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਰਨਾਮੇ ਕਲਮਬੰਦ ਕਰਾਉਣ ਦਾ ਯਤਨ ਕੀਤਾ। ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰ ਗੁਰੂ ਘਰ ਦੇ ਅਨੇਕਾਂ ਪ੍ਰੇਮੀ ਸਮੇਂ ਸਮੇਂ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਲਈ ਗੁਰੂ ਦਰਬਾਰ ਦੀ ਹਾਜ਼ਰੀ ਭਰਨ ਸਮੇਂ ਦਰਜ ਕਰਵਾਉਂਦੇ ਰਹੇ ਜਿਹਨਾਂ ਦੀ ਕਿਸੇ ਸਮੇਂ ਗੁਰੂ ਨਾਨਕ ਜੀ ਨਾਲ ਮੁਲਾਕਾਤ ਜਾਂ ਵਾਰਤਾ ਹੋਈ ਹੁੰਦੀ ਸੀ। ਗੁਰੂ ਨਾਨਕ ਦੇਵ ਜੀ ਦੇ ਬਚਪਨ ਦੇ ਸਮਾਚਾਰ ਤਲਵੰਡੀ ਤੋ ਲਾਲੂ ਜੀ ਤੋਂ ਮੰਗਵਾਏ ਗਏ ਸਨ। ਪਹਿਲੀ ਸਾਖੀ ਜਨਮ ਨਾਲ ਸੰਬੰਧਤ ਹੋਣ ਕਰਕੇ ਸਾਰੀ ਰਚਨਾ ਦਾ ਨਾਮ ਹੀ "ਜਨਮ ਸਾਖੀ" ਹੋ ਗਿਆ। ਚੇਤੇ ਰਹੇ ਕਿ ਗੁਰਸਿੱਖ ਸਮੇਂ ਸਮੇਂ ਆਪਣੀ ਜਾਣਕਾਰੀ ਨਾਲ ਸੰਬੰਧਤ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ ਦਰਜ ਕਰਵਾਉਂਦੇ ਰਹੇ ਸਨ ਤੇ ਇਸ ਕਾਰਨ ਇਹ ਸੰਨਾ-ਸੰਮਤਾਂ ਦੀ ਤਰਤੀਬ ਨਾਲ ਨਹੀਂ ਅੰਕਿਤ ਹੋਈਆਂ। ਲਿਖਣ ਸ਼ੈਲੀ ਵਿੱਚ ਇਤਿਹਾਸਕਤਾ ਨਿਭਾਉਣ ਦਾ ਯਤਨ ਕਰਨ ਦੀ ਥਾਂ ਗੁਰੂ ਸ਼ਰਧਾ ਦੇ ਫੁੱਲ ਭੇਟ ਕਰਨਾ ਹੀ ਸ਼ਰਧਾਲੂ ਸਿੱਖਾਂ ਦਾ ਆਸ਼ਾ ਰਿਹਾ ਹੈ।

ਦੁੱਖ ਦੀ ਗੱਲ ਹੈ ਕਿ ਅਸਲੀ ਤੇ ਪਹਿਲੀ "ਜਨਮ-ਸਾਖੀ" ਕਿਤੇ ਨਹੀਂ ਮਿਲਦੀ। ਉਸ ਦੇ ਸਹੀ ਉਤਾਰੇ ਵੀ ਹੱਥ ਨਹੀਂ ਆ ਸਕੇ। ਜਨਮ ਸਾਖੀ ਵਿੱਚ ਅੱਡ ਅੱਡ ਲਿਖਾਰੀ

ਵਾਧੇ-ਘਾਟੇ ਕਰਦੇ ਰਹੇ। ਮਿਹਰਬਾਨ ਤੇ ਹਿੰਦਾਲੀਆਂ ਨੇ ਤਾਂ ਗੁਰੂ ਬਾਬੇ ਦਾ ਜੀਵਨ ਬਹੁਤ ਵਿਗਾੜ ਕੇ ਪੇਸ਼ ਕਰਨ ਦਾ ਯਤਨ ਕੀਤਾ। ਅੱਜ ਜਨਮ ਸਾਖੀ ਅਨੇਕਾਂ ਰੂਪਾਂ ਵਿੱਚ ਮੌਜੂਦ ਹੈ। 25-30 ਸਾਖੀਆਂ ਤੋਂ 575 ਸਾਖੀਆਂ ਵਾਲੀਆਂ "ਜਨਮ-ਸਾਖੀਆਂ" ਚੱਲ ਰਹੀਆਂ ਹਨ। ਗੁਰੂ ਬਾਬੇ ਦੇ ਜੀਵਨ ਦੀ ਅਸਲੀਅਤ ਲਭਣੀ ਵੀ ਮੁਸ਼ਕਲ ਹੋਈ ਪਈ ਹੈ। "ਜਨਮ-ਸਾਖੀ" ਨੂੰ ਸੋਧ ਕੇ ਲਿਖਣ ਦੇ ਇਰਾਦੇ ਨਾਲ ਹੀ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਗਿਆਨ-ਰਤਨਾਵਲੀ ਨਾਮ ਦੀ ਪੁਸਤਕ ਕਲਮਬੰਦ ਕੀਤੀ ਸੀ।

ਕੁਝ ਵੀ ਹੋਵੇ, ਅੱਜ ਭਾਵੇਂ ਉਹ ਰਚਨਾ ਆਪਣੇ ਅਸਲ ਰੂਪ ਵਿਚ ਨਾ ਮਿਲ ਸਕੇ ਅਤੇ ਇਹਨਾਂ ਆਪ-ਹੁਦਰੇ ਵਾਧੇ ਘਾਟਿਆਂ ਕਾਰਨ ਗੁਰਮਤ ਪਰਚਾਰ ਦੇ ਰਾਹ ਵਿਚ ਹੋਏ ਨੁਕਸਾਨ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ, ਪਰ ਉਸ ਵਿੱਚ "ਜਨਮ-ਸਾਖੀ" ਦਾ ਕੋਈ ਦੋਸ਼ ਨਹੀਂ, ਮਗਰਲੇ ਲਿਖਾਰੀਆਂ ਦਾ ਤੇ ਰਲ-ਗਡ ਮਚਾ ਕੇ ਗੁਰੂ ਪਾਤਸ਼ਾਹ ਦੇ ਜੀਵਨ ਨੂੰ ਛੁਟਿਆ ਕੇ ਪੇਸ਼ ਕਰਨ ਵਾਲੇ ਗੁਰੂ-ਨਿੰਦਕਾਂ ਦਾ ਦੋਸ਼ ਹੈ, ਜਿਹਨਾਂ ਨਾਲ ਪੰਥ ਵੇਲੇ ਸਿਰ ਨਿਬੜ ਨਹੀਂ ਸਕਿਆ। ਉਂਝ, ਗੁਰੂ ਅੰਗਦ ਦੇਵ ਜੀ ਦਾ ਆਸ਼ਾ ਤਾਂ ਬੜਾ ਸੱਪਸ਼ਟ ਹੈ ਕਿ ਉਹ ਚਾਹੁੰਦੇ ਸਨ ਕਿ ਗੁਰਸਿੱਖ ਗੁਰਬਾਣੀ ਦੇ ਆਤਮਿਕ ਉਪਦੇਸ਼ਾਂ ਨੂੰ ਸਮਝਣ ਲਈ ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦੇ ਸਿੱਖਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਨਾ ਕਿ ਹਿੰਦੂ ਅਵਤਾਰਾਂ ਦੀਆਂ ਪੁਰਾਣਿਕ ਮਨ ਘੜ੍ਹਤ ਕਹਾਣੀਆਂ ਨਾਲ ਚੰਬੜੇ ਰਹਿਣ। ਜਿਵੇਂ ਦੇਵ-ਬਾਣੀ ਅਖਵਾਉਣ ਵਾਲੀ ਸੰਸਕ੍ਰਿਤ ਦੀ ਥਾਵੇਂ ਲੋਕ-ਬੋਲੀ ਤੇ ਵੇਦਾਂ ਸ਼ਾਸਤਰਾਂ ਦੀ ਥਾਵੇਂ ਗੁਰਬਾਣੀ ਨੂੰ ਅਪਨਾਇਆ ਗਿਆ ਸੀ, ਇਨ ਬਿਨ ਇਸੇ ਤਰ੍ਹਾਂ ਪੁਰਾਣਿਕ ਮਨ-ਘੜਤ ਕਿਸਿਆਂ ਦੀ ਥਾਂ ਗੁਰੂ-ਇਤਿਹਾਸ ਤੋਂ ਪ੍ਰੇਰਨਾ ਲੈਣ ਦੀ ਦੀਰਘ-ਦਰਸ਼ੀ ਯੋਜਨਾ ਹੀ ਇਸ ਦੇ ਸਿਰਜਨ ਵਿਚ ਮੂਲ ਰੂਪ ਵਿਚ ਕੰਮ ਕਰ ਰਹੀ ਹੈ।

ਗੁਰੂ ਅੰਗਦ ਦੇਵ ਜੀ ਦੇ ਸਮੇਂ ਦੀਆਂ ਜੀਵਨ ਸਾਖੀਆਂ ਵਿਚ ਖਡੂਰ ਸਾਹਿਬ ਦੇ ਇਕ ਜੋਗੀ ਦਾ ਜ਼ਿਕਰ ਆਉਂਦਾ ਹੈ ਜਿਸ ਨੂੰ ਸਾਖੀਆਂ ਵਿਚ ਖਡੂਰ ਸਾਹਿਬ ਦਾ ਤਪਾ ਕਿਹਾ ਗਿਆ ਹੈ। ਨਾਮ ਇਸ ਦਾ ਸੀ ਸ਼ਿਵਨਾਥ, ਅਰ ਸੀ ਇਹ ਜੋਗ-ਮੱਤ ਦਾ ਧਾਰਨੀ। ਉਸ ਸਮੇਂ ਪੰਜਾਬ ਅਤੇ ਉੱਤਰੀ ਹਿੰਦੋਸਤਾਨ ਅੰਦਰ ਨਾਥ ਪੰਥੀਆਂ, ਜੋਗੀਆਂ ਅਤੇ ਜੰਤਰਾਂ-ਮੰਤਰਾਂ ਵਾਲੇ ਸਾਕਤਾਂ ਦਾ ਬੜਾ ਜ਼ੋਰ ਸੀ। ਇਹਨਾਂ ਨੇ ਘਰ-ਘਾਟ ਤਿਆਗ ਕੇ ਸਾਧ-ਮਲੰਗ ਬਣਨ ਵਾਲਾ ਰਸਤਾ ਅਖ਼ਤਿਆਰ ਕੀਤਾ ਹੋਇਆ ਸੀ। ਦੂਜੇ ਪਾਸੇ ਰਿਧੀਆਂ-ਸਿਧੀਆਂ ਦੇ ਮਾਇਆ-ਜਾਲ ਨਾਲ ਆਮ ਜਨਤਾ ਨੂੰ ਪ੍ਰਭਾਵਿਤ ਕਰਕੇ ਆਪਣਾ ਮੁਰੀਦ ਬਣਾਉਣ ਦਾ ਯਤਨ ਕੀਤਾ ਕਰਦੇ ਸਨ। ਇਨ੍ਹਾਂ ਨੇ 'ਜਗਤ ਮਿਥਿਆ ਹੈ' ਦਾ ਸਿਧਾਂਤ ਐਸੇ ਘਟੀਆ ਤਰੀਕੇ ਨਾਲ ਪਰਚਾਰਿਆ ਕਿ ਸਮਾਜ ਦਾ ਆਮ ਬਸ਼ਰ ਨੱਠੂ-ਰੁਚੀਆਂ ਦਾ ਧਾਰਨੀ ਹੋ ਗਿਆ। ਫ਼ਰਜ਼ਾਂ ਨੂੰ ਪੂਰਾ ਕਰਨ ਦੀ ਭਾਵਨਾ ਹੀ ਖ਼ਤਮ ਹੋ ਗਈ। ਮੁਲਕ ਉਤੇ ਕਿਸੇ ਦਾ ਰਾਜ ਪਿਆ ਹੋਵੇ, ਜਨਤਾ ਉਤੇ ਕੋਈ ਜ਼ੁਲਮ ਪਿਆ

ਕਰੇ, ਅਤਿਆਚਾਰ ਜਾਂ ਧੱਕਾ ਪਿਆ ਹੋਵੇ ਇਹਨਾਂ ਜੋਗੀਆਂ ਦੀ ਸਿਹਤ ਤੇ ਕੋਈ ਮਾੜਾ ਜਾਂ ਚੰਗਾ ਅਸਰ ਨਹੀਂ ਸੀ ਹੁੰਦਾ। ਸਮਾਜ, ਭਾਈਚਾਰੇ ਅਥਵਾ ਮਨੁੱਖਤਾ ਪ੍ਰਤੀ ਫਰਜ਼ਾਂ ਬਾਰੇ ਸੋਚਣਾ ਇਹ ਆਪਣੇ ਦਿਮਾਗ ਉਤੇ ਵਾਧੂ ਭਾਰ ਪਾਉਣਾ ਸਮਝਦੇ ਸਨ ਕਿਉਂਕਿ ਸਾਰਾ ਸੰਸਾਰ ਇਹਨਾਂ ਦੇ ਭਾਣੇ ਐਸਾ ਮਿਥਿਆ ਜਾਂ ਛਲਾਵਾ ਸੀ ਜਿਸ ਵਿੱਚ ਸਿਵਾਏ ਸੰਸਾਰ-ਤਿਆਗ ਦੇ ਇਹਨਾਂ ਗੋਚਰੇ ਕਰਨ ਲਈ ਕੋਈ ਕੰਮ ਹੀ ਨਹੀਂ ਸੀ।

ਸੰਸਾਰ ਅਤੇ ਘਰ-ਘਾਟ ਤਿਆਗਣ ਦੀ ਭੈੜੀ ਰੁਚੀ ਨੇ ਇਕ ਪਾਸੇ ਤਾਂ ਇਸ ਦੇਸ਼ ਨੂੰ ਹੱਦੋਂ ਵੱਧ ਕਮਜ਼ੋਰ ਬਣਾ ਦਿਤਾ ਸੀ ਤੇ ਦੂਜੇ ਪਾਸੇ ਇਹਨਾਂ ਨਾਮ-ਧਰੀਕ ਤਿਆਗੀਆਂ ਦੇ ਮਨਾਂ ਵਿਚ ਹਉਮੈ, ਈਰਖਾ, ਨਫ਼ਰਤ ਅਤੇ ਆਪਣੀ ਪੂਜਾ ਅਰ ਮਾਣ ਕਰਵਾਉਣ ਦੀ ਵਾਧੂ ਲਾਲਸਾ ਪੈਦਾ ਕਰ ਦਿੱਤੀ ਸੀ, ਜਿਸ ਕਰਕੇ ਇਹ ਲੋਕੀਂ ਮਾਨਸਿਕ ਸ਼ਾਂਤੀ ਤੋਂ ਵੀ ਹੱਥ ਧੋ ਬੈਠੇ ਸਨ।

ਗੁਰੂ ਨਾਨਕ ਪਾਤਸ਼ਾਹ ਦਾ ਮੱਤ ਇਸ ਮਾਮਲੇ ਵਿਚ ਬੜਾ ਸਾਫ਼ ਅਰ ਸਪਸ਼ਟ ਹੈ। ਇਸ ਮੱਤ ਵਿਚ ਸੰਸਾਰ ਤੇ ਪਰਵਾਰ ਨੂੰ ਤਿਆਗ ਕੇ ਸਾਧੂ ਬਣਨ ਨੂੰ ਜੀਵਨ ਸੰਘਰਸ਼ ਤੋਂ ਭਗੌੜਾ ਹੋ ਜਾਣ ਬਰਾਬਰ ਮੰਨਿਆ ਗਿਆ ਹੈ। ਕਾਮੇ ਅਤੇ ਕਿਰਤੀ ਸਮਾਜ ਉਤੇ ਵਿਹਲੜ ਜੋਗੀ ਲਾਣੇ ਦਾ ਭਾਰ ਪਾਉਣਾ ਧਰਮ ਨਹੀਂ, ਅਨਰਥ ਹੈ। ਗੁਰੂ ਨਾਨਕ ਦੇਵ ਜੀ ਨੇ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੇ ਸੁਨਿਹਰੀ ਅਸੂਲ ਦਿੱਤੇ, ਜਿਸ ਅਨੁਸਾਰ ਰੱਬ ਨਾਲ ਪਿਆਰ ਸਹਿਤ ਜੁੜਨਾ ਤਾਂ ਲਾਜ਼ਮੀ ਕਰਾਰ ਦਿੱਤਾ, ਪਰ ਨਾਲ ਹੀ ਬੰਦੇ ਨੂੰ ਕਿਰਤ-ਕਾਰ ਕਰਨ ਤੇ ਫਿਰ ਸਾਰੇ ਮਨੁੱਖੀ ਭਾਈਚਾਰੇ ਨੂੰ ਆਪਣਾ ਭਾਈ ਸਮਝ ਕੇ ਵੰਡ ਛਕਣ ਦੀ ਤਾਕੀਦ ਵੀ ਕੀਤੀ। ਸੰਸਾਰ ਅਤੇ ਪਰਿਵਾਰ ਨੂੰ ਤਿਆਗਣ ਦੀ ਥਾਵੇਂ ਸੰਸਾਰ ਅਰ ਪਰਿਵਾਰ ਦੇ ਮੋਹ ਨੂੰ ਤਿਆਗਣ ਦੀ ਮਹਾਨ ਸਿਖਿਆ ਦਿੱਤੀ।

ਸੰਸਾਰਿਕ ਅਤੇ ਪਰਿਵਾਰਿਕ ਜੀਵਨ ਬਤੀਤ ਕਰਦਿਆਂ ਇਹਨਾਂ ਦੇ ਮੋਹ ਤੋਂ ਕਿਵੇਂ ਨਿਰਲੇਪ ਰਹਿਣਾ ਹੈ, ਇਹ ਹਕੀਕਤ ਸਮਝਾਉਣ ਲਈ ਕਮਲ-ਫੁੱਲ ਅਤੇ ਮੁਰਗਾਬੀ ਦੀਆਂ ਮਿਸਾਲਾਂ ਪੇਸ਼ ਕੀਤੀਆਂ। ਕਮਲ ਦਾ ਫੁੱਲ ਪਾਣੀ ਵਿਚ ਰਹਿ ਕੇ ਹੀ ਖਿੜਦਾ, ਵਿਕਾਸ ਕਰਦਾ ਅਤੇ ਜੋਬਨ ਨੂੰ ਪ੍ਰਾਪਤ ਕਰਦਾ ਹੈ ਪਰ ਪਾਣੀ ਨਾਲ ਭਿਜਦਾ ਨਹੀਂ। ਮੁਰਗਾਬੀ ਪਾਣੀ ਵਿਚ ਤੈਰਦੀ ਹੈ, ਪਰ ਆਪ ਪਾਣੀ ਨਾਲ ਜ਼ਰਾ ਵੀ ਭਿਜਦੀ ਨਹੀਂ। ਇਸੇ ਤਰ੍ਹਾਂ ਆਦਰਸ਼ਕ ਜੀਵਨ ਵਾਲਾ ਜਗਿਆਸੂ ਸੰਸਾਰ ਅਤੇ ਪਰਿਵਾਰ ਵਿਚ ਰਹਿ ਕੇ ਹੀ ਖਿੜਦਾ, ਵਿਕਾਸ ਕਰਦਾ ਅਤੇ ਜੋਬਨ ਨੂੰ ਪ੍ਰਾਪਤ ਕਰਦਾ ਹੈ ਪਰ ਪਾਣੀ (ਸੰਸਾਰਕ ਮੋਹ ਮਾਇਆ) ਨਾਲ ਭਿਜਦਾ ਨਹੀਂ। ਪਰਵਾਰ ਵਿਚ ਰਹਿ ਕੇ ਵੀ ਉਸਦੇ ਮੋਹ ਤੋਂ ਨਿਰਲੇਪ ਰਹਿੰਦਾ ਹੋਇਆ ਪ੍ਰਮੇਸ਼ਰ ਨਾਲ ਲਿਵ ਜੋੜੀ ਰੱਖਦਾ ਹੈ :

**ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈ ਸਾਣੇ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ॥**

*(ਰਾਮਕਲੀ, ਮ:੧, ਪੰਨਾ ੯੩੮)*

ਆਦਰਸ਼ਕ ਗ੍ਰਿਹਸਤੀ ਜੀਵਨ ਨੂੰ ਰੂਪਮਾਨ ਕਰਦਿਆਂ ਗੁਰਮਤ ਨੇ ਗ੍ਰਿਹਸਤ ਮਾਰਗ ਨੂੰ ਸਿਰਫ਼ ਇਕ ਜੀਵਨ-ਜੁਗਤੀ ਹੀ ਨਹੀਂ ਮੰਨਿਆ, ਬਲਕਿ ਧਰਮ ਭਰਪੂਰ ਗ੍ਰਿਹਸਤੀ ਜੀਵਨ ਨੂੰ ਇਕੋ-ਇਕ ਕਾਮਯਾਬ ਅਤੇ ਆਦਰਸ਼ਕ ਜੀਵਨ-ਜੁਗਤੀ ਦੇ ਤੌਰ ਤੇ ਸਨਮਾਨਿਆ ਹੈ। ਗ੍ਰਿਹਸਤੀ ਰਹਿੰਦਿਆਂ ਮਨੁੱਖ ਨੇ ਵਿਕਾਰਾਂ ਤੋਂ ਬਚਣਾ ਤੇ ਗੁਣ ਧਾਰਨ ਕਰਨ ਵਾਲੇ ਰਸਤੇ ਤੇ ਚੱਲਣਾ ਹੈ। ਯਥਾ :

**ਸੋ ਗਿਰਹੀ ਜੋ ਨਿਗ੍ਰਹੁ ਕਰੈ,**
**ਜਪੁ ਤਪੁ ਸੰਜਮੁ ਭੀਖਿਆ ਕਰੈ ॥**
**ਪੁੰਨ ਦਾਨ ਕਾ ਕਰੇ ਸਰੀਰੁ ॥**
**ਸੋ ਗਿਰਹੀ ਗੰਗਾ ਕਾ ਨੀਰੁ ॥** *(ਰਾਮਕਲੀ, ਮ: ੧, ਪੰਨਾ ੯੫੨)*

ਗੁਰਮਤਿ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇ ਤਾਂ ਅਨੇਕਾਂ ਮਿਸਾਲਾਂ ਦੇ ਕੇ ਗੁਰਮਤ ਦੇ ਦਰਸਾਏ ਧਰਮ ਭਰਪੂਰ ਗ੍ਰਿਹਸਤੀ ਮਾਰਗ ਨੂੰ ਸਭ ਤੋਂ ਵਧੀਆ ਅਰ ਪ੍ਰਧਾਨ ਧਰਮ ਮੰਨਿਆ ਹੈ। ਯਥਾ :

**ਜੈਸੇ ਸਰ ਸਰਿਤਾ ਸਕਲ ਮੈ ਸਮੁੰਦ੍ਰ ਬਡੋ**
**ਮੇਰ ਮੈ ਸੁਮੇਰ ਬਡੋ, ਜਗਤੁ ਬਖਾਨਿ ਹੈ ॥**
**ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ**
**ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨ ਹੈ ॥**
**ਪੰਛਨ ਮੈ ਹੰਸੁ, ਮ੍ਰਿਗਰਾਜਨ ਮੈ ਸਾਰਦੂਲ**
**ਰਾਗਨ ਮੈ ਸਿਰੀ ਰਾਗੁ, ਪਾਰਸ ਪਖਾਨ ਹੈ ॥**
**ਗਿਆਨਨ ਮੈ ਗਿਆਨ ਅਰ ਧਿਆਨਨ ਮੈ ਧਿਆਨ ਗੁਰ**
**ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ ॥ ੩੭੬ ॥** *(ਕਬਿੱਤ ਸਵੱਯੇ)*

ਗੁਰੂ ਨਾਨਕ ਦੇਵ ਜੀ ਨੇ ਜਦੋਂ ਆਪਣੇ ਸੱਚ ਧਰਮ ਦਾ ਭਰਵਾਂ ਪ੍ਰਚਾਰ ਕਰਕੇ ਜੋਗੀਆਂ ਦੇ ਪ੍ਰਭਾਵ ਨੂੰ ਕਈ ਥਾਵਾਂ ਤੇ ਖ਼ਤਮ ਕੀਤਾ ਅਤੇ ਕਈ ਥਾਵਾਂ ਤੇ ਜੋਗੀਆਂ ਦਾ ਗ਼ਲਤ ਪ੍ਰਭਾਵ ਬਹੁਤ ਘੱਟ ਗਿਆ ਤਦ ਇਹ ਗੱਲ ਤਾਂ ਸੁਭਾਵਕ ਹੀ ਸੀ ਕਿ ਉਹ ਗੁਰਮਤਿ ਅਥਵਾ ਗੁਰੂ ਨਾਨਕ ਪਾਤਸ਼ਾਹ ਦਾ ਟਾਕਰਾ ਮਜ਼ਬੂਤ ਹੋ ਕੇ ਕਰਨ ਦਾ ਯਤਨ ਕਰਦੇ। ਸੁਮੇਰ ਪਰਬਤ, ਗੋਰਖਮਤਾ, ਕਦਲੀ ਬਨ ਆਦਿਕ ਅਨੇਕ ਥਾਵਾਂ ਤੇ ਜੋਗੀਆਂ ਦੇ ਝੁੰਡਾਂ ਦੇ ਝੁੰਡ ਗਿਆਨ-ਭੇੜ ਅਥਵਾ ਸਿਧਾਂਤਕ ਗੋਸ਼ਟੀ ਕਰਨ ਹਿਤ ਜ਼ਾਹਿਰ ਹੋਏ। ਹਰ ਥਾਂ ਆਪਣੇ ਥੋਥੇ ਅਰ ਫੁਕਲੇ ਸਿਧਾਂਤਾਂ ਕਾਰਨ ਗੁਰੂ ਨਾਨਕ ਪਾਤਸ਼ਾਹ ਹੱਥੋਂ ਬੁਰੀ ਤਰ੍ਹਾਂ ਹਾਰੇ। ਅਨੇਕਾਂ ਜੋਗੀ ਤਾਂ ਆਪਣੀ ਮਨਮੱਤ ਤਿਆਗ ਕੇ ਗੁਰੂ ਨਾਨਕ ਮੱਤ ਦੇ ਧਾਰਨੀ ਬਣੇ ਪਰ ਕੁਝ ਕੁ ਅੜੀਅਲ, ਹੱਠ ਕਰਕੇ ਜੋਗ-ਮੱਤ ਦਾ ਬੀਜ ਨਾਸ ਹੋਣੋ ਬਚਾਉਣ ਦਾ ਯਤਨ ਕਰਦੇ ਰਹੇ। ਉਂਝ ਮਨ ਹੀ ਮਨ ਇਹਨਾਂ ਨੂੰ ਹੱਦੋਂ ਵੱਧ

ਜ਼ਲਾਲਤ ਦਾ ਮੂੰਹ ਦੇਖਣਾ ਪੈਂਦਾ ਰਿਹਾ। ਅਚੱਲ ਵਟਾਲੇ ਵਿਚ ਸ਼ਿਵਰਾਤਰੀ ਦੇ ਮੇਲੇ ਸਮੇਂ ਜੋਗੀਆਂ ਨੇ ਗੁਰੂ ਨਾਨਕ ਪਾਤਸ਼ਾਹ ਨਾਲ ਆਖ਼ਰੀ ਅਸਫ਼ਲ ਗੋਸ਼ਟੀ ਕੀਤੀ, ਜਿਸ ਵਿਚ ਜਨਤਾ ਦੇ ਭਰੇ ਇਕੱਠ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਉਹਨਾਂ ਦੇ ਪੰਥ ਦੇ ਫੁਕਲੇ ਮਤ ਦਾ ਬਖੀਆ ਉਧੇੜ ਕੇ ਰੱਖ ਦਿਤਾ।

ਗੁਰੂ ਨਾਨਕ ਸਾਹਿਬ ਨੇ ਤਾਂ ਦਰਅਸਲ ਕਦੀ ਵੀ ਗ੍ਰਿਹਸਤ ਨਹੀਂ ਸੀ ਤਿਆਗਿਆ।ਹਾਂ, ਪਰਉਪਕਾਰ ਦੀ ਖ਼ਾਤਰ ਸੜਦੀ-ਬਲਦੀ ਲੋਕਾਈ ਵਿਚ ਸੱਚ ਧਰਮ ਦੀ ਠੰਡਕ ਪਹੁੰਚਾਉਣ ਲਈ ਲੰਬੇ-ਲੰਬੇ ਪਰਚਾਰਕ ਦੌਰੇ ਜ਼ਰੂਰ ਕੀਤੇ ਸਨ, ਜਿਨ੍ਹਾਂ ਨੂੰ ਉਦਾਸੀਆਂ ਦੀ ਸੰਗਿਆ ਦਿੱਤੀ ਗਈ। ਅਚਲ ਵਟਾਲੇ ਦੇ ਮੇਲੇ ਸਮੇਂ ਗੁਰੂ ਨਾਨਕ ਸਾਹਿਬ ਨੂੰ ਆਮ ਗ੍ਰਿਹਸਤੀਆਂ ਦੇ ਲਿਬਾਸ ਵਿਚ ਦੇਖ ਕੇ ਜੋਗੀਆਂ ਨੇ ਆਪਣੀ ਅਲਪ ਬੁੱਧੀ ਦੇ ਅਧਾਰ ਤੇ ਉਟੰਕਣ ਕੀਤਾ, ਜਿਸ ਵਿਚ ਘਰ-ਘਾਟ ਛੱਡ ਕੇ ਤਿਆਗੀ ਸਾਧ ਬਣਨ ਨੂੰ ਦੁੱਧ ਤੇ ਗ੍ਰਿਹਸਤ ਮਾਰਗ ਨੂੰ ਕਾਂਜੀ ਦੱਸ ਕੇ ਛੁਟਿਆਣਾ ਚਾਹਿਆ। ਪਰ ਗੁਰੂ ਸਾਹਿਬ ਨੇ ਆਮ ਜਨਤਾ ਦੇ ਸਾਹਮਣੇ ਜੋਗੀਆਂ ਨੂੰ ਇੰਝ ਸਮਝਾਇਆ ਕਿ ਹੇ ਮੂਰਖ ਜੋਗੀਓ! ਜੇ ਤੁਸੀਂ ਆਪ ਨੂੰ ਗ੍ਰਿਹਸਤੀਆਂ ਤੋਂ ਇਤਨਾ ਹੀ ਜ਼ਿਆਦਾ ਉੱਚਾ ਅਤੇ ਪਵਿੱਤਰ ਮੰਨਦੇ ਹੋ, ਤਾਂ ਫੇਰ ਕੀ ਕਾਰਨ ਹੈ ਕਿ ਉਹਨਾਂ ਅਪਵਿੱਤਰ ਤੇ ਨੀਵੇਂ ਗ੍ਰਿਹਸਤੀਆਂ ਦੇ ਘਰੋਂ ਹੀ ਆਪਣੀ ਉਦਰ-ਪੂਰਤੀ ਲਈ ਭਿਖਿਆ ਮੰਗਣ ਜਾਂਦੇ ਹੋ? ਇਸ ਗੋਸ਼ਟੀ ਨੂੰ ਭਾਈ ਗੁਰਦਾਸ ਜੀ ਨੇ ਬਹੁਤ ਸੋਹਣਾ ਬਿਆਨ ਕੀਤਾ ਹੈ। ਯਥਾ :

ਖਾਧੀ ਖੁਣਸਿ ਜੁਗੀਸਰਾਂ, ਗੋਸਟਿ ਕਰਨਿ ਸਭੇ ਉਠਿ ਆਈ।
ਪੁਛੇ ਜੋਗੀ ਭੰਗਰ ਨਾਥੁ, 'ਤੁਹਿ ਦੁਧ ਵਿਚ ਕਿਉ ਕਾਂਜੀ ਪਾਈ?
ਫਿਟਿਆ ਚਾਟਾ ਦੁਧ ਦਾ, ਰਿੜਕਿਆਂ ਮਖਣੁ ਹਥਿ ਨ ਆਈ।
ਭੇਖੁ ਉਤਾਰਿ ਉਦਾਸਿ ਦਾ, ਵਤਿ ਕਿਉਂ ਸੰਸਾਰੀ ਰੀਤਿ ਚਲਾਈ?
ਨਾਨਕ ਆਖੇ, 'ਭੰਗਰਨਾਥ! ਤੇਰੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ, ਭਾਇ ਕੁਚੱਜੇ ਫੁਲੁ ਸੜਾਈ॥'
ਹੋਇ ਅਤੀਤੁ ਗ੍ਰਿਹਸਤਿ ਤਜਿ, ਫਿਰ ਉਨ ਕੇ ਘਰਿ ਮੰਗਣਿ ਜਾਈ॥
ਬਿਨ ਦਿਤੇ ਕਿਛੁ ਹਥਿ ਨ ਆਈ॥ *(ਵਾਰ ੧:੪੦)*

ਅੱਚਲ ਵਟਾਲੇ ਵਿਚ ਸੱਚ ਪੁਛੋ, ਤਾਂ ਜੋਗੀਆਂ ਦਾ ਲੱਕ ਹੀ ਟੁੱਟ ਗਿਆ। ਆਮ ਜਨਤਾ ਵਿਚ ਉਹਨਾਂ ਦਾ ਥੋਥਾਪਨ ਉਘੜ ਗਿਆ, ਅਰ ਗੁਰੂ ਨਾਨਕ ਮੱਤ ਦਾ ਚੰਗਾ ਬੋਲ-ਬਾਲਾ ਹੋਇਆ, ਪਰ ਬੀਜ ਮਾਤਰ ਕਈ ਜਗ੍ਹਾ ਬਚੇ-ਖੁਚੇ ਜੋਗੀ ਆਪਣੀ ਸ਼ਾਖ ਦੁਬਾਰਾ ਬਣਾਉਣ ਲਈ ਹੱਥ ਪੈਰ ਮਾਰ ਰਹੇ ਸਨ। ਖਡੂਰ ਸਾਹਿਬ ਵਿਖੇ ਵੀ ਜੋਗੀਆਂ ਦਾ ਇਕ ਮਜ਼ਬੂਤ ਮੱਠ ਸੀ। ਇਥੇ ਇਸ ਮੱਠ ਦਾ ਇੰਚਾਰਜ ਇਕ ਕੰਨਪਾਟਾ ਜੋਗੀ ਸ਼ਿਵਨਾਥ ਸੀ। ਜਦੋਂ ਖਡੂਰ ਸਾਹਿਬ ਵਿਚ ਗੁਰੂ ਅੰਗਦ ਦੇਵ ਜੀ ਨੇ ਸਿੱਖੀ ਦਾ ਇਕ ਮਜ਼ਬੂਤ ਕੇਂਦਰ ਬਣਾ ਕੇ ਗੁਰਮਤਿ-ਮਾਰਤੰਡ ਦੀਆਂ ਕਿਰਨਾਂ ਬਖੇਰੀਆਂ, ਇਹ ਜੋਗੀ

ਆਪਣੇ ਮੱਤ ਦੇ ਥੋਥੇਪਨ ਨੂੰ ਮੁੱਖ ਰੱਖ ਕੇ ਕਿਧਰੇ ਬਾਹਰ ਚੱਲਿਆ ਗਿਆ। ਇਸ ਨੇ ਇਸ ਆਸ ਨਾਲ ਦੜ ਵਟ ਲਈ ਸੀ ਕਿ ਆਉਣ ਵਾਲੇ ਸਮੇਂ ਵਿਚ ਕਦੀ ਤਾਂ ਭਲੇ ਦਿਨ ਆਉਣਗੇ। ਜੋਗੀ ਦਾ ਡੇਰਾ ਖਾਲੀ ਜਿਹਾ ਹੋ ਗਿਆ। ਕਈ ਬਰਸ ਅਰ ਮਹੀਨੇ ਜੋਗੀ ਵਾਪਸ ਨਾ ਪਰਤਿਆ। ਕਈਆਂ ਨੇ ਸਮਝਿਆ ਕਿ ਜੋਗੀ ਚੜ੍ਹਾਈ ਕਰ ਗਿਆ ਹੋਣਾ ਹੈ, ਪਰ ਕੰਨਪਾਟੇ ਸ਼ਿਵਨਾਥ ਦਾ ਸਰੀਰ ਦੇਵਤਿਆਂ ਦੀ ਇਸ ਪਵਿੱਤਰ ਭਾਰਤ-ਭੂਮੀ ਵਿੱਚ ਅਜੇ ਸ਼ਾਖਸਾਤ ਕਾਇਮ ਸੀ।

ਇਕ ਦਿਨ ਭੌਂਦਿਆਂ-ਭਟਕਦਿਆਂ ਇਹ ਜੋਗੀ ਫਿਰ ਖਡੂਰ ਸਾਹਿਬ ਆ ਪਹੁੰਚਿਆ। ਉਸ ਦੇ ਚੇਟਕੀ ਅਤੇ ਕਰੋਧੀ ਸੁਭਾਅ ਤੋਂ ਹਰ ਕੋਈ ਜਾਣੂ ਸੀ। ਗੁਰੂ ਸਾਹਿਬ ਦੇ ਖਡੂਰ ਸਾਹਿਬ ਆਣ ਤੋਂ ਪਹਿਲਾਂ ਉਸ ਦਾ ਨਗਰ ਵਿਚ ਬਹੁਤ ਰੁਹਬ ਅਤੇ ਦਬਦਬਾ ਬਣਿਆ ਹੋਇਆ ਸੀ। ਪਰ ਗੁਰੂ ਸਾਹਿਬ ਦੀ ਆਮਦ ਕਾਰਨ ਖਡੂਰ ਸਾਹਿਬ ਦੇ ਲੋਕ ਗੁਰੂ ਅੰਗਦ ਸਾਹਿਬ ਜੀ ਦੀ ਮਹਾਨ ਮਿੱਠੀ ਤੇ ਪਿਆਰੀ ਸ਼ਖ਼ਸੀਅਤ ਅਰ ਉਹਨਾਂ ਦੀ ਸਿਖਿਆ ਤੋਂ ਬਹੁਤ ਪ੍ਰਭਾਵਿਤ ਹੋ ਚੁੱਕੇ ਸਨ। ਖਡੂਰ ਸਾਹਿਬ ਦੇ ਲੋਕਾਂ ਨੇ ਕੰਨਪਾਟੇ ਜੋਗੀ ਸ਼ਿਵਨਾਥ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰ ਦਿੱਤਾ ਅਤੇ ਕਿਸੇ ਨੇ ਉਸ ਦੀ ਵਾਤ ਨਾ ਪੁੱਛੀ। ਜੋਗੀ ਨੇ ਖੁਣਸ ਖਾਧੀ ਅਤੇ ਗੁਰੂ ਅੰਗਦ ਦੇਵ ਜੀ ਨਾਲ ਈਰਖਾ ਕਰਨ ਲਗਾ। ਉਹ ਕਿਸੇ ਐਸੇ ਮੌਕੇ ਦੀ ਤਲਾਸ਼ ਵਿਚ ਸੀ, ਜਦ ਉਹ ਗੁਰਮਤਿ ਪਰਚਾਰ ਦੇ ਰਾਹ ਵਿਚ ਰੁਕਾਵਟ ਖੜ੍ਹੀ ਕਰ ਸਕੇ। ਕਰਨੀ ਕਰਤਾਰ ਦੀ ਕਿ ਉਸ ਸਾਲ ਮੀਂਹ ਉੱਕਾ ਹੀ ਨਾ ਪਿਆ। ਕਿਸਾਨਾਂ ਦੀ ਖੇਤੀ ਮੀਂਹ ਆਸਰੇ ਹੀ ਸੀ। ਭਾਦਰੋਂ ਵੀ ਸੁੱਕਾ ਲੰਘਦਾ ਦਿਸ ਰਿਹਾ ਸੀ। ਮੀਂਹ ਨਾ ਪੈਣ ਕਰਕੇ ਕਿਸਾਨ ਦੁਖੀ ਸਨ। ਹਰੀਆਂ ਖੇਤੀਆਂ ਵੀ ਸੁੱਕਣ ਲੱਗ ਪਈਆਂ। ਮੀਂਹ ਤਾਂ ਰੱਬ ਦੀ ਖੇਡ ਹੈ ਕਦੇ ਪਹਿਲੇ ਵੱਸ ਪੈਂਦਾ ਹੈ ਕਦੀ ਪਿਛੋਂ, ਕਦੀ ਬਹੁਤ ਵੱਧ, ਕਦੀ ਬਹੁਤ ਘੱਟ।

ਕੰਨ ਪਾਟੇ ਜੋਗੀ ਨੇ ਮੌਕੇ ਤੋਂ ਫ਼ਾਇਦਾ ਉਠਾਣ ਲਈ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਲੋਕਾਂ ਨੂੰ ਕਹਿਣ ਲੱਗਾ, "ਮੀਂਹ ਕਿਵੇਂ ਪਏ ?ਤੁਹਾਡੇ ਪਾਪਾਂ ਦਾ ਫਲ ਤਾਂ ਆਖਰ ਮਿਲਣਾ ਹੀ ਹੈ ਨਾ। ਸ਼ਾਸਤਰਾਂ ਦੀ ਮਰਯਾਦਾ ਤੋੜ ਕੇ ਤੁਸੀਂ ਸਾਨੂੰ ਬ੍ਰਹਮਚਾਰੀ ਸਾਧਾਂ ਨੂੰ ਛੱਡ ਕੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਬਣਾ ਲਿਆ ਹੈ ਜੋ ਇਕ ਗ੍ਰਿਹਸਤੀ, ਘਰ, ਬਾਲ-ਬੱਚੇਦਾਰ ਹੈ। ਗੁਰੂ ਤਾਂ ਕੇਵਲ ਅਸੀਂ ਬਣ ਸਕਦੇ ਹਾਂ। ਸਾਨੂੰ ਛੱਡ ਕੇ ਗੁਰੂ ਅੰਗਦ ਦੇਵ ਜੀ ਨੂੰ ਮੰਨਣ ਨਾਲ ਇਹ ਉੱਪਦਰ ਤਾਂ ਪਰਗਟ ਹੋਣਾ ਹੀ ਸੀ।" ਕੁਝ ਸਿਆਣਿਆਂ ਨੇ ਗੁਰੂ ਜੀ ਦੇ ਮਹਾਨ ਗੁਣਾਂ ਦਾ ਜ਼ਿਕਰ ਵੀ ਕਰ ਦਿੱਤਾ ਅਰ ਕਿਹਾ ਕਿ ਉਹ ਤਾਂ ਸਭ ਨੂੰ ਸ਼ੁਭ ਅਮਲਾਂ ਦਾ ਉਪਦੇਸ਼ ਹੀ ਦਿੰਦੇ ਹਨ, ਸਭ ਦਾ ਭਲਾ ਹੀ ਕਰਦੇ ਹਨ। ਉਹ ਪ੍ਰਭੂ ਪ੍ਰੇਮ ਦਾ ਸ਼ਾਖਸਾਤ ਸਰੂਪ ਹਨ। ਇਸ ਗੱਲ ਨੇ ਜੋਗੀ ਉਤੇ ਸਗੋਂ ਬਲਦੀ ਤੇ ਤੇਲ ਦਾ ਕੰਮ ਕੀਤਾ। ਕਹਿਣ ਲੱਗਾ ਜੇ ਗੁਰੂ ਜੀ ਇਤਨੇ ਕਲਾਵਾਨ ਹਨ ਤਾਂ ਫਿਰ ਉਹਨਾਂ ਨੂੰ ਕਹੋ, ਮੀਂਹ ਪੁਵਾ ਦੇਣ। 'ਵਿਨਾਸ਼ ਕਾਲੇ ਵਿਪਰੀਤ ਬੁਧੀ' ਇਥੋਂ ਤੱਕ ਈਰਖਾਲੂ ਕੰਨਪਾਟਾ ਜੋਗੀ ਅਗੇ ਵੱਧ ਗਿਆ ਤੇ ਕਹਿਣ ਲਗਾ, "ਤੁਸੀਂ ਗੁਰੂ ਅੰਗਦ ਦੇਵ ਜੀ

ਨੂੰ ਖਡੂਰ ਸਾਹਿਬ ਤੋਂ ਬਾਹਰ ਕੱਢ ਦੇਵੋ, ਮੈਂ ਆਪੇ ਮੀਂਹ ਵਸਾ ਦਿਆਂਗਾਂ।" ਗੁਰੂ ਜੀ ਤਾਂ ਸਦਾ ਰੱਬ ਦੀ ਰਜ਼ਾ ਵਿਚ ਰਹਿ ਕੇ ਉਦਮ ਕਰਨ ਦੀ ਪ੍ਰੇਰਨਾ ਕਰਦੇ ਸਨ ਪਰ ਪਿੰਡ ਦੇ ਕੁਝ ਦੁਖੀ ਕਿਸਾਨ ਕੰਨਪਾਟੇ ਸ਼ਿਵਨਾਥ ਦੀਆਂ ਗੱਲਾਂ ਵਿਚ ਆ ਗਏ। ਕੁਝ ਕਿਸਾਨ ਚੁੱਕੇ-ਚੁਕਾਏ ਗੁਰੂ ਜੀ ਪਾਸ ਗਏ ਤੇ ਕਹਿਣ ਲਗੇ ਜਾਂ ਮੀਂਹ ਪੁਆ ਦਿਉ ਜਾਂ ਨਗਰ ਛੱਡ ਦਿਉ।"

ਕਿਉਂਕਿ ਕੰਨਪਾਟੇ ਜੋਗੀ ਦੇ ਕਹੇ ਮੁਤਾਬਿਕ ਮੀਂਹ ਆਪ ਦੇ ਕਾਰਨ ਰੁਕਿਆ ਪਿਆ ਸੀ। ਜ਼ਿਮੀਦਾਰ ਔੜ ਹਥੋਂ ਬਹੁਤ ਤੰਗ ਆਏ ਹੋਏ ਸਨ। ਇਸ ਤੰਗੀ ਕਰਕੇ ਹੀ ਉਹ ਗੁਰੂ ਸਾਹਿਬ ਤੋਂ ਈਮਾਨ ਤਿਆਗ ਬੈਠੇ।

ਗੁਰੂ ਸਾਹਿਬ ਨੇ ਤਾਂ ਸਦਾ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਦੀ ਹੀ ਸਿੱਖਿਆ ਦਿਤੀ ਸੀ। ਇਹੋ ਸਿਧਾਂਤ ਤਾਂ ਧਰਮ ਅਤੇ ਭਗਤੀ ਦਾ ਮੂਲ ਤੱਤ ਹੈ। ਲੋਕਾਂ ਦੇ ਭਰਮ ਨੂੰ ਜੜੋਂ ਕੱਟਣ ਲਈ ਆਪ ਨੇ 'ਖਡੂਰ' ਛੱਡ ਦਿਤਾ ਅਤੇ ਭੈਰੋਵਾਲ ਆਦਿਕ ਤੋਂ ਹੁੰਦੇ ਹੋਏ ਖਾਨ ਰਜਾਦੇ ਦੀ ਜੂਹ ਵਿਚ ਜਾ ਡੇਰਾ ਲਾਇਆ। 'ਤੁੜ' ਆਦਿ ਪਿੰਡਾਂ ਵਿਚ ਵੀ ਪ੍ਰਚਾਰ ਕੀਤਾ। ਟਿਕਾਣਾ ਕਰਨ ਵਾਲੀ ਥਾਂ ਤੇ ਪਿੰਡ ਖਾਨ ਛਪਾਰੀ ਵੱਸ ਗਿਆ।

ਇਹਨਾਂ ਦਿਨਾਂ ਵਿਚ (ਗੁਰੂ) ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਅਨੁਸਾਰ ਕਿਸੇ ਕੰਮ ਲਈ ਆਪਣੇ ਪਿੰਡ ਬਾਸਰਕੇ ਗਏ ਹੋਏ ਸਨ। ਖਡੂਰ ਸਾਹਿਬ ਵਾਪਸ ਆ ਕੇ ਜਦੋਂ ਸਾਰੇ ਹਾਲਾਤ ਵੇਖੇ ਤਾਂ ਆਪ ਦੰਗ ਰਹਿ ਗਏ ਅਰ ਬਹੁਤ ਦੁਖੀ ਹੋਏ। ਗੁਰੂ ਅੰਗਦ ਦੇਵ ਜੀ ਜੈਸੇ ਧਰਮ, ਪਰਉਪਕਾਰ ਤੇ ਰੱਬੀ ਪਿਆਰ ਦੀ ਸ਼ਾਖਸਾਤ ਮੂਰਤ ਨਾਲ ਈਰਖਾ ਕਰਕੇ ਨਿਰਾਦਰ ਕਰਨ ਵਾਲੇ ਕੰਨਪਾਟੇ ਜੋਗੀ ਸ਼ਿਵਨਾਥ ਨਾਲ ਸਹੀ ਢੰਗ ਨਾਲ ਨਿਬੜਨ ਦਾ ਆਪ ਨੇ ਫ਼ੈਸਲਾ ਕਰ ਲਿਆ। ਸੱਚਾ ਗੁਰਸਿੱਖ ਆਪਣੇ ਗੁਰੂ ਪਾਤਸ਼ਾਹ ਦਾ ਨਿਰਾਦਰ ਕਿਵੇਂ ਸਹਿਣ ਕਰ ਸਕਦਾ ਹੈ ?(ਗੁਰੂ) ਅਮਰਦਾਸ ਜੀ ਇਹ ਗੱਲ ਭੀ ਭਲੀ-ਭਾਂਤ ਸਮਝਦੇ ਸਨ ਕਿ ਜੋਗੀ ਸ਼ਿਵਨਾਥ ਲੋਕਾਂ ਨੂੰ ਸੱਚ-ਧਰਮ ਦਾ ਉਪਦੇਸ਼ ਦੇਣ ਦੀ ਥਾਂ ਵਹਿਮਾ-ਭਰਮਾਂ ਵਿਚ ਭਟਕਾਏਗਾ ਅਤੇ ਇਸ ਤਰ੍ਹਾਂ ਉਹਨਾਂ ਦਾ ਆਤਮਿਕ ਜੀਵਨ ਵੀ ਬਰਬਾਦ ਕਰ ਦੇਵੇਗਾ।

ਕੰਨਪਾਟੇ ਜੋਗੀ ਦੀ ਚੁੱਕਣਾ ਵਿਚ ਲਗਪਗ ਸਾਰਾ ਨਗਰ ਹੀ ਕੁਰਾਹੇ ਪਿਆ ਹੋਇਆ ਸੀ। ਅਜਿਹੀ ਹਾਲਤ ਵਿਚ (ਗੁਰੂ) ਅਮਰਦਾਸ ਜੀ ਦੀ ਜਗ੍ਹਾ ਜੇ ਕੋਈ ਹੋਰ ਹੁੰਦਾ ਤਾਂ ਵਿਰੋਧੀਆਂ ਦੀ ਬਹੁ-ਗਿਣਤੀ ਨੂੰ ਦੇਖ ਕੇ ਜ਼ਰੂਰ ਹੀ ਘਬਰਾ ਜਾਂਦਾ। ਆਪ ਨੇ ਮਹਾਨ ਦ੍ਰਿੜਤਾ ਦਾ ਸਬੂਤ ਪੇਸ਼ ਕੀਤਾ। ਆਪ ਨਗਰ ਦੇ ਹਰ ਮੁਖੀ ਨੂੰ ਮਿਲੇ। ਆਪਣੇ ਮਿੱਠੇ ਬਚਨਾਂ ਨਾਲ ਉਹਨਾਂ ਦੀ ਅੰਤਰ-ਆਤਮਾ ਨੂੰ ਝੰਜੋੜ ਸੁਟਿਆ ਅਤੇ ਨਗਰ ਦੇ ਵਾਸੀਆਂ ਅਤੇ ਮੁਖੀਆਂ ਨੂੰ ਉਹਨਾਂ ਦੀ ਮੂਰਖਤਾ ਅਤੇ ਕੰਨਪਾਟੇ ਜੋਗੀ ਦੀ ਕੁਟਲਤਾ ਅਤੇ ਈਰਖਾ ਨੂੰ ਉਘਾੜ ਕੇ ਨੰਗਾ ਕਰ ਸੁਟਿਆ। ਅੱਠ ਦਿਨਾਂ ਤੋਂ ਵੀ ਵੱਧ ਸਮਾਂ ਹੋ ਚੁੱਕਾ ਸੀ ਪਰ ਮੀਂਹ ਨਹੀਂ ਸੀ ਪਿਆ। ਕਿਸਾਨਾਂ ਤੇ ਨਗਰ ਵਾਸੀਆਂ ਰਾਹੀਂ (ਗੁਰੂ)

ਅਮਰਦਾਸ ਜੀ ਨੇ ਸ਼ਿਵਨਾਥ ਨੂੰ ਸਿੱਧੀ ਗੱਲ ਕਹਿ ਦਿੱਤੀ ਸੀ ਕਿ ਹੁਣ ਉਹ ਆਪਣੀ ਕਰਾਮਾਤ ਨਾਲ ਵਰਖਾ ਪਾ ਕੇ ਦੱਸੇ, ਨਹੀਂ ਤਾਂ ਆਪਣੇ ਈਰਖਾ ਭਰੇ ਮੰਦ-ਕਰਮਾਂ ਦਾ ਫਲ ਭੁਗਤਣ ਲਈ ਤਿਆਰ ਹੋ ਜਾਵੇ।

ਵਰਖਾ ਉੱਕੀ ਹੀ ਨਾ ਹੋਣ ਕਰਕੇ ਕਿਸਾਨ ਅੱਗੇ ਹੀ ਕਾਫੀ ਤੰਗ ਆ ਚੁਕੇ ਸਨ। ਉਤੋਂ (ਗੁਰੂ) ਅਮਰਦਾਸ ਜੀ ਨੇ ਉਹਨਾਂ ਨੂੰ ਉਹਨਾਂ ਦੀ ਮਹਾਨ ਗਲਤੀ ਦਾ ਅਹਿਸਾਸ ਕਰਵਾ ਦਿੱਤਾ ਸੀ। ਗੁਰੂ ਅੰਗਦ ਦੇਵ ਜੀ ਦੀ ਮਿੱਠੀ, ਪਿਆਰੀ ਤੇ ਪਰਉਪਕਾਰੀ ਰੱਬੀ ਸ਼ਖਸੀਅਤ ਨਾਲ ਕੀਤੇ ਦੁਰ-ਵਿਉਹਾਰ ਕਰਕੇ ਨਗਰ ਵਾਸੀ ਅਤੇ ਕਿਸਾਨ ਬਾਰ-ਬਾਰ ਪਛਤਾ ਰਹੇ ਸਨ। ਉਹ ਇਕ ਪਾਸੇ ਤਾਂ ਗੁਰੂ ਅੰਗਦ ਦੇਵ ਜੀ ਤੋਂ ਬੇਮੁੱਖ ਹੋ ਗਏ ਅਤੇ ਦੂਜੇ ਪਾਸੇ ਜੋਗੀ ਸ਼ਿਵਨਾਥ ਦੀ ਬਾਰਸ਼ ਕਰਵਾ ਦੇਣ ਦੀ ਫੜ੍ਹ ਪੂਰੀ ਨਾ ਹੋਣ ਕਾਰਨ ਭਾਰੀ ਔਖੇ ਸਨ।

ਕੰਨਪਾਟੇ ਜੋਗੀ ਸ਼ਿਵਨਾਥ ਦਾ ਵਰਖਾ ਕਰਾ ਸਕਣ ਦਾ ਤੁੱਕਾ ਤਾਂ ਲੱਗ ਨਾ ਸਕਿਆ ਪਰ ਉਹ ਲੋਕਾਂ ਦੇ ਤਾਹਨੇ ਮੇਹਣੇ ਨਾ ਸਹਾਰਦਾ ਹੋਇਆ ਬਹਾਨੇ-ਬਾਜੀਆਂ ਕਰਨ ਲਗ ਪਿਆ। ਕਦੀ ਕਹੇ ਕਿ ਨਗਰ ਵਾਸੀਆਂ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਮੰਨ ਕੇ ਬੜਾ ਵੱਡਾ ਪਾਪ ਕੀਤਾ ਸੀ। ਇਸ ਲਈ ਉਸ ਦੇ ਜੰਤ੍ਰ-ਮੰਤਰ ਵੀ ਵਰਖਾ ਕਰਾ ਸਕਣ ਦੇ ਸਮਰੱਥ ਨਹੀਂ ਹੋ ਰਹੇ। ਲੋਕੀਂ ਹੁਣ ਤੱਕ ਸਾਰੀ ਅਸਲੀਅਤ ਸਮਝ ਚੁੱਕੇ ਸਨ। ਉਹ ਇਹ ਗੱਲ ਵੀ ਸਮਝ ਚੁੱਕੇ ਸਨ ਕਿ ਗੁਰੂ ਅੰਗਦ ਦੇਵ ਜੀ ਨੂੰ ਈਰਖਾ ਵੱਸ ਨਗਰ ਵਿਚੋਂ ਕਢਵਾਉਣ ਦਾ ਮਹਾਂ ਅਪਰਾਧ ਵੀ ਸ਼ਿਵਨਾਥ ਨੇ ਕਰਵਾਇਆ ਸੀ। ਅਸਲੀਅਤ ਉਘੜਨ ਤੇ ਉਹ ਕਾਬੂ ਤੋਂ ਬਾਹਰ ਹੋ ਗਏ। ਉਹਨਾਂ ਨੇ ਸ਼ਿਵਨਾਥ ਨੂੰ ਗਲੋਂ ਧੂਹ ਕੇ ਅਤੇ ਖਿੱਚਾ-ਧੂਹੀ ਕਰਕੇ ਐਸਾ ਘਸੀਟਿਆ ਕਿ ਉਹ ਚੜ੍ਹਾਈ ਕਰ ਗਿਆ। ਕਰਨੀ ਕਰਤਾਰ ਦੀ, ਇਸ ਸਮੇਂ ਖਡੂਰ ਸਾਹਿਬ ਅਸਮਾਨ ਤੇ ਬੱਦਲ ਛਾ ਗਏ ਅਤੇ ਰੱਜਵੀਂ ਬਾਰਸ਼ ਹੋਈ। ਪੁਰਾਤਨ ਗ੍ਰੰਥਾਂ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ (ਗੁਰੂ) ਅਮਰਦਾਸ ਜੀ ਨੇ ਸਹਿਜ ਸੁਭਾਅ ਇਹ ਕਹਿ ਦਿੱਤਾ ਸੀ ਕਿ ਵਰਖਾ ਕੇਵਲ ਉਹਨਾਂ ਖੇਤਾਂ ਤੇ ਹੋਵੇਗੀ ਜਿਹਨਾਂ ਵਿਚ ਸ਼ਿਵਨਾਥ ਦਾ ਮੁਰਦਾ ਸਰੀਰ ਘਸੀਟਿਆ ਜਾਏਗਾ। ਸੂਰਜ ਅਸਤ ਹੋਣ ਤੋਂ ਪਹਿਲਾਂ ਹੀ ਜੱਟ ਖਿੱਚਾ ਧੂਹੀ ਕਰਕੇ ਸ਼ਿਵਨਾਥ ਦੇ ਮੁਰਦਾ ਸਰੀਰ ਨੂੰ ਆਪਣੇ ਖੇਤਾਂ ਵਿਚ ਘਸੀਟਣ ਲਗ ਪਏ। ਕੁਝ ਵੀ ਹੋਵੇ, ਇਸ ਘਟਨਾ ਤੋਂ (ਗੁਰੂ) ਅਮਰਦਾਸ ਜੀ ਦੀ ਗੁਰੂ ਅੰਗਦ ਦੇਵ ਜੀ ਪ੍ਰਤੀ ਅੰਨਨ ਸ਼ਰਧਾ ਅਰ ਭਗਤੀ-ਭਾਵਨਾ ਸਪੱਸ਼ਟ ਝਲਕਦੀ ਹੈ।

ਗੁਰੂ ਅੰਗਦ ਦੇਵ ਜੀ ਨੂੰ ਜਦੋਂ ਇਸ ਕਾਰਵਾਈ ਬਾਰੇ ਪਤਾ ਲੱਗਾ ਤਾਂ ਆਪਨੇ (ਗੁਰੂ) ਅਮਰਦਾਸ ਜੀ ਅਤੇ ਖਡੂਰ ਸਾਹਿਬ ਦੇ ਜ਼ਿਮੀਦਾਰਾਂ ਦੇ ਇਸ ਕਰਮ ਨੂੰ ਉੱਕਾ ਹੀ ਪਰਵਾਨ ਨਾ ਕੀਤਾ। (ਗੁਰੂ) ਅਮਰਦਾਸ ਜੀ ਨੇ ਤਾਂ ਆਪਣੇ ਫਰਜ਼ ਨੂੰ ਪੂਰਾ ਕੀਤਾ ਸੀ ਅਤੇ ਸਤਿਗੁਰੂ ਨਾਲ ਈਰਖਾ ਕਰਕੇ ਉਹਨਾਂ ਦਾ ਨਿਰਾਦਰ ਕਰਨ ਵਾਲੇ ਨੂੰ ਉਸ

ਦੀ ਕੀਤੀ ਦਾ ਫਲ ਭੁਗਤਾਇਆ ਸੀ; ਪਰ ਗੁਰੂ ਅੰਗਦ ਦੇਵ ਜੀ ਨੇ ਖਿਮਾਂ ਕਰਨ ਦਾ ਮਹਾਨ ਉਪਦੇਸ਼ ਦ੍ਰਿੜ ਕਰਵਾਉਣਾ ਸੀ। ਗੁਰਮਤਿ ਦਾ ਉਪਦੇਸ਼ ਤਾਂ ਸੱਪਸ਼ਟ ਹੈ ਕਿ ਜੇ ਕਰਾਮਾਤੀ ਤਾਕਤਾਂ ਨਾਲ ਕਿਸੇ ਨੂੰ ਅਥਵਾ ਲੋਕਾਂ ਨੂੰ ਝੁਕਾ ਲਈਏ ਤਾਂ ਇਸ ਵਿਚ ਲਾਭ ਦੀ ਥਾਂ ਨੁਕਸਾਨ ਵਧੇਰੇ ਹੁੰਦਾ ਹੈ। ਇਸ ਨਾਲ ਮਨ ਵਿਚ ਹਉਮੈ ਅਤੇ ਹੰਕਾਰ ਪੈਦਾ ਹੁੰਦੇ ਹਨ। ਇਸ ਤਰ੍ਹਾਂ ਮਨੁੱਖ ਆਪਣੀ ਉੱਚੀ ਆਤਮਿਕ ਅਵਸਥਾ ਤੋਂ ਹੇਠਾਂ ਆ ਡਿਗਦਾ ਹੈ।

ਉਪਰੋਕਤ ਸਾਖੀ ਵਿਚ ਜਿਥੇ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਮਹਾਨ ਸ਼ਖ਼ਸੀਅਤ ਦੇ ਉਚੇ ਆਤਮਿਕ ਗੁਣਾਂ ਦੇ ਦਰਸ਼ਨ ਹੁੰਦੇ ਹਨ, ਉਥੇ ਨਾਲ ਹੀ (ਗੁਰੂ) ਅਮਰਦਾਸ ਜੀ ਦੀ ਆਪਣੇ ਸਤਿਗੁਰੂ ਲਈ ਅਗਾਧ ਭਗਤੀ ਤੇ ਅੰਨਿਨ ਸ਼ਰਧਾ ਦੇ ਦੀਦਾਰ ਵੀ ਸੁਤੇ-ਸਿੱਧ ਹੋ ਜਾਂਦੇ ਹਨ।

## (7) ਗੋਇੰਦਵਾਲ ਦੀ ਅਸਥਾਪਨਾ ਤੇ ਵਿਕਾਸ

ਗੋਇੰਦਾ ਖੱਤਰੀ ਦਰਿਆ ਬਿਆਸ ਦੇ ਕਿਨਾਰੇ ਪੱਤਣ ਵਾਲੀ ਥਾਂ ਤੇ ਜਿਥੇ ਦਿੱਲੀ ਤੋਂ ਲਾਹੌਰ ਜਾਣ ਵਾਲੀ ਸ਼ਾਹੀ ਸੜਕ ਗੁਜ਼ਰਦੀ ਸੀ, ਇਕ ਨਗਰ ਵਸਾਉਣਾ ਚਾਹੁੰਦਾ ਸੀ। ਉਹ ਬਹੁਤ ਸਾਰੀ ਜ਼ਮੀਨ ਦਾ ਮਾਲਕ ਸੀ। ਦਰਿਆ ਦਾ ਪੱਤਣ ਹੋਣ ਕਾਰਨ ਤੇ ਸ਼ਾਹੀ ਸੜਕ ਤੇ ਵਾਕਿਆ ਹੋਣ ਕਾਰਨ ਇਹ ਬੜੀ ਮੌਕੇ ਵਾਲੀ ਥਾਂ ਸੀ। ਗੋਇੰਦੇ ਦੇ ਵਿਰੋਧੀ ਇਹ ਨਹੀਂ ਸਨ ਚਾਹੁੰਦੇ ਕਿ ਗੋਇੰਦਾ ਕੋਈ ਨਗਰ ਵਸਾ ਸਕੇ। ਉਹਨਾਂ ਨੇ ਗੁੱਝੀਆਂ ਚਾਲਾਂ ਚੱਲੀਆਂ ਤੇ ਨਗਰ ਵੱਸਣ ਦੇ ਰਾਹ ਵਿਚ ਰੁਕਾਵਟਾਂ ਖੜੀਆਂ ਕੀਤੀਆਂ। ਜੋ ਦਿਨ ਨੂੰ ਉਸਾਰੀ ਹੋਵੇ ਤਾਂ ਰਾਤ ਨੂੰ ਢਾਹ ਦੇਣ। ਵੱਡੀ ਪੱਧਰ ਤੇ ਲੋਕਾਂ ਵਿਚ ਇਹ ਫੈਲਾ ਦਿਤਾ ਗਿਆ ਕਿ ਉਥੇ ਭੂਤਾਂ-ਪ੍ਰੇਤਾਂ ਦਾ ਵਾਸਾ ਹੈ, ਜਿਸ ਕਾਰਨ ਮਕਾਨ ਡਿੱਗ ਜਾਂਦੇ ਹਨ। ਗੋਇੰਦੇ ਨੂੰ ਵੀ ਇਹ ਵਹਿਮ ਹੋ ਗਿਆ। ਨਗਰ ਵਸਾਣ ਲਈ ਇਹ ਥਾਂ ਹਰ ਲਿਹਾਜ਼ ਨਾਲ ਬੜੀ ਰਮਣੀਕ, ਖ਼ੂਬਸੂਰਤ ਤੇ ਬੜੇ ਕਾਰਆਮਦ ਮੌਕੇ ਵਾਲੀ ਸੀ। ਗੋਇੰਦਾ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਤੇ ਆਪਣੀ ਮਨਸਾ ਦੱਸੀ। ਗੁਰੂ ਅੰਗਦ ਦੇਵ ਜੀ ਨੇ ਸਿੱਖ ਦੀ ਜਾਚਨਾ ਪੂਰੀ ਕਰਨ ਦੇ ਨਾਲ-ਨਾਲ ਲੋਕਾਂ ਦਾ ਅਤੇ ਗੋਇੰਦੇ ਦਾ ਇਹ ਵਹਿਮ ਵੀ ਦੂਰ ਕਰਨ ਦਾ ਨਿਸ਼ਚਾ ਕਰ ਲਿਆ ਕਿ ਉਹ ਥਾਂ ਭਾਰੀ ਹੈ ਅਤੇ ਉਹ ਭੂਤਾਂ-ਪ੍ਰੇਤਾਂ ਦੇ ਵਾਸੇ ਕਾਰਨ ਵੱਸ ਨਹੀ ਸਕਦੀ। ਆਪ ਨੇ ਮੁਖੀ ਸੇਵਕ (ਗੁਰੂ) ਅਮਰਦਾਸ ਜੀ ਨੂੰ ਆਪਣੇ ਕੋਲ ਬੁਲਾ ਲਿਆ। ਅਮਰਦਾਸ ਜੀ ਨੂੰ ਸਾਰੀ ਗੱਲ ਸਮਝਾ ਕੇ ਗੋਇੰਦੇ ਦੀ ਬੇਨਤੀ ਉਤੇ ਨਗਰ ਵਸਾਉਣ ਦਾ ਹੁਕਮ ਦੇ ਦਿੱਤਾ। ਸਿੱਖਾਂ ਦੇ ਭਰਪੂਰ ਉਤਸ਼ਾਹ ਤੇ (ਗੁਰੂ) ਅਮਰਦਾਸ ਜੀ ਦੀ ਵਿਉਂਤ ਅਨੁਸਾਰ ਸੰਨ 1546 ਵਿਚ ਨਗਰ ਦੀ ਉਸਾਰੀ ਆਰੰਭ ਹੋ ਗਈ ਤੇ ਨਗਰ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰਨ ਲਗ ਗਿਆ। ਗੋਇੰਦੇ ਨੇ ਆਪਣੀ ਅੱਧੀ ਕੁ ਜ਼ਮੀਨ

ਤਾਂ ਵੈਸੇ ਹੀ ਗੁਰੂ ਸਾਹਿਬ ਨੂੰ ਅਰਪਣ ਕਰ ਦਿੱਤੀ ਸੀ। ਲੋਕਾਂ ਵਿਚ ਪਏ ਭਰਮ-ਭੁਲੇਖੇ ਵੀ ਦੂਰ ਹੋ ਗਏ। ਉਂਝ, ਇਹ ਨਗਰ ਵਸਾਉਣ ਵਿਚ ਗੁਰੂ ਅੰਗਦ ਦੇਵ ਜੀ ਦੇ ਦੋ ਹੋਰ ਵੱਡੇ ਪ੍ਰਯੋਜਨ ਵੀ ਸਨ। ਪਹਿਲਾ ਇਹ ਕਿ ਆਉਣ ਵਾਲੇ ਸਮੇਂ ਵਿਚ ਸਿੱਖ ਮੱਤ ਦਾ ਮੁਖੀ ਪਰਚਾਰ ਕੇਂਦਰ 'ਖਡੂਰ' ਤੋਂ ਗੋਇੰਦਵਾਲ ਲੈ ਆਂਦਾ ਜਾਏ, ਜਿਸ ਨਾਲ ਕੁਦਰਤੀ ਤੌਰ ਤੇ ਹੋਰ ਜ਼ਿਆਦਾ ਇਲਾਕਾ ਸਿਧੇ ਤੌਰ ਤੇ ਸਿੱਖ ਕੇਂਦਰ ਨਾਲ ਸੰਬੰਧਤ ਹੋ ਜਾਣਾ ਸੀ ਅਤੇ ਸਮਾਂ ਪਾ ਕੇ ਐਸਾ ਹੀ ਹੋਇਆ।

ਸਤਿਗੁਰਾਂ ਦਾ ਇਸ ਭਾਂਤ ਦਾ ਨਗਰ ਵਸਾਉਣ ਵਿਚ ਦੂਜਾ ਪ੍ਰਯੋਜਨ ਇਹ ਸੀ ਕਿ ਸਿੱਖ ਪ੍ਰਭਾਵੀ ਨਗਰ ਅਸਥਾਪਿਤ ਕੀਤੇ ਜਾਣ, ਜਿਹਨਾਂ ਵਿਚ ਸਭਿਆਚਾਰ ਤੇ ਗੁਰਮਤਿ ਰਹਿਤ-ਮਰਯਾਦਾ ਜ਼ਿਆਦਾ ਕਾਰਗਰ ਢੰਗ ਨਾਲ ਪਰਚੱਲਤ ਹੋ ਸਕੇ। ਇਹ ਨੁਕਤਾ ਆਪਣੇ ਆਪ ਵਿਚ ਬੜਾ ਅਹਿਮ ਸੀ। ਪੁਰਾਣੇ ਨਗਰਾਂ ਦੀ ਥਾਵੇਂ ਨਵੇਂ ਨਗਰਾਂ ਵਿਚ ਨਵੀਆਂ ਮਰਯਾਦਾਵਾਂ ਬੰਨ੍ਹਣ ਵਿਚ ਤੇ ਨਵੇਂ ਅਸੂਲ ਰਹੁ-ਰੀਤਾਂ ਲਾਗੂ ਕਰਨ ਵਿਚ ਜ਼ਿਆਦਾ ਅਨੁਕੂਲਤਾ ਮਿਲ ਜਾਂਦੀ ਹੈ, ਜੋ ਸਮੁਚੇ ਤੌਰ ਤੇ ਨਵੇਂ ਮੱਤ ਦੇ ਪ੍ਰਚਾਰ ਵਿਚ ਮਦਦਗਾਰ ਸਾਬਤ ਹੁੰਦੀ ਹੈ।

ਅੱਜ ਅਸੀਂ ਇਸ ਨੁਕਤੇ ਦੀ ਅਹਿਮੀਅਤ ਨਹੀਂ ਸਮਝ ਰਹੇ ਅਤੇ ਇਸ ਪਖੋਂ ਕਈ ਕਿਸਮ ਦੇ ਨੁਕਸਾਨ ਵੀ ਉਠਾ ਰਹੇ ਹਾਂ। ਜੇ ਗੁਰਮਤਿ ਧਾਰਨੀ ਨਵੀਆਂ ਕਲੋਨੀਆਂ, ਨਗਰ ਤੇ ਪਿੰਡ ਇਸ ਢੰਗ ਨਾਲ ਉਸਾਰਨ ਦੀਆਂ ਵਿਉਂਤਾਂ ਬਣਾਉਣ ਕਿ ਉਹਨਾਂ ਵਿਚ ਗੁਰਮਤਿ ਧਾਰਨੀ ਬਹੁ-ਗਿਣਤੀ ਵਿਚ ਹਾਵੀ ਹੋ ਕੇ ਵਿਚਰ ਸਕਣ ਤਾਂ ਨਿਸਚੇ ਤੌਰ ਤੇ ਇਸ ਨਾਲ ਸਿੱਖ ਰਹੁ-ਰੀਤਾਂ ਤੇ ਸਭਿਆਚਾਰ ਦੇ ਫੈਲਣ ਤੇ ਵਿਕਸਤ ਹੋਣ ਵਿਚ ਬਹੁਤ ਮਦਦ ਮਿਲ ਸਕਦੀ ਹੈ। ਬਹੁਤ ਵਿਕੋਲਿਤਰੇ ਰੂਪ ਵਿਚ ਮਿਲਗੋਭਾ ਢੰਗਾਂ ਨਾਲ ਵੱਸੇ ਹੋਣ ਕਾਰਣ ਸਾਡੀ ਅਗਲੀ ਪੀੜ੍ਹੀ (Generation) ਦੇ ਮਨਾਂ ਤੇ, ਸੁੱਤੇ ਹੀ ਅਨਮਤੀਆਂ ਦੇ ਸਭਿਆਚਾਰ ਹਾਵੀ ਹੋਣ ਲੱਗ ਪਏ ਹਨ। ਮਿਲਗੋਭਾ ਵਸੇਵਿਆਂ ਦੀ ਥਾਂਵੇਂ ਖਾਲਸ ਵਸੇਵੇਂ ਸਿੱਖੀ ਦੇ ਪਰਸਾਰ-ਪਰਚਾਰ ਵਿਚ ਜ਼ਿਆਦਾ ਲਾਭਦਾਇਕ ਹੋ ਸਕਦੇ ਹਨ। ਗੋਇੰਦਵਾਲ ਆਦਿਕ ਨਗਰਾਂ ਪਿੱਛੇ ਇਹ ਵਿਚਾਰ ਵੀ ਕਿਸੇ ਹਦ ਤੱਕ ਜ਼ਰੂਰ ਕੰਮ ਕਰਦਾ ਰਿਹਾ ਹੈ ਕਿ ਨਵੇਂ ਵਸੇ ਨਗਰਾਂ ਨੂੰ ਇਸ ਢੰਗ ਨਾਲ ਵਿਕਸਿਤ ਕੀਤਾ ਜਾਵੇ ਕਿ ਉੱਥੇ ਸਿੱਖੀ ਰਹੁਰੀਤਾਂ ਤੇ ਸਭਿਆਚਾਰ ਹਾਵੀ ਹੋ ਕੇ ਵੱਧ ਫੁਲ ਸਕੇ।

ਨਵਾਂ ਨਗਰ ਵਸਾਉਣ ਅਤੇ ਵਿਕਸਤ ਕਰਨ ਕਾਰਨ ਇਮਾਰਤੀ ਲੱਕੜੀ ਦੀ ਕਮੀ ਬੜੀ ਭਾਰੀ ਔਕੜ ਪੈਦਾ ਕਰ ਰਹੀ ਸੀ। (ਗੁਰੂ) ਅਮਰਦਾਸ ਜੀ ਨੇ ਆਪਣੇ ਭਤੀਜੇ ਸਾਵਣ ਮੱਲ ਨੂੰ ਜੋ ਕਾਂਗੜੇ ਹਰੀਪੁਰ ਆਦਿਕ ਪਹਾੜੀ ਇਲਾਕਿਆਂ ਵਿਚ ਸਿੱਖੀ ਦਾ ਪਰਚਾਰ ਕਰਦੇ ਸਨ, ਪਹਾੜੀ ਇਲਾਕੇ ਤੋਂ ਇਮਾਰਤੀ ਲਕੜੀ ਦਾ ਪ੍ਰਬੰਧ ਕਰਨ ਲਈ ਕਿਹਾ। ਪਹਾੜੀ ਇਲਾਕੇ ਦੇ ਲੋਕ ਪਹਿਲਾਂ ਬੈਰਾਗੀ ਸਾਧੂਆਂ ਨੂੰ ਮੰਨਦੇ ਸਨ, ਪਰ ਸਾਵਣ ਮੱਲ ਜੀ ਨੇ ਸਿੱਖੀ ਦੇ ਅਸੂਲਾਂ ਦਾ ਪਰਚਾਰ ਆਪਣੇ ਅਮਲੀ ਜੀਵਨ ਰਾਹੀਂ ਕੀਤਾ। ਨਤੀਜਾ ਇਹ ਹੋਇਆ ਕਿ ਉਥੋਂ ਦੇ ਅਨੇਕਾਂ ਵਸਨੀਕਾਂ ਨੇ ਸਿੱਖੀ ਧਾਰਨ ਕੀਤੀ।

ਹਰੀਪੁਰ ਦਾ ਰਾਜਾ ਵੀ ਆਪਣੇ ਅਮੀਰਾਂ ਵਜ਼ੀਰਾਂ ਸਮੇਤ ਸਿੱਖ ਬਣ ਗਿਆ। ਗੋਇੰਦਵਾਲ ਦੀ ਨਵੀਂ ਉਸਾਰੀ ਲਈ ਜਿਤਨੀ ਵੀ ਇਮਾਰਤੀ ਲੱਕੜੀ ਚਾਹੀਦੀ ਸੀ, ਉਹ ਖੁਲੇ ਦਿਲ ਨਾਲ ਹਰੀਪੁਰ ਦੇ ਰਾਜੇ ਨੇ (ਗੁਰੂ) ਅਮਰਦਾਸ ਜੀ ਨੂੰ ਘੱਲ ਦਿੱਤੀ। ਆਪਨੇ ਇਹ ਨਗਰ ਵਾਸੀਆਂ ਤੇ ਨਵੇਂ ਬਣਨ ਵਾਲੇ ਵਸਨੀਕਾਂ ਨੂੰ ਮਫ਼ਤ ਹੀ ਵੰਡ ਦਿੱਤੀ। ਕੁਦਰਤੀ ਗੱਲ ਸੀ ਇਸ ਨਾਲ ਉਸਾਰੀ ਦਾ ਕੰਮ ਬਹੁਤ ਤੇਜ਼ੀ ਫੜ ਗਿਆ ਅਤੇ ਗੋਇੰਦਵਾਲ ਸਿੱਖ ਨਗਰ ਦੀ ਸ਼ਕਲ ਅਖਤਿਆਰ ਕਰ ਗਿਆ।

ਗੋਇੰਦਵਾਲ ਦੇ ਵਿਕਾਸ ਨਾਲ ਹੋਈ ਸਿੱਖੀ ਦੀ ਚੜਤਲ ਨੇ ਭੱਟ ਵਿਦਵਾਨਾ ਦੇ ਮਨਾਂ ਤੇ ਇਤਨਾ ਪ੍ਰਭਾਵ ਪਾਇਆ ਕਿ ਉਹਨਾਂ ਨੇ ਗੋਇੰਦਵਾਲ ਨੂੰ 'ਗੋਬਿੰਦਪੁਰੀ' ਭਾਵ "ਰੱਬ ਦੀ ਨਗਰੀ" ਕਹਿ ਕੇ ਸਨਮਾਨਿਆ। ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਆਪਣੇ ਪਰਮ ਸੇਵਕ (ਗੁਰੂ) ਅਮਰਦਾਸ ਜੀ ਪਾਸੋਂ ਦੀਰਘ ਦ੍ਰਿਸ਼ਟੀ ਨਾਲ ਇਕ ਐਸੇ ਸਿੱਖ ਨਗਰ ਦੀ ਅਸਥਾਪਨਾ ਕਰਵਾਈ, ਜੋ ਸਿੱਖ ਮਤ ਅਤੇ ਸਭਿਆਚਾਰ ਦੇ ਪਰਚਾਰ-ਪਰਸਾਰ ਲਈ ਬੜਾ ਲਾਭਦਾਇਕ ਸਾਬਤ ਹੋਇਆ।

## (8) ਕਿਰਤ ਕਰਨ ਦੇ ਅਸੂਲ ਤੇ ਪਹਿਰਾ ਦੇਣਾ

ਹਕੀਕਤ ਇਹ ਹੈ ਕਿ ਅਸੀਂ ਅਜੇ ਤੱਕ ਆਪਣੇ ਸਤਿਗੁਰੂਆਂ ਦਾ ਜੀਵਨ ਇਤਿਹਾਸ ਠੀਕ ਢੰਗ ਨਾਲ ਲੋਕਾਂ ਸਾਹਮਣੇ ਰਖ ਨਹੀਂ ਸਕੇ। ਸਤਿਗੁਰੂਆਂ ਦੀਆਂ ਮਹਾਨ ਸ਼ਖਸੀਅਤਾਂ ਨੂੰ ਅਸੀ ਇਸ ਢੰਗ ਨਾਲ ਪੇਸ਼ ਕਰਦੇ ਰਹੇ ਹਾਂ ਕਿ ਉਹ ਹਿੰਦੂ ਮੱਤ ਦੇ ਸੰਤ ਸਾਧ ਪ੍ਰਗਟ ਹੋਣ।

ਇਹ ਤਾਂ ਸਰਵ ਵਿਦਤ ਗੱਲ ਹੈ ਕਿ "ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ" ਸਿੱਖੀ ਜੀਵਨ ਜੁਗਤੀ ਦਾ ਮੁਖ ਆਧਾਰ ਹੈ। ਕਰਤਾਰਪੁਰ ਸਾਹਿਬ ਵਿਖੇ ਲਗਭਗ 18 ਸਾਲ ਦੇ ਸਮੇਂ ਤੱਕ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਮਗਰਲੇ ਹਿੱਸੇ ਵਿਚ ਇਸ ਸਿਧਾਂਤ ਲਈ ਅਮਲੀ ਪੂਰਨੇ ਪਾ ਕੇ ਦੱਸੇ ਸਨ। ਆਪ ਨੇ ਖੇਤੀ ਬਾੜੀ ਕਰਨ ਦੇ ਪਵਿੱਤਰ ਪੇਸ਼ੇ ਨੂੰ ਅਖ਼ਤਿਆਰ ਕੀਤਾ ਤੇ ਵੰਡ ਛਕਣ ਤੇ ਨਾਮ ਜਪਣ ਦੇ ਸਿਧਾਂਤ ਨੂੰ ਅਮਲੀ ਤੌਰ ਤੇ ਪਰਚਾਰਿਆ।

ਸਭ ਨੂੰ ਪਤਾ ਹੀ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਬਹੁਤ ਚੰਗੀ, ਵਧੀਆ ਤੇ ਸਾਫ਼ ਖੁਰਾਕ ਹਰ ਕਿਸੇ ਨੂੰ ਮੁਹੱਈਆ ਕੀਤੀ ਜਾਂਦੀ ਸੀ। ਸੱਤੇ ਤੇ ਬਲਵੰਡ ਦੀ ਵਾਰ ਵਿਚ ਤਾਂ ਲੰਗਰ ਵਿਚ ਨਿੱਤ ਵਰਤਾਈ ਜਾਣ ਵਾਲੀ ਘਿਉ ਵਾਲੀ ਮਿੱਠੀ ਖੀਰ ਦਾ ਸਪੱਸ਼ਟ ਜ਼ਿਕਰ ਆਉਂਦਾ ਹੈ। ਲੰਗਰ ਦੇ ਵਧੇ ਹੋਏ ਖਰਚ ਸਿੱਖੀ ਦੇ ਅਨੇਕਾਂ ਕੇਂਦਰਾਂ ਤੋਂ ਇਕੱਤਰ ਹੋਏ ਦਸਵੰਧ ਨਾਲ ਸਹਿਜੇ ਹੀ ਪੂਰੇ ਹੋ ਜਾਂਦੇ ਸਨ।

ਲੰਗਰ ਦਾ ਇਕ ਪ੍ਰਯੋਜਨ ਜਿਥੇ ਮਨੁੱਖੀ ਸਮਾਜ ਵਿਚੋਂ ਊਚ-ਨੀਚ ਜਾਂ ਜਾਤ-ਪਾਤ ਦੇ ਵਿਤਕਰਿਆਂ ਨੂੰ ਜੜੋਂ ਦੂਰ ਕਰ ਕੇ ਲੋਕਾਂ ਵਿਚ ਪਰਸਪਰ ਪਿਆਰ ਪੈਦਾ ਕਰਨਾ

ਸੀ, ਉਥੇ ਇਸ ਰਾਹੀਂ ਕਿਰਤੀ ਸਿੱਖਾਂ ਵਿਚ "ਦਸਵੰਧ ਕੱਢਣ ਤੇ ਵੰਡ ਛਕਣ" ਦਾ ਸਿਧਾਂਤ ਵੀ ਦ੍ਰਿੜ ਹੁੰਦਾ ਸੀ। ਲੰਗਰ ਮੁਖ ਤੌਰ ਤੇ ਲੋੜਵੰਦਾਂ, ਨਿਆਸਰਿਆਂ, ਅੰਗਹੀਣਾਂ ਜਾਂ ਹੋਰ ਕਾਰਨਾ ਕਰਕੇ ਅਸਮਰਥ ਲੋਕਾਂ ਨੂੰ ਇੱਜ਼ਤ ਨਾਲ ਖੁਰਾਕ ਮੁਹੱਈਆ ਕਰਦਾ ਸੀ। ਇਸ ਤੋਂ ਇਲਾਵਾ ਬਾਹਰਲੇ ਇਲਾਕਿਆਂ ਅਤੇ ਦੂਰ-ਦੁਰਾਡੀਆਂ ਥਾਵਾਂ ਤੋਂ ਗੁਰੂ ਸਾਹਿਬ ਪਾਸੋਂ ਆਤਮਿਕ ਤੇ ਧਾਰਮਿਕ ਰਾਹਨੁਮਾਈ ਲੈਣ ਲਈ ਆਏ ਸ਼ਰਧਾਲੂ ਗੁਰਸਿੱਖਾਂ ਦੇ ਲਈ ਵੀ ਇਹ ਡਾਢੇ ਕੰਮ ਦੀ ਚੀਜ਼ ਸੀ। ਬਾਹਰੋਂ ਆਈਆਂ ਸੰਗਤਾਂ ਨੂੰ ਆਤਮਿਕ ਉਪਦੇਸ਼ ਦੇ ਨਾਲ-ਨਾਲ ਸਾਫ ਸੁਥਰੀ ਤੇ ਚੰਗੇਰੀ ਖੁਰਾਕ ਮਿਲ ਜਾਣਾ ਸਭ ਸਿੱਖਾਂ ਲਈ ਉਤਸ਼ਾਹ-ਵਰਧਕ ਗੱਲ ਸੀ।

ਤਵਾਰੀਖ ਖਾਲਸਾ ਦਾ ਕਰਤਾ ਗੁਰੂ ਸਾਹਿਬ ਦੀ ਵਾਣ ਵੱਟਣ ਦੀ ਕਿਰਤ ਤੋਂ ਇਲਾਵਾ ਬੜੇ ਸਾਫ ਲਫਜ਼ਾਂ ਵਿਚ ਗੁਰੂ ਜੀ ਦੀ ਨਿਜੀ ਆਮਦਨ ਦੇ ਇਕ ਹੋਰ ਜ਼ਰੀਏ ਨੂੰ ਵੀ ਬਿਆਨ ਕਰਦਾ ਹੈ, ਯਥਾ :

"ਦਾਸੂ ਤੇ ਦਾਤੂ ਜੀ ਦੀ ਹੱਟੀ ਵਿਚੋਂ ਜੋ ਕੁਝ ਪੈਦਾ ਹੋਵੇ, ਉਸੇ ਵਿਚ ਗੁਜ਼ਾਰਾ ਕਰਨ।" ਪੂਜਾ ਦੇ ਧਾਨ ਦੀ ਵਰਤੋਂ ਸੰਬੰਧੀ ਉਹਨਾਂ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਬੜੀਆਂ ਸਖ਼ਤ ਹਿਦਾਇਤਾਂ ਦੇ ਰਖੀਆਂ ਸਨ ਜੋ ਤਵਾਰੀਖ ਖਾਲਸਾ ਅਨੁਸਾਰ ਇਸ ਤਰ੍ਹਾਂ ਹਨ : ਜੇ ਕਦੇ (ਗੁਰੂ ਸਾਹਿਬ ਦੇ ਸਾਹਿਬਜਾਦੇ) ਕੁਛ ਚਾਹੁਣ, ਤਾਂ ਗੁਰੂ ਜੀ ਆਖਣ, "ਇਹ ਪੂਜਾ ਦਾ ਧਾਨ ਗ੍ਰਿਹਸਤੀ ਨੂੰ ਕੱਚਾ ਪਾਰਾ ਹੈ। ਜੇ ਭੁਖਾ ਪਿਆਸਾ ਬਿਹਰਾਮ ਸਾਧੂ ਸਿੱਖ, ਲੰਗੜਾ, ਲੂਲ੍ਹਾ, ਰੋਗੀ, ਬਿਰਧ ਇਹਨਾਂ ਪਾਸ ਆਵੇ, ਉਸ ਦੀ ਵਿਸ਼ੇਸ਼ ਸੇਵਾ ਕਰਾਉਣ।"

"ਸਵਾਨਿ-ਉਮਰੀ ਗੁਰੂ ਅੰਗਦ ਦੇਵ ਜੀ" ਦਾ ਕਰਤਾ ਵੀ ਗੁਰੂ ਸਾਹਿਬ ਦੀ ਇਸ ਮਾਮਲੇ ਵਿਚ ਆਪਣੇ ਸਾਹਿਬਜ਼ਾਦਿਆਂ ਨੂੰ ਕੀਤੀ ਸਖ਼ਤ ਹਿਦਾਇਤ ਨੂੰ ਇਸ ਪ੍ਰਕਾਰ ਦਰਸਾਉਂਦਾ ਹੈ, "ਉਨ੍ਹੋਂ ਨੇ ਆਪਣੇ ਬੇਟੋਂ ਕੋ ਹੁਕਮ ਦੇ ਕੇ ਰਖਾ ਥਾ ਕਿ ਤੁਮ ਆਪਣੀ ਮੁਆਸ਼ ਦੁਕਾਨਦਾਰੀ ਯਾ ਕਾਸ਼ਤ-ਕਾਰੀ ਸੇ ਹਾਸਲ ਕਰੋ। ਯਿਹ ਪੂਜਾ ਕਾ ਮਾਲ ਤੁਮਾਰੇ ਲੀਏ ਜ਼ਹਰੇ ਕਾਤਲ ਹੈ। ਚੁਨਾਚਿ ਵੋਹ ਉਨਕੇ ਇਰਸ਼ਾਦ ਕੇ ਮੁਆਫ਼ਕ ਅਮਲ ਕਰਤੇ ਥੇ।"

## (9) ਗੁਰਿਆਈ ਦੌਰਾਨ ਹੋਈਆਂ ਕੁਝ ਮੁਲਾਕਾਤਾਂ ਤੇ ਉਪਦੇਸ਼

**ਲੰਗਰ ਦੀ ਮਰਯਾਦਾ ਨਾਲ ਭਰਾਤਰੀ ਭਾਵ ਤੇ ਆਪਸੀ ਪਿਆਰ ਪੈਦਾ ਕਰਨਾ :** ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸੰਸਾਰ ਦੇ ਸਮੂਹ ਮਨੁੱਖਾਂ ਨੂੰ ਜਾਤ-ਪਾਤ, ਲਿੰਗ, ਪ੍ਰਾਂਤ, ਦੇਸ਼, ਨਸਲ, ਰੰਗ ਆਦਿਕ ਦੇ ਵਿਤਕਰਿਆਂ ਨੂੰ ਲਾਂਭੇ ਰੱਖਦੇ ਹੋਏ ਇਕ ਸਾਂਝੇ ਪਿਤਾ ਪਰਮੇਸ਼ਰ ਦੀ ਸੰਤਾਨ ਹੋਣ ਦਾ ਜ਼ੋਰਦਾਰ ਖਿਆਲ ਦਿਤਾ ਗਿਆ ਹੈ ਅਰ ਇਸ ਲਈ ਸਭ ਮਨੁੱਖ ਆਪੋ ਵਿਚ ਭਰਾ-ਭਰਾ ਹਨ। ਸਿਮ੍ਰਤੀਆਂ ਦੇ ਮੱਤ ਵਲੋਂ ਪ੍ਰਚਾਰੀ ਉਚ-

ਨੀਚ ਦੀ ਭਾਵਨਾ ਦਾ ਗੁਰੂ ਨਾਨਕ ਸਾਹਿਬ ਅਤੇ ਭਗਤਾਂ ਦੀ ਬਾਣੀ ਵਿਚ ਵਿਰੋਧ ਕੀਤਾ ਗਿਆ ਹੈ ਜਿਹਨਾਂ ਦੀ ਬਾਣੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੰਗ੍ਰਹਿ ਵਿਚ ਇਕੱਤਰ ਕਰ ਰੱਖੀ ਸੀ।

ਲੰਗਰ ਦੀ ਮਰਯਾਦਾ ਦਾ ਮੁੱਢ ਤਾਂ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਹੀ ਬੰਨ੍ਹ ਦਿੱਤਾ ਸੀ, ਪਰ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਖਡੂਰ ਸਾਹਿਬ ਇਸ ਨੂੰ ਹੋਰ ਅਹਿਮੀਅਤ ਦਿੱਤੀ ਗਈ। ਲੰਗਰ ਵਾਸਤਵ ਵਿਚ ਵਰਣ-ਆਸ਼ਰਮ ਮੱਤ ਵੱਲੋਂ ਪ੍ਰਚਾਰੇ ਊਚ-ਨੀਚ ਦੇ ਭੇਦ-ਭਾਵ ਨੂੰ ਮਾਰ-ਮੁਕਾਉਣ ਲਈ ਸਭ ਨਾਲੋਂ ਜ਼ਿਆਦਾ ਅਸਰਦਾਇਕ ਸਾਧਨ ਸਾਬਤ ਹੋਇਆ। ਬਾਣੀ ਦੇ ਪ੍ਰਚਾਰ ਨਾਲ ਉੱਚੀਆਂ-ਨੀਵੀਆਂ ਜਾਤਾਂ ਦੇ ਵਿਤਕਰੇ ਤਾਂ ਮਿਟਦੇ ਹੀ ਸਨ, ਪਰ ਲੰਗਰ ਦੀ ਮਰਯਾਦਾ ਨੇ ਉੱਚ-ਜਾਤੀਏ ਹਿੰਦੂਆਂ ਦੇ "ਸੁੱਚੇ ਚੌਂਕੇ" ਦੇ ਭਰਮ ਉੱਤੇ ਵੀ ਕਰੜਾ ਵਾਰ ਕਰ ਦਿੱਤਾ ਸੀ। ਲੰਗਰ ਵਿਚ ਸਭ ਲੋਕ ਇਕ ਪੰਗਤ ਵਿਚ ਆਪਸ ਵਿਚ ਬਰਾਬਰ-ਬਰਾਬਰ ਹੋਕੇ ਬੈਠਦੇ ਸਨ। ਇਥੇ ਕਿਸੇ ਵੀ ਜਾਤ ਨਾਲ ਕੋਈ ਉਚੇਚਾ ਸਲੂਕ ਨਹੀਂ ਸੀ ਕੀਤਾ ਜਾਂਦਾ ਤੇ ਇਸੇ ਤਰ੍ਹਾਂ ਲੰਗਰ ਤਿਆਰ ਕਰਨ ਵਿਚ ਵੀ ਹਰ ਬੰਦਾ ਸ਼ਾਮਿਲ ਹੋ ਸਕਦਾ ਸੀ, ਕੇਵਲ ਸਫਾਈ ਦੇ ਨੇਮਾਂ ਦਾ ਪਾਲਣ ਅਰ ਸ਼ਰੱਧਾ ਭਾਵਨਾ ਦੀ ਜ਼ਰੂਰਤ ਸੀ।

ਲੰਗਰ ਦੀ ਮਰਯਾਦਾ ਕਾਰਨ ਸਿੱਖਾਂ ਵਿਚ ਆਪਣੀ ਕਿਰਤ ਕਮਾਈ ਦਾ ਦਸਵੰਧ ਕੱਢਣ ਦੀ ਪਿਰਤ ਪੈਣੀ ਸ਼ੁਰੂ ਹੋ ਗਈ। ਵੰਡ ਛਕਣ ਦੇ ਉਪਦੇਸ਼ ਤੇ ਅਮਲ ਕਰਨ ਅਤੇ ਭਰਾਤਰੀ ਭਾਵ ਵਧਾਉਣ ਵਿਚ ਵੀ ਲੰਗਰ ਦੀ ਮਰਯਾਦਾ ਨੇ ਬਹੁਤ ਸੁੰਦਰ ਯੋਗਦਾਨ ਦਿੱਤਾ। ਸਿੱਖੀ ਦੀ ਅਮਲੀ ਕਮਾਈ ਵਿਚ ਸੇਵਾ ਨੂੰ ਬਹੁਤ ਅਹਿਮ ਅਸਥਾਨ ਹਾਸਲ ਹੈ। ਲੰਗਰ ਦੀ ਮਰਯਾਦਾ ਨੇ ਸਿੱਖਾਂ ਵਿਚ ਸੇਵਾ ਭਾਵ ਨੂੰ ਉਜਾਗਰ ਕਰਨ ਵਿਚ ਪ੍ਰਧਾਨ ਰੋਲ ਅਦਾ ਕੀਤਾ ਹੈ।

ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਹੀ ਲੰਗਰ ਦਾ ਸਭ ਪ੍ਰਬੰਧ ਚਲਾਉਂਦੇ ਸਨ। ਉਹ ਸਦਾ ਲੰਗਰ ਦੀ ਸੇਵਾ ਵਿਚ ਰੁੱਝੇ ਰਹਿੰਦੇ ਸਨ। ਲੰਗਰ ਪੂਰਨ ਸਫਾਈ ਅਤੇ ਸ਼ਰਧਾ ਨਾਲ ਤਿਆਰ ਕੀਤਾ ਜਾਂਦਾ ਸੀ। ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਖੁਰਾਕ ਦੇ ਨੁਕਤਾ-ਨਿਗਾਹ ਅਨੁਸਾਰ ਚੰਗੇ ਪੌਸ਼ਟਿਕ ਪਦਾਰਥ ਵਰਤਾਏ ਜਾਂਦੇ ਸਨ। ਸਤੇ ਤੇ ਬਲਵੰਡ ਦੀ ਵਾਰ ਵਿਚ ਲੰਗਰ ਵਿਚ ਘਿਉ ਵਾਲੀ ਖੀਰ ਮਾਤਾ ਖੀਵੀ ਜੀ ਵੱਲੋਂ ਵਰਤਾਏ ਜਾਣ ਦਾ ਜ਼ਿਕਰ ਹੈ। ਮਾਤਾ ਖੀਵੀ ਜੀ ਦੀ ਹਿਦਾਇਤ ਅਨੁਸਾਰ ਭਾਈ ਕਿਦਾਰਾ ਤੇ ਭਾਈ ਜੋਧ ਰਸੋਈਆ ਆਦਿਕ ਗੁਰਸਿੱਖ ਵੀ ਲੰਗਰ ਦੀ ਸੇਵਾ ਕਰਦੇ ਸਨ।

ਊਚ-ਨੀਚ ਦੇ ਵਿਤਕਰਿਆਂ ਨੂੰ ਦੂਰ ਕਰਨ ਤੇ ਵੰਡ ਛਕਣ ਦੀ ਪ੍ਰੇਰਨਾ ਦੇਣ ਦੇ ਨਾਲ-ਨਾਲ ਲੰਗਰ ਇਕ ਹੋਰ ਵੱਡੀ ਸਮਾਜਕ ਲੋੜ ਨੂੰ ਪੂਰਾ ਕਰਦਾ ਸੀ। ਨਿਆਸਰੇ, ਲੋੜਵੰਦ ਤੇ ਅਸਮਰਥ ਜਾਂ ਅੰਗਹੀਣ ਲੋਕੀਂ ਇੱਜ਼ਤ ਨਾਲ ਪ੍ਰਸ਼ਾਦਾ ਛਕ ਸਕਦੇ ਸਨ।

ਇਸ ਤੋਂ ਇਲਾਵਾ ਪ੍ਰਦੇਸੀਆਂ, ਮੁਸਾਫ਼ਰਾਂ ਤੇ ਬਾਹਰੋਂ ਆਏ ਗੁਰੂ-ਘਰ ਦੇ ਸ਼ਰਧਾਲੂਆਂ ਦੀ ਜ਼ਰੂਰੀ ਲੋੜ ਵੀ ਪੂਰੀ ਕਰਦਾ ਸੀ। ਸਿੱਖ ਲਹਿਰ ਨੂੰ ਹਰਮਨ-ਪਿਆਰਾ ਤੇ ਮਸ਼ਹੂਰ ਬਣਾਉਣ ਵਿੱਚ ਲੰਗਰ ਦੀ ਮਰਯਾਦਾ ਨੇ ਬਹੁਤ ਮਦਦ ਕੀਤੀ। ਇਸ ਤਰ੍ਹਾਂ ਲੰਗਰ ਦੀ ਮਰਯਾਦਾ ਨੇ ਸਿੱਖੀ ਦੇ ਪ੍ਰਚਾਰ ਵਿਚ ਬਹੁਤ ਚੰਗਾ ਹਿੱਸਾ ਪਾਇਆ।

ਲੰਗਰ ਦੀ ਮਰਯਾਦਾ ਨਾਲ ਸਿੱਖਾਂ ਵਿਚ ਆਪਣੇ ਮੱਤ ਦੇ ਸੁਤੰਤਰ, ਵਿਲੱਖਣ ਤੇ ਸੰਪੂਰਨ ਹੋਣ ਦੀ ਚੇਤਨਾ ਦਾ ਵਿਕਾਸ ਹੋਇਆ, ਜਿਸ ਨੇ ਇਸ ਮੱਤ ਦੇ ਪੈਰੋਕਾਰਾਂ ਵਿਚ ਆਪਣਾ ਅਜ਼ਾਦ ਤੇ ਅੱਡਰੀ ਹਸਤੀ ਦਾ ਖਿਆਲ ਪੈਦਾ ਕੀਤਾ।

### *ਮਨ ਤੇ ਤਨ ਦੀ ਮਜ਼ਬੂਤੀ ਦਾ ਪ੍ਰਚਾਰ ਤੇ ਮੱਲ ਅਖਾੜੇ*

ਗੁਰੂ ਅੰਗਦ ਦੇਵ ਜੀ ਇਸ ਗੱਲ ਨੂੰ ਭਲੀ-ਭਾਂਤ ਸਮਝਦੇ ਸਨ ਕਿ ਮਜ਼ਬੂਤ ਤੇ ਅਰੋਗ ਸਰੀਰ ਵਿਚ ਹੀ ਤਕੜਾ ਮਨ ਨਿਵਾਸ ਕਰ ਸਕਦਾ ਹੈ। ਹਿੰਦੋਸਤਾਨ ਦੇ ਜ਼ਿਆਦਾਤਰ ਮੱਤ-ਮੱਤਾਂਤਰ ਸਰੀਰ ਨੂੰ ਸੰਭਾਲਣ, ਇਸ ਨੂੰ ਪੁਸ਼ਟ ਤੇ ਮਜ਼ਬੂਤ ਰੱਖਣ ਨੂੰ ਮਿਥਿਆ ਕਰਮ ਹੀ ਸਮਝੀ ਬੈਠੇ ਸਨ। ਗੁਰਮਤਿ ਵਿਚ ਸਰੀਰ ਨੂੰ ਬੇਲੋੜਵੇਂ ਤੇ ਫਜ਼ੂਲ ਕਸ਼ਟਾਂ ਵਿਚ ਪਾ ਕੇ ਗਾਲਣ ਤੇ ਕਮਜ਼ੋਰ ਕਰਨ ਨੂੰ ਮਾੜਾ ਸਮਝਿਆ ਗਿਆ ਹੈ। ਸਰੀਰ ਨੂੰ ਮਰੀਅਲ ਟੱਟੂ ਵਰਗਾ ਬਣਾ ਕੇ ਧੂੰਹਦੇ ਫਿਰਨਾ ਕਿਸ ਅਰਥ ? ਜੇ ਸਰੀਰ ਮਜ਼ਬੂਤ ਤੇ ਅਰੋਗ ਹੋਵੇਗਾ, ਤਾਂ ਉਸ ਰਾਹੀਂ ਅਸੀਂ ਸੇਵਾ ਵੀ ਵਧੀਕ ਕਰ ਸਕਾਂਗੇ ਤੇ ਸਿਮਰਨ ਵਿਚ ਵੀ ਚਿੱਤ ਜੋੜ ਸਕਾਂਗੇ। ਰੋਗਾਂ ਮਾਰਿਆ ਸਰੀਰ ਕੀ ਸਿਮਰਨ ਕਰੇਗਾ ਤੇ ਕੀ ਸੇਵਾ ਵਿੱਚ ਹਿੱਸਾ ਲਏਗਾ ? ਚੰਗੀਆਂ ਆਦਤਾਂ, ਚੰਗੀ ਖ਼ੁਰਾਕ, ਚੰਗਾ ਰਹਿਣ-ਸਹਿਣ, ਸਫ਼ਾਈ, ਇਸ਼ਨਾਨ ਤੇ ਕਸਰਤ ਆਦਿਕ ਦੇ ਨੇਮਾਂ ਨਾਲ ਹੀ ਅਸੀਂ ਅਰੋਗ ਸਰੀਰ ਦੇ ਧਾਰਨੀ ਹੋ ਸਕਦੇ ਹਾਂ। ਕਾਮ ਤੇ ਕਰੋਧ ਕਾਇਆਂ ਨੂੰ ਗਾਲਦੇ ਹਨ। ਅੰਦਰੋਂ ਤੇ ਬਾਹਰੋਂ ਨਿਰਮਲ ਰਹਿਣਾ ਜ਼ਰੂਰੀ ਹੈ। ਇਸ਼ਨਾਨ ਸ਼ਰੀਰ ਨੂੰ ਸਾਵਧਾਨ ਤੇ ਚੁਸਤ ਰੱਖਦਾ ਹੈ। ਇਹਨਾਂ ਰਾਹੀਂ ਸਰੀਰ ਅਰੋਗ ਅਤੇ ਬਲਵਾਨ ਰੱਖ ਕੇ ਹੀ ਸੇਵਾ ਸਿਮਰਨ ਦੇ ਰਸਤੇ ਤੁਰਨ ਦੀ ਤਾਕੀਦ ਕੀਤੀ ਗਈ ਹੈ।

ਸਰੀਰਕ ਕਸਰਤ ਸਰੀਰ ਨੂੰ ਅਰੋਗ ਰੱਖਣ ਤੇ ਇਸ ਨੂੰ ਮਜ਼ਬੂਤ ਬਣਾਉਣ ਵਿੱਚ ਬਹੁਤ ਸਹਾਈ ਹੁੰਦੀ ਹੈ। ਗੁਰੂ ਅੰਗਦ ਦੇਵ ਜੀ ਨੇ ਇਸੇ ਆਸ਼ੇ ਨਾਲ ਖਡੂਰ ਸਾਹਿਬ ਵਿਖੇ ਮੱਲ ਅਖਾੜਾ ਕਾਇਮ ਕੀਤਾ। ਉੱਥੇ ਰੋਜ਼ਾਨਾ ਗੁਰੂ ਜੀ ਆਪਣੇ ਸਿੱਖਾਂ ਨੂੰ ਅਤੇ ਖਾਸ ਕਰ ਕੇ ਬੱਚਿਆਂ ਨੂੰ ਕੁਸ਼ਤੀਆਂ ਕਰਵਾਉਂਦੇ ਸਨ। ਸਵੇਰੇ ਦੇ ਦੀਵਾਨ ਪਿੱਛੋਂ ਮੱਲ ਅਖਾੜੇ ਵਿੱਚ ਰੋਜ਼ਾਨਾ ਕਸਰਤ ਕੀਤੀ ਜਾਂਦੀ ਸੀ। ਕੁਝ ਲਿਖਾਰੀਆਂ ਦੀ ਲਿਖਤ ਮੁਤਾਬਕ ਗੁਰਮਤਿ ਪ੍ਰਚਾਰ ਦੇ ਹਰ ਕੇਂਦਰ ਨਾਲ ਘੋਲ ਘੁਲਣ ਤੇ ਕਸਰਤ ਕਰਨ ਲਈ ਅਖਾੜੇ ਸਨ। ਸਿੱਖਾਂ ਵਿੱਚ ਸਰੀਰਕ ਮਜ਼ਬੂਤੀ, ਕਰੜਾਈ, ਸਿਪਾਹੀ-ਗਿਰੀ ਦੀ ਲਾਜੁਆਬ ਕਾਬਲੀਅਤ ਤੇ ਫੌਜੀ ਟਾਕਰੇ ਦਾ ਜੋ ਅਥਾਹ ਬਲ ਮਗਰਲੇ ਇਤਿਹਾਸ ਵਿੱਚ ਨਜ਼ਰੀਂ ਪੈਂਦਾ ਹੈ, ਉਸ ਸਭ ਕਾਸੇ ਦੀਆਂ ਆਰੰਭਿਕ ਜਮਾਤਾਂ ਮੱਲ ਅਖਾੜਾ ਹੀ ਸੀ।

ਮਨ ਦੀ ਮਜ਼ਬੂਤੀ ਲਈ ਬਾਣੀ ਤੇ ਸਤਿਸੰਗ ਵੱਡੇ ਸਾਧਨ ਸਨ, ਪਰ ਮਜ਼ਬੂਤ ਮਨ ਦੇ ਟਿਕਣ ਲਈ ਮਜ਼ਬੂਤ ਸਰੀਰ ਦੀ ਸਿਰਜਨਾ ਸਰੀਰਕ ਕਸਰਤ ਨਾਲ ਹੀ ਹੋ ਸਕਦੀ ਹੈ।

### *ਜੰਗਾਂ ਯੁੱਧਾਂ ਵਿਚ ਜੂਝਣ ਬਾਰੇ ਮਾਲੂ ਸ਼ਾਹ ਨੂੰ ਉਪਦੇਸ਼*

ਗੁਰੂ ਅੰਗਦ ਦੇਵ ਜੀ ਦਾ ਇੱਕ ਸਿੱਖ ਮਾਲੂ ਸ਼ਾਹ, ਜੋ ਫੌਜੀ ਜੀਵਨ ਦਾ ਧਾਰਨੀ ਸੀ, ਇਕੇਰਾਂ ਗੁਰੂ ਸਾਹਿਬ ਕੋਲ ਆਪਣੀ ਸ਼ੰਕਾ ਨਵਿਰਤੀ ਲਈ ਆਇਆ। ਭਜਨ-ਬੰਦਗੀ ਸੰਬੰਧੀ ਵਿਚਾਰ ਸੁਣ-ਸੁਣ ਕੇ ਉਸ ਦੇ ਮਨ ਵਿਚ ਤੌਖ਼ਲਾ ਪੈਦਾ ਹੋ ਗਿਆ ਕਿ ਫ਼ੌਜੀ ਜੀਵਨ ਵਿਚ ਸਿਰਫ਼ ਪਾਪ ਹੀ ਪਾਪ ਹੈ।

ਗੁਰੂ ਜੀ ਨੇ ਮਾਲੂ ਸ਼ਾਹ ਨੂੰ ਇਸ ਬਾਰੇ ਜ਼ਰੂਰੀ ਗੱਲਾਂ ਸਮਝਾ ਕੇ ਆਪਣੀ ਫ਼ੌਜੀ ਜਿੰਦਗੀ ਵਿਚ ਉਤਸ਼ਾਹ ਨਾਲ ਧਰਮ ਕਮਾਉਣ ਦੀ ਪ੍ਰੇਰਨਾ ਕੀਤੀ। ਆਪ ਨੇ ਫ਼ੁਰਮਾਇਆ ਕਿ ਲੜਾਈ ਕਿਸੇ ਉੱਤੇ ਜ਼ੋਰ, ਧੱਕਾ, ਜ਼ੁਲਮ ਜਾਂ ਅਤਿਆਚਾਰ ਕਰਨ ਲਈ ਨਹੀਂ ਲੜੀ ਜਾਣੀ ਚਾਹੀਦੀ। ਧਰਮੀ ਬੰਦੇ ਨੇ ਜੰਗ, ਧਰਮ ਦੀ ਰਾਖੀ ਲਈ, ਗਰੀਬ ਮਜ਼ਲੂਮ ਦੀ ਸਹਾਇਤਾ ਲਈ ਤੇ ਜ਼ੁਲਮ ਕਰਨ ਵਾਲਿਆਂ ਨੂੰ ਜ਼ੁਲਮ ਤੋਂ ਹੋੜਨ ਲਈ ਲੜਨੀ ਹੈ। ਜਤਨ ਕਰਨਾ ਚਾਹੀਦਾ ਹੈ ਕਿ ਧਰਮ ਵਿਰੋਧੀ ਤੱਤ, ਬਿਨਾਂ ਜੰਗ ਦੇ, ਪ੍ਰੇਮ ਪਿਆਰ ਨਾਲ ਸਮਝ ਸਕੇ ਤੇ ਦੂਜਿਆਂ ਤੇ ਜ਼ੋਰ, ਧੱਕਾ 'ਤੇ ਜ਼ੁਲਮ ਤੋਂ ਹਟ ਜਾਏ। ਪਰ ਜੇ ਦੁਸ਼ਟ ਪ੍ਰੇਮ-ਪਿਆਰ ਤੇ ਦਲੀਲ ਨਾਲ ਗਲਤ ਰਾਹ ਤਿਆਗਣ ਲਈ ਤਿਆਰ ਨਾ ਹੋਵੇ, ਤਾਂ ਧਰਮੀ ਬੰਦੇ ਨੂੰ ਪੂਰਨ ਉਤਸ਼ਾਹ ਨਾਲ ਨਿਸੰਗ ਹੋ ਕੇ ਦੁਸ਼ਟ ਤੇ ਧਰਮ-ਵਿਰੋਧੀ ਨਾਲ ਜੂਝ ਜਾਣਾ ਚਾਹੀਦਾ ਹੈ। ਫਿਰ, ਜੂਝਣ ਵੇਲੇ ਨਤੀਜੇ ਦੀ ਪ੍ਰਵਾਹ ਨਾ ਕਰੇ ਤੇ ਜਾਨ ਤਲੀ ਤੇ ਧਰ ਕੇ ਦੁਸ਼ਟ ਤੋਂ ਹਥਿਆਰ ਛੁਡਾ ਕੇ ਹੀ ਦਮ ਲਵੇ। ਹੋਰ ਹੀਲਿਆਂ ਨਾਲ ਜਦ ਦੁਸ਼ਟ ਰਾਹ ਤੇ ਨਾ ਆਵੇ ਤਾਂ ਉਸ ਉੱਤੇ ਸ਼ਸਤਰ ਪ੍ਰਹਾਰ ਕਰਨਾ ਪਾਪ ਨਹੀਂ, ਬਲਕਿ ਧਰਮ ਦਾ ਕੰਮ ਹੈ। ਸ਼ਸਤਰ-ਵਿੱਦਿਆ ਦਾ ਅਭਿਆਸ ਕਰਨਾ ਤੇ ਸਰੀਰ ਨੂੰ ਬਲਵਾਨ ਬਣਾ ਕੇ ਰੱਖਣਾ ਇਸ ਲਈ ਜ਼ਰੂਰੀ ਹੈ ਤਾਂ ਕਿ ਲੋੜ ਪੈਣ ਤੇ ਧਰਮ ਦੀ ਰਾਖੀ ਕੀਤੀ ਜਾ ਸਕੇ ਤੇ ਗਰੀਬ, ਮਜ਼ਲੂਮ ਤੇ ਨਿਤਾਣੇ ਨੂੰ ਦੁਸ਼ਟ ਦੇ ਧੱਕੇ ਤੋਂ ਬਚਾਇਆ ਜਾ ਸਕੇ। ਅਸਲ ਪਾਪ ਤਾਂ ਇਹ ਬਣ ਜਾਂਦਾ ਹੈ ਜਦ ਮਨੁੱਖ ਕਮਜ਼ੋਰ ਤੇ ਬੁਜ਼ਦਿਲ ਹੋਵੇ। ਧਰਮ ਅਤੇ ਸੂਰਬੀਰਤਾ ਦਾ ਤਾਂ ਚੰਗਾ ਸੁਮੇਲ ਬਣਦਾ ਹੈ।

### *ਹਮਾਯੂੰ ਬਾਦਸ਼ਾਹ ਦੀ ਗੁਰੂ ਅੰਗਦ ਦੇਵ ਜੀ ਨਾਲ ਮੁਲਾਕਾਤ*

"ਮਹਿਮਾ ਪ੍ਰਕਾਸ਼", "ਸੂਰਜ ਪ੍ਰਕਾਸ਼", ਤਾਰੀਖ-ਇ-ਪੰਜਾਬ" (ਕਨ੍ਹਈਆ ਲਾਲ ਦੀ) ਵਿਚ ਤੇ ਸੀਨੇ-ਬਸੀਨੇ ਚਲਣ ਵਾਲੀਆਂ ਸਿੱਖ ਰਵਾਇਤਾਂ ਵਿਚ ਹਮਾਯੂੰ ਬਾਦਸ਼ਾਹ ਦੀ ਗੁਰੂ ਅੰਗਦ ਦੇਵ ਜੀ ਨਾਲ ਹੋਈ ਮੁਲਾਕਾਤ ਦਾ ਜ਼ਿਕਰ ਆਉਂਦਾ ਹੈ।

ਸਿੱਖ ਰਵਾਇਤ ਅਨੁਸਾਰ ਹਮਾਯੂੰ, ਸ਼ੇਰਸ਼ਾਹ ਸੂਰੀ ਤੋਂ ਕਨੌਜ ਦੇ ਜੰਗ ਵਿਚ ਆਖ਼ਰੀ

ਹਾਰ ਖਾ ਕੇ ਆਗਰੇ ਤੋਂ ਨੱਸ ਜਾਣ ਤੇ ਮਜ਼ਬੂਰ ਹੋਇਆ। ਸੁਲਤਾਨਪੁਰ ਅੱਪੜ ਕੇ ਉਸ ਦੇ ਮਨ ਵਿਚ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਖਡੂਰ ਸਾਹਿਬ ਦੀ ਹਾਜ਼ਰੀ ਭਰਨ ਦੀ ਖਾਹਿਸ਼ ਪੈਦਾ ਹੋਈ ਤਾਂ ਕਿ ਸਤਿਗੁਰਾਂ ਦੇ ਦਰਸ਼ਨ ਕਰ ਕੇ ਰਾਜ-ਭਾਗ ਦੁਬਾਰਾ ਹਾਸਲ ਕਰਨ ਲਈ ਅਸ਼ੀਰਵਾਦ ਪ੍ਰਾਪਤ ਕੀਤੀ ਜਾ ਸਕੇ।

ਉਸ ਜ਼ਮਾਨੇ ਵਿਚ ਸ਼ਾਹੀ ਸੜਕ ਖਡੂਰ ਸਾਹਿਬ ਦੇ ਨੇੜਿਓਂ ਹੀ ਲੰਘਦੀ ਸੀ। ਸੰਨ 1540 ਵਿਚ ਜਦ ਹਮਾਯੂੰ ਆਪਣੇ ਫ਼ੌਜੀ ਦਸਤੇ ਸਮੇਤ ਖਡੂਰ ਸਾਹਿਬ ਪੁੱਜਿਆ ਤਾਂ ਗੁਰੂ ਅੰਗਦ ਦੇਵ ਜੀ ਉਸ ਸਮੇਂ ਬੱਚਿਆਂ ਦੀਆਂ ਕੁਸ਼ਤੀਆਂ ਕਰਵਾ ਰਹੇ ਸਨ। ਹਮਾਯੂੰ ਦੇ ਆਉਣ ਦੇ ਬਾਵਜੂਦ ਆਪ ਆਪਣੇ ਕੰਮ ਵਿਚ ਮਸਰੂਫ ਰਹੇ। ਵੈਸੇ ਵੀ ਗੁਰੂ ਅੰਗਦ ਦੇਵ ਜੀ ਸੁਤੰਤਰ ਤਬੀਅਤ ਦੇ ਮਾਲਕ ਸਨ ਤੇ ਸਦਾ ਰੱਬ ਨਾਲ ਜੁੜੇ ਰਹਿਣ ਕਾਰਨ ਬੇ-ਪ੍ਰਵਾਹ ਸਨ। ਹਮਾਯੂੰ ਨੇ ਇਸ ਵਿਚ ਆਪਣੀ ਤੌਹੀਨ ਮਹਿਸੂਸ ਕੀਤੀ ਤੇ ਗੁੱਸੇ ਵਿਚ ਆ ਕੇ ਉਸ ਦਾ ਹੱਥ ਤਲਵਾਰ ਦੀ ਮੁੱਠ ਤੇ ਚਲਾ ਗਿਆ। ਗੁਰੂ ਅੰਗਦ ਦੇਵ ਜੀ ਨੇ ਬੜੀ ਨਿਰਭੈਤਾ ਤੇ ਦਲੇਰੀ ਨਾਲ ਹਸਦੇ ਹੋਏ ਫ਼ੁਰਮਾਇਆ, "ਜਦੋਂ ਮੈਦਾਨੇ ਜੰਗ ਵਿਚ ਤੈਨੂੰ ਸ਼ੇਰ-ਸ਼ਾਹ-ਸੂਰੀ ਦੇ ਮੁਕਾਬਲੇ ਤਲਵਾਰ ਚਲਾਉਣ ਦੀ ਲੋੜ ਸੀ, ਉਸ ਵੇਲੇ ਤਾਂ ਤੂੰ ਤਲਵਾਰ ਚਲਾ ਨਹੀਂ ਸਕਿਆ ਤੇ ਹੁਣ ਫਕੀਰਾਂ ਦਰਵੇਸ਼ਾਂ ਤੇ ਤਲਵਾਰ ਚਲਾਉਣਾ ਚਾਹੁੰਦਾ ਹੈਂ।" ਹਮਾਯੂੰ ਇਹਨਾਂ ਬਚਨਾਂ ਤੇ ਬਹੁਤ ਸ਼ਰਮਿੰਦਾ ਹੋਇਆ ਤੇ ਉਸ ਨੇ ਆਪਣੀ ਭੁੱਲ ਬਖਸ਼ਵਾਈ। ਗੁਰੂ ਜੀ ਨੇ ਉਸ ਨੂੰ ਸਬਰ-ਸੰਤੋਖ ਵਿਚ ਰਹਿ ਕੇ ਖ਼ੁਦਾ ਦੀ ਟੇਕ ਲੈਣ ਦਾ ਉਪਦੇਸ਼ ਦਿਤਾ।

### *ਸ਼ਰਾਬ ਆਦਿ ਨਸ਼ਿਆਂ ਤੋਂ ਵਰਜਣਾ ਤੇ ਚੌਧਰੀ ਮਲੂਕਾ*

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਸਿੱਧਾ ਸਾਦਾ ਤੇ ਆਦਰਸ਼ਕ ਜੀਵਨ ਢੰਗ ਲੋਕਾਂ ਸਾਹਮਣੇ ਰੱਖਿਆ। ਲੋਕਾਂ ਨੂੰ ਸ਼ਰਾਬ ਆਦਿਕ ਨਸ਼ਿਆਂ ਤੋਂ ਵਰਜਿਆ। ਇਹ ਨਸ਼ਾ ਸੇਹਤ ਲਈ ਅਤੀ ਹਾਨੀਕਾਰਕ ਹੈ ਅਰ ਕਈ ਕਿਸਮ ਦੇ ਰੋਗਾਂ ਦਾ ਜਨਮ-ਦਾਤਾ ਤੇ ਪ੍ਰੇਰਕ ਹੈ। ਆਤਮਿਕ ਉਨਤੀ ਦੇ ਰਾਹ ਪੈਣ ਵਿਚ ਇਹ ਨਸ਼ਾ ਭਾਰੀ ਰੁਕਾਵਟ ਖੜ੍ਹੀ ਕਰਦਾ ਹੈ। ਇਹ ਨਸ਼ਾ ਕਰਨ ਨਾਲ ਮੱਤ ਮਾਰੀ ਜਾਂਦੀ ਹੈ ਤੇ ਜੋਗ-ਅਜੋਗ ਜਾਂ ਚੰਗੇ-ਮੰਦੇ ਦੀ ਤਮੀਜ਼ ਨਹੀਂ ਰਹਿੰਦੀ। ਭੈੜੀ ਸੁਹਬਤ ਇਸ ਨਸ਼ੇ ਲਈ ਪ੍ਰੇਰਨਾ ਕਰਨ ਤੇ ਇਸ ਨੂੰ ਸੁਭਾਅ ਦਾ ਅੰਗ ਬਣਾ ਕੇ ਪੱਕਾ ਕਰਨ ਦਾ ਇਕ ਵੱਡਾ ਕਾਰਨ ਬਣਦੀ ਹੈ।

ਖਡੂਰ ਸਾਹਿਬ ਵਿਖੇ ਗੁਰੂ ਦਰਬਾਰ ਦੀ ਸੰਗਤ ਵਿਚ ਰਹਿਣ ਵਾਲੇ ਬੀਬੀ ਵਿਰਾਈ ਦੇ ਪਤੀ ਚੌਧਰੀ ਮਹਿਮੇ ਨੇ ਗੁਰੂ ਉਪਦੇਸ਼ ਰਾਹੀਂ ਆਪਣਾ ਜੀਵਨ ਉੱਚਾ-ਸੁੱਚਾ ਤੇ ਪਵਿੱਤਰ ਬਣਾ ਲਿਆ। ਚੰਗੀ ਸੰਗਤ ਵਿਚ ਰਹਿਣ ਕਾਰਣ ਖਡੂਰ ਸਾਹਿਬ ਦੇ ਚੌਧਰੀ ਤਖ਼ਤ ਮੱਲ ਖਹਿਰੇ ਨੇ ਅਤਿ ਪਵਿੱਤਰ ਸਿੱਖੀ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿਤਾ ਤੇ ਆਪਣੇ ਮਨ ਵਿਚ ਸਿੱਖ ਸੰਗਤਾਂ ਦੀ ਸੇਵਾ ਲਈ ਚਾਅ ਤੇ ਉਤਸ਼ਾਹ ਪੈਦਾ ਕਰ

ਲਿਆ। ਚੌਧਰੀ ਤਖ਼ਤ ਮੱਲ ਗੁਰੂ ਕੇ ਲੰਗਰ ਵਿਚ ਨਿੱਤ ਦੁੱਧ ਪੁਚਾਉਣ ਦੀ ਸੇਵਾ ਕਰਨ ਦੇ ਨਾਲ ਆਏ-ਗਏ ਪਰਦੇਸੀ ਸਿੱਖਾਂ ਦੀ ਸੇਵਾ-ਸੰਭਾਲ ਕਰਨਾ ਆਪਣੇ ਉੱਚੇ ਭਾਗ ਸਮਝਦਾ ਸੀ।

ਉਪਰੋਕਤ ਚੌਧਰੀਆਂ ਦੀ ਰਿਸ਼ਤੇਦਾਰੀ ਵਿਚ ਹੀ ਚੌਧਰੀ ਮਲੂਕਾ ਸੀ ਜੋ ਖਡੂਰ ਸਾਹਿਬ ਦੇ ਯੋਗੀ ਦੀ ਸੰਗਤ ਕਰਦਾ ਸੀ। ਤਵਾਰੀਖ ਖਾਲਸਾ ਨੇ ਇਸਦਾ ਨਾਮ ਮਲੂਕਾ ਦਿੱਤਾ ਹੈ ਜਦ ਕਿ 'ਸਵਾਨਿ ਉਮਰੀ ਗੁਰੂ ਅੰਗਦ ਦੇਵ ਜੀ' ਵਿਚ ਇਸ ਦਾ ਨਾਮ ਜਵਾਹਰ ਮੱਲ ਲਿਖਿਆ ਹੈ। ਜਿਥੇ ਸਿੱਖ ਮੱਤ ਨਸ਼ਿਆਂ ਤੋਂ ਵਰਜਦਾ ਹੈ ਉਥੇ ਯੋਗੀ ਸ਼ਰਾਬ ਆਦਿ ਨਸ਼ਿਆਂ ਨੂੰ ਬਿਰਤੀ ਇਕਾਗਰ ਕਰਨ ਦਾ ਸਾਧਨ ਦਸਦੇ ਸਨ ਤੇ ਆਪ ਪੁਠੇ ਰਾਹੇ ਪੈ ਕੇ ਲੋਕਾਂ ਨੂੰ ਵੀ ਪੁਠੇ ਰਾਹੇ ਪਾਂਦੇ ਸਨ। ਸ਼ਰਾਬੀ ਜੋਗੀ ਦੀ ਕੁਸੰਗਤ ਨੇ ਮਲੂਕੇ ਨੂੰ ਨਸ਼ਿਆਂ ਦਾ ਆਦੀ ਬਣਾ ਦਿੱਤਾ। ਮਲੂਕਾ ਸਰੀਰਕ ਤੌਰ ਤੇ ਰੋਗੀ ਹੋ ਗਿਆ। ਕਈ ਰੋਗ ਲਗ ਗਏ। ਮਿਰਗੀ ਦੇ ਦੌਰੇ ਪੈਣੇ ਸ਼ੁਰੂ ਹੋ ਗਏ। ਕੋਈ ਇਲਾਜ ਕਾਰਗਾਰ ਸਾਬਤ ਨਾ ਹੋਇਆ। ਚੌਧਰੀ ਮਲੂਕਾ ਉਂਝ ਗੁਰੂ ਘਰ ਦਾ ਵਿਰੋਧੀ ਸੀ ਪਰ ਮਿਰਗੀ ਤੋਂ ਬਹੁਤ ਦੁਖੀ ਹੋ ਕੇ ਆਪਣੇ ਸਾਕ-ਸੰਬੰਧੀਆਂ ਦਾ ਪ੍ਰੇਰਿਆ ਹੋਇਆ ਗੁਰੂ ਅੰਗਦ ਦੇਵ ਜੀ ਪਾਸ ਆ ਹਾਜ਼ਰ ਹੋਇਆ। ਗੁਰੂ ਜੀ ਨੇ ਸ਼ਰਾਬ ਪੂਰਨ ਤੌਰ ਤੇ ਛੱਡ ਕੇ ਇਲਾਜ ਕਰਾਉਣ ਦਾ ਉਪਦੇਸ਼ ਦਿੱਤਾ। ਮਿਰਗੀ ਦੇ ਦੌਰੇ ਪੈਣੋਂ ਹਟ ਗਏ। ਦਿਲੋਂ ਮਨੋਂ ਤਾਂ ਇਹ ਸ਼ਰਾਬੀ ਜੋਗੀ ਦਾ ਸ਼ਰਧਾਲੂ ਸੀ ਤੇ ਗੁਰੂ ਘਰ ਦਾ ਵਿਰੋਧੀ ਸੀ। ਕੁਝ ਦਿਨਾਂ ਪਿਛੋਂ ਫਿਰ ਆਪਣੀ ਅਸਲ ਥਾਂ ਤੇ ਪੁੱਜ ਗਿਆ। ਜੋਗੀ ਦੀ ਭੈੜੀ ਸੁਹਬਤ ਨੇ ਫਿਰ ਪੁਰਾਣਾ ਝੱਸ ਜਗਾ ਦਿਤਾ। ਮਲੂਕਾ ਸ਼ਰਾਬ ਪੀ ਕੇ ਆਪਣੇ ਮਕਾਨ ਦੀ ਛੱਤ ਤੇ ਚੜ੍ਹਿਆ ਤੇ ਗਾਲੀ-ਗਲੋਚ ਬਕਣ ਲਗਾ। ਮਿਰਗੀ ਨੇ ਆ ਦਬੋਚਿਆ ਤੇ ਮਕਾਨ ਦੀ ਛੱਤ ਤੋਂ ਗਿਰ ਕੇ ਚੌਧਰੀ ਮਲੂਕਾ ਕਾਲ-ਗ੍ਰਾਸ ਹੋ ਗਿਆ।

ਭੈੜੀ ਸੁਹਬਤ ਵਿਚ ਭੈੜੀਆਂ ਆਦਤਾਂ ਪੈ ਜਾਂਦੀਆਂ ਹਨ ਤੇ ਇਹ ਆਦਤਾਂ ਸਹਿਜੇ-ਸਹਿਜੇ ਪੱਕ ਕੇ ਸੁਭਾਅ ਹੀ ਬਣ ਜਾਂਦੀਆਂ ਹਨ। ਇਹਨਾਂ ਭੈੜੀਆਂ ਆਦਤਾਂ ਨੂੰ ਛਡਣਾ ਹੀ ਔਖਾ ਹੋ ਜਾਂਦਾ ਹੈ। ਛੱਡਣ ਦਾ ਯਤਨ ਕਈ ਵਾਰੀ ਇਸ ਕਰਕੇ ਬੇਕਾਰ ਹੋ ਜਾਂਦਾ ਹੈ ਕਿ ਮਾੜੀ ਸੁਹਬਤ ਫਿਰ ਪੱਕੇ ਹੋਏ ਮਾੜੇ ਸੰਸਕਾਰ ਜਗਾ ਦਿੰਦੀ ਹੈ। ਸ਼ਾਇਦ ਇਹੋ ਜਿਹੀਆਂ ਘਟਨਾਵਾਂ ਦੇਖ ਕੇ ਹੀ ਗੁਰੂ ਅਮਰਦਾਸ ਜੀ ਨੇ ਗੁਰੂਆਈ ਦੀ ਜ਼ਿੰਮੇਵਾਰੀ ਸੰਭਾਲਣ ਦੇ ਦੌਰਾਨ ਆਪਣੇ ਸਿੱਖਾਂ ਪ੍ਰਤੀ ਹੇਠ ਲਿਖਿਆ ਸਲੋਕ ਉਚਾਰ ਕੇ ਸ਼ਰਾਬ ਆਦਿਕ ਨਸ਼ਿਆਂ ਤੋਂ ਸਖ਼ਤੀ ਨਾਲ ਵਰਜਿਆ ਸੀ :

ਮਾਣਸੁ ਭਰਿਆ ਆਣਿਆ, ਮਾਣਸੁ ਭਰਿਆ ਆਇ ॥
ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ ॥

ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ ॥
ਨਾਨਕ ਨਦਰੀ ਸਚੁ ਮਦੁ ਪਾਈਐ, ਸਤਿਗੁਰੁ ਮਿਲੈ ਜਿਸੁ ਆਇ ॥
ਸਦਾ ਸਾਹਿਬ ਕੈ ਰੰਗਿ ਰਹੈ, ਮਹਲੀ ਪਾਵੈ ਥਾਉ ॥ *(੫੫੪)*

## *ਦੁਨਿਆਵੀ ਵਡਿਆਈਆਂ ਦਾ ਮਾਣ ਤੇ ਚੌਧਰੀ ਬਖਤਾਵਰ*

ਸੰਨ 1547 ਦੇ ਕਰੀਬ ਗੁਰੂ ਅੰਗਦ ਦੇਵ ਜੀ ਨੇ ਮਾਲਵੇ ਦਾ ਇਕ ਛੋਟਾ ਜਿਹਾ ਪ੍ਰਚਾਰਕ ਦੌਰਾ ਕੀਤਾ। ਆਪਣੇ ਪੁਰਾਣੇ ਇਲਾਕੇ, ਮੱਤੇ ਦੀ ਸਰਾਂ ਆਦਿਕ ਤੋਂ ਹੋ ਕੇ ਪਿੰਡ ਹਰੀਕੇ ਆ ਪੁਜੇ। ਬਹੁਤ ਪਹਿਲੇ ਹਰੀਕੇ ਵਿੱਚ ਆਪ ਨੇ ਕੁਝ ਅਰਸਾ ਦੁਕਾਨਦਾਰੀ ਦਾ ਕੰਮ ਕੀਤਾ ਸੀ। ਇਥੋਂ ਦੇ ਲੋਕ ਇਸ ਕਾਰਨ ਵੈਸੇ ਵੀ ਆਪ ਦੇ ਚੰਗੇ ਜਾਣੂ ਸਨ।

ਇਥੋਂ ਦਾ ਮੁਖੀ ਚੌਧਰੀ ਬਖਤਾਵਰ ਸੀ। ਇਹ ਇਕ ਮਾਇਆਧਾਰੀ ਅਤੇ ਅਹੰਕਾਰੀ ਆਦਮੀ ਸੀ। 72 ਪਿੰਡਾਂ ਦਾ ਮਾਮਲਾ ਭਰਨ ਕਾਰਨ ਇਸ ਨੂੰ ਆਪਣੇ ਮਾਲੀ ਰੁਤਬੇ ਉਤੇ ਬਹੁਤ ਮਾਣ ਸੀ। ਉਹ ਮਾਇਆ ਦੇ ਮਾਣ ਨਾਲ ਮੱਤਾ ਹੋਇਆ ਗੁਰੂ ਜੀ ਨੂੰ ਮਿਲਣ ਲਈ ਆਇਆ। ਉਸ ਨੇ ਗੁਰੂ ਅੰਗਦ ਦੇਵ ਜੀ ਦੀ ਆਤਮਿਕ ਮਹਿਮਾ ਵੀ ਲੋਕਾਂ ਤੋਂ ਬਹੁਤ ਸੁਣ ਰਖੀ ਸੀ। ਉਸ ਦੇ ਅਹੰਕਾਰ ਭਰੇ ਰਵਈਏ ਨੂੰ ਸਿੱਖਾਂ ਨੇ ਉੱਕਾ ਹੀ ਨਾ-ਪਸੰਦ ਕੀਤਾ। ਉਹ ਮਾਇਕ ਰੁਤਬੇ ਕਾਰਨ ਆਪਣੇ ਆਪ ਨੂੰ ਆਤਮਿਕ ਜਗਤ ਵਿਚ ਚੌਧਰੀ ਸਮਝ ਬੈਠਾ ਸੀ। ਉਹ ਸੰਗਤ ਵਿਚ ਬੈਠੇ ਗਰੀਬ ਤੇ ਨੀਵੀਆਂ ਜਾਤਾਂ ਦੇ ਸਿੱਖਾਂ ਦੇ ਬਰਾਬਰ ਬੈਠਣ ਲਈ ਤਿਆਰ ਨਹੀਂ ਸੀ। ਉਹ ਕੇਵਲ ਮਾਇਆ ਦੀ ਬਹੁਤਾਇਤ ਕਾਰਨ ਆਪਣੇ ਆਪ ਨੂੰ ਵੱਡਾ ਸਮਝ ਰਿਹਾ ਸੀ।

ਗੁਰੂ ਜੀ ਨੇ ਉਸ ਨੂੰ ਬੜੇ ਪ੍ਰੇਮ ਨਾਲ ਸਮਝਾਇਆ ਕਿ ਇਹ ਦੁਨਿਆਵੀ ਮਾਣ ਕੂੜੇ ਹਨ ਤੇ ਇਹ ਦੁਨਿਆਵੀ ਮਾਣ ਤਾਂ ਸਗੋਂ ਭੱਠ ਪਾਉਣ ਲਾਇਕ ਹਨ, ਕਿਉਂਕਿ ਜਦ ਤਕ ਦੁਨਿਆਵੀ ਮਾਣ ਸਾਡੇ ਮਨ ਵਿਚ ਕਾਇਮ ਹਨ, ਉੱਚੀ ਆਤਮਿਕ ਅਵਸਥਾ ਪੈਦਾ ਹੋ ਹੀ ਨਹੀਂ ਸਕਦੀ ਤੇ ਨਾ ਹੀ ਅਸੀਂ ਪ੍ਰਮੇਸ਼ਰ ਦਾ ਨਾਮ ਸਿਮਰਨ ਕਰਨ ਵੱਲ ਹੀ ਲਗ ਸਕਦੇ ਹਾਂ। ਪ੍ਰਮੇਸ਼ਰ ਅੱਗੇ ਤਾਂ ਨਾ ਸਾਡਾ ਜਾਤ ਅਭਿਮਾਨ ਕੰਮ ਆ ਸਕਦਾ ਹੈ ਤੇ ਨਾ ਹੀ ਜ਼ੋਰ ਧੱਕੇ ਨਾਲ ਉਸ ਅੱਗੇ ਅਸੀਂ ਚੰਗੇ ਅਖਵਾ ਸਕਦੇ ਹਾਂ। ਚੰਗੇ ਤਾਂ ਅਸੀਂ ਤਦ ਹੀ ਅਖਵਾ ਸਕਦੇ ਹਾਂ ਜਦੋਂ ਪ੍ਰਮੇਸ਼ਰ ਸਾਡੀ ਚੰਗਿਆਈ ਨੂੰ ਪ੍ਰਵਾਨ ਕਰੇ। ਪ੍ਰਮੇਸ਼ਰ ਅੱਗੇ ਚੰਗੇ ਬਣਨ ਲਈ ਸਾਨੂੰ ਦਿਲੋਂ ਮਨੋਂ ਚੰਗਾ ਤੇ ਨੇਕ ਬਣਨਾ ਪਏਗਾ ਤੇ ਦੁਨਿਆਵੀ ਪ੍ਰਾਪਤੀਆਂ ਦਾ ਕੂੜਾ ਮਾਣ ਮਨ ਵਿਚੋਂ ਕੱਢਣਾ ਪਏਗਾ। ਚੌਧਰੀ ਬਖਤਾਵਰ ਮਾਣ ਛੱਡ ਕੇ ਗੁਰ-ਉਪਦੇਸ਼ ਦਾ ਧਾਰਨੀ ਹੋਇਆ ਤੇ ਸੰਗਤ ਦੀ ਸੇਵਾ ਕਰਨ ਲਗਿਆ।

ਮਾਇਆਧਾਰੀ ਲੋਕਾਂ ਕੋਲੋਂ ਅੱਜ ਕੱਲ ਦੇ ਤਿਜਾਰਤੀ ਰੁਚੀਆਂ ਵਾਲੇ ਸਾਧ ਤੇ ਦੇਹਧਾਰੀ-ਗੁਰੂ ਬੁਰੀ ਤਰ੍ਹਾਂ ਯਰਕਦੇ ਹਨ। ਉਹਨਾਂ ਦੀ ਮਾਇਕ ਤੇ ਹੰਕਾਰੀ ਬਿਰਤੀ ਨੂੰ ਨਿਰਰੱਥਕ ਤੇ ਹਾਨੀਕਾਰਕ ਦੱਸਣਾ ਤਾਂ ਕਿਤੇ ਰਿਹਾ, ਉਹਨਾਂ ਦੀ ਝੋਲੀ-ਚੁਕੀ ਕਰਦੇ

ਤੇ ਉਹਨਾਂ ਅੱਗੇ ਯਈ-ਯਈ ਕਰਦੇ ਫਿਰਦੇ ਹਨ। ਦਲੇਰੀ ਨਾਲ ਸੱਚ ਨੂੰ ਸੱਚ ਤੇ ਕੱਚ ਨੂੰ ਕੱਚ ਕਹਿਣ ਲਈ ਤਿਆਰ ਨਹੀਂ ਹੁੰਦੇ। ਜੈਸੇ-ਜੈਸੇ ਉਹਨਾਂ ਨੂੰ ਸ਼ਰਧਾਲੂ ਮਿਲਦੇ ਹਨ, ਵੈਸੇ-ਵੈਸੇ ਉਹ ਅਸੂਲ ਤੇ ਮਰਯਾਦਾਂ ਘੜਦੇ ਜਾਂਦੇ ਹਨ। ਗੰਗਾ ਗਏ ਗੰਗਾ ਰਾਮ ਤੇ ਜਮਨਾ ਗਏ ਜਮਨਾ ਦਾਸ ਨਾਮ ਧਰਨਾ ਉਹਨਾਂ ਦਾ ਰਾਮ-ਬਾਣ ਹੈ, ਜਿਸ ਨਾਲ ਉਹ ਆਪਣਾ ਸ਼ਿਕਾਰ ਮਾਰਦੇ ਹੀ ਰਹਿੰਦੇ ਹਨ। ਸਚਾਈ ਉੱਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ ਅਤੇ ਸਚਾਈ ਲਈ ਨਿਰਭੈ ਹੋ ਕੇ ਵਿਚਰਨਾ ਮਰਦਾਵੀਂ ਘਾਲ-ਘਾਲਣ ਵਾਲੇ ਗੁਰੂ ਅੰਗਦ ਪਾਤਸ਼ਾਹ ਦੇ ਹੀ ਹਿਸੇ ਆਉਂਦਾ ਹੈ।

### *ਰਜ਼ਾ ਵਿਚ ਰਾਜ਼ੀ ਰਹਿਣ ਦਾ ਉਪਦੇਸ਼*

ਖਡੂਰ ਤੋਂ ਤਿੰਨ ਕੁ ਮੀਲਾਂ ਦੀ ਦੂਰੀ ਤੇ ਭਾਈ ਜੀਵਾ ਤੇ ਉਸ ਦੀ ਸੁਪਤਨੀ ਜਿਵਾਈ ਵਸਦੇ ਸਨ। ਬੀਬੀ ਜਿਵਾਈ ਗੁਰੂ ਘਰ ਲਈ ਰੋਜ਼ ਖਿਚੜੀ ਤਿਆਰ ਕਰ ਕੇ ਲਿਆਉਂਦੀ ਸੀ। ਇਕ ਦਿਨ ਜ਼ੋਰ ਦੀ ਹਨੇਰੀ ਵਗਣ ਲੱਗੀ। ਹਨੇਰੀ ਕਾਰਨ ਅੱਗ ਬਾਲਣ ਅਤੇ ਖਿਚੜੀ ਤਿਆਰ ਕਰਨ ਵਿਚ ਮੁਸ਼ਕਲ ਪੇਸ਼ ਆਈ। ਬੀਬੀ ਜੀਵਾਈ ਨੇ ਪਰਮੇਸ਼ਰ ਅੱਗੇ ਅਰਦਾਸ ਕਰਨੀ ਸ਼ੁਰੂ ਕੀਤੀ ਕਿ ਹਨ੍ਹੇਰੀ ਹਟੇ ਤਾਂ ਕਿ ਖਿਚੜੀ ਪਕਾ ਕੇ ਲੰਗਰ ਵਿਚ ਭੇਜੀ ਜਾ ਸਕੇ।

ਗੁਰੂ ਅੰਗਦ ਦੇਵ ਜੀ ਨੂੰ ਜਦ ਇਹ ਪਤਾ ਲਗਿਆ ਕਿ ਬੀਬੀ ਜਿਵਾਈ ਪਰਮੇਸ਼ਰ ਦੀ ਰਜ਼ਾ ਨੂੰ ਰਾਜ਼ੀ ਹੋ ਕੇ ਮੰਨਣ ਦੀ ਥਾਵੇਂ ਉਸ ਦੇ ਉਲਟ ਸੋਚਦੀ ਰਹੀ ਹੈ ਤਾਂ ਆਪ ਨੇ ਬੜੇ ਪਿਆਰ ਨਾਲ ਬੀਬੀ ਨੂੰ ਰਜ਼ਾ ਵਾਲੇ ਗੁਰਮਤਿ ਸਿਧਾਂਤ ਉਤੇ ਦ੍ਰਿੜ੍ਹ ਕਰਵਾਇਆ। ਬੀਬੀ ਜਿਵਾਈ ਨੂੰ ਸਤਿਗੁਰਾਂ ਨੇ ਕਿਹਾ ਕਿ ਪੁੱਤਰੀ! ਪਰਮੇਸ਼ਰ ਜੋ ਕਰਦਾ ਹੈ, ਠੀਕ ਕਰਦਾ ਹੈ ਉਸ ਨੇ ਆਪਣੀ ਰਜ਼ਾ ਵਿਚ ਸੱਮੁਚੀ ਕੁਦਰਤ ਤੇ ਸ੍ਰਿਸ਼ਟੀ ਨੂੰ ਚਲਾਉਣਾ ਹੈ। ਪਰਮੇਸ਼ਰ ਦਾ ਪਿਆਰ ਹਿਰਦੇ ਵਿਚ ਵਸਾਉਣ ਲਈ ਜ਼ਰੂਰੀ ਹੈ ਕਿ ਅਸੀਂ ਉਸ ਦੀ ਰਜ਼ਾ ਨੂੰ ਸਦਾ ਖਿੜੇ ਮੱਥੇ ਮੰਨੀਏ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਦੀ ਬਾਣੀ ਵਿਚ, ਜੋ ਸਿੱਖਾਂ ਦੇ ਰੋਜ਼ਾਨਾ ਨਿਤਨੇਮ ਦੀ ਬਾਣੀ ਹੈ, ਰਜ਼ਾ ਸਬੰਧੀ ਚਾਰ ਵਾਰੀ ਇਹ ਪਵਿਤਰ ਸ਼ਬਦ ਦੁਹਰਾਏ ਹਨ :

> **"ਜੋ ਤੁਧੁ ਭਾਵੈ ਸਾਈ ਭਲੀ ਕਾਰ॥"**

ਫਿਰ, ਸਚਿਆਰ ਬਣਨ ਤੇ ਕੂੜ ਦੀ ਪਾਲ ਤੋੜਨ ਲਈ ਵੀ ਰਜ਼ਾ ਦੇ ਮਾਲਕ ਦੇ ਹੁਕਮ ਵਿਚ ਖੁਸ਼ੀ ਨਾਲ ਚਲਣ ਦੀ ਤਾਕੀਦ ਕੀਤੀ ਹੈ।

### *ਜਾਤ ਅਭਿਮਾਨ ਮਾਰਨ ਲਈ ਭਾਈ ਜੋਧ ਦੇਵਤੇ ਦਾ ਅਸਚਰਜ ਤਰੀਕਾ*

ਗੁਰੂ ਅੰਗਦ ਦੇਵ ਜੀ ਦੇ ਸਤਿਸੰਗ ਤੋਂ ਪ੍ਰਭਾਵਤ ਹੋ ਕੇ ਇਕੇਰਾਂ ਇਕ ਬ੍ਰਹਿਮਣ ਜੋਧ ਨੇ ਸਦਾ ਲਈ ਹੀ ਗੁਰੂ ਸਾਹਿਬ ਦੇ ਚਰਨਾਂ ਵਿਚ ਰਹਿ ਕੇ, ਜੀਵਨ ਸਫ਼ਲ ਕਰਨ

ਦਾ ਇਰਾਦਾ ਬਣਾ ਲਿਆ। ਉਹ ਅਤੀ ਪਵਿੱਤਰ ਜੀਵਨ ਦਾ ਧਾਰਨੀ ਅਤੇ ਉੱਚੇ ਆਚਾਰ ਵਿਹਾਰ ਦਾ ਪੁਰਖ ਸੀ। ਮਾਤਾ ਖੀਵੀ ਜੀ ਤੇ ਬੀਬੀ ਵਿਰਾਈ ਨੇ ਲੰਗਰ ਦਾ ਪ੍ਰਬੰਧ ਬਹੁਤ ਸੁਚੱਜਾ ਬਣਾ ਰਖਿਆ ਸੀ। ਚੌਧਰੀ ਤਖ਼ਤ ਮੱਲ ਤੋਂ ਇਲਾਵਾ ਪਿੰਡ ਦੇ ਕਈ ਜ਼ਿਮੀਦਾਰ ਦੁਧ, ਅੰਨ, ਦਾਲਾਂ ਆਦਿਕ ਦੀ ਸੇਵਾ ਕਰਦੇ ਸਨ। ਭਾਈ ਜੋਧ ਨੇ ਲੰਗਰ ਦੀ ਸੇਵਾ ਦੀ ਬਹੁਤੀ ਜ਼ਿਮੇਵਾਰੀ ਆਪਣੇ ਸਿਰ ਲੈ ਲਈ ਸੀ। ਉਹ ਬੜੀ ਸਫ਼ਾਈ ਨਾਲ ਲੰਗਰ ਤਿਆਰ ਕਰਨ ਤੋਂ ਲੈ ਕੇ, ਜੂਠੇ ਬਰਤਨ ਮਾਂਜਣ ਅਤੇ ਲੰਗਰ ਦੇ ਖਰਚੇ ਆਦਿਕ ਦਾ ਹਿਸਾਬ-ਕਿਤਾਬ ਵੀ ਰੱਖਣ ਦੀ ਸੇਵਾ ਕਰਦਾ ਸੀ। ਇਸ ਸਭ ਕਾਸੇ ਪਿਛੇ ਉਸ ਦੀ ਮਨਸਾ ਇਹ ਸੀ ਕਿ ਹਰ ਉੱਚੀ-ਨੀਵੀਂ ਜਾਤ ਦੇ ਬੰਦਿਆਂ ਦੀ ਸੇਵਾ ਕਰਕੇ ਆਪਣੇ ਮਨ ਵਿਚੋਂ ਜਾਤ-ਅਭਿਮਾਨ ਆਦਿਕ ਦੀਆਂ ਜਨਮ-ਜਨਮਾਂਤਰਾਂ ਦੀਆਂ ਮੈਲਾਂ ਨੂੰ ਧੋ ਸਕੇ। ਦਿਨ ਰਾਤ ਇਤਨੀ ਕਰੜੀ ਸੇਵਾ ਕਰਨ ਉਤੇ ਭੀ ਉਹ ਆਪਣਾ ਭਾਰ ਗੁਰੂ ਕੇ ਲੰਗਰ ਤੇ ਪਾਉਣਾ ਠੀਕ ਨਹੀਂ ਸੀ ਸਮਝਦਾ। ਸੰਗਤਾਂ ਦੇ ਲੰਗਰ ਛਕ ਚੁੱਕਣ ਪਿਛੋਂ ਉਹਨਾਂ ਦੇ ਜੂਠੇ ਬਰਤਨਾਂ ਵਿਚ ਬਚੀ ਜੂਠ ਨੂੰ ਬਿਲਕੁਲ ਗੁਪਤ ਤੌਰ ਤੇ ਕਿਸੇ ਕੋਨੇ ਵਿਚ ਬੈਠ ਕੇ ਛਕ ਲੈਂਦਾ। ਇਸ ਗੱਲ ਦੀ ਕਿਸੇ ਨੂੰ ਖ਼ਬਰ ਨਾ ਹੋਣ ਦਿੰਦਾ।

ਅਚਾਨਕ ਮਾਤਾ ਖੀਵੀ ਜੀ ਨੂੰ ਇਕ ਦਿਨ ਭਾਈ ਜੋਧ ਦੀ ਇਸ ਅਸਚਰਜ ਜਿਹੇ ਕਿਸਮ ਦੀ ਸਾਧਨਾ ਦਾ ਪਤਾ ਚਲ ਗਿਆ। ਮਾਤਾ ਜੀ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਪਾਸ ਪੁੱਜ ਗਏ। ਮਾਤਾ ਜੀ ਇਹ ਸਭ ਕੁਝ ਸਹਿ ਨਾ ਸਕੇ ਕਿ ਗੁਰੂ ਘਰ ਦਾ ਇਤਨਾ ਵੱਡਾ ਸੇਵਕ ਇਸ ਢੰਗ ਨਾਲ ਉਦਰ ਪੂਰਤੀ ਕਰੇ। ਗੁਰੂ ਅੰਗਦ ਦੇਵ ਜੀ ਨੇ ਭਾਈ ਜੋਧ ਨੂੰ ਆਪਣੇ ਪਾਸ ਬੁਲਾ ਭੇਜਿਆ। ਭਾਈ ਜੋਧ ਨੇ ਮਾਮਲੇ ਨੂੰ ਟਾਲਣ ਦੇ ਬਥੇਰੇ ਯਤਨ ਕੀਤੇ, ਪਰ ਗੁਰੂ ਜੀ ਨੇ ਉਸ ਦੀ ਪੇਸ਼ ਨਾ ਜਾਣ ਦਿੱਤੀ।

ਭਾਈ ਜੋਧ ਨੇ ਇਕ ਗੱਲ ਤਾਂ ਇਹ ਦੱਸੀ ਕਿ ਉਹ ਗੁਰੂ ਘਰ ਉਤੇ ਆਪਣਾ ਬੋਝ ਨਹੀਂ ਸੀ ਪਾਉਣਾ ਚਾਹੁੰਦਾ ਤੇ ਦੂਜੀ ਗੱਲ ਇਹ ਦੱਸੀ ਕਿ ਜਾਤ ਦਾ ਬ੍ਰਾਹਮਣ ਹੋਣ ਕਾਰਨ ਉਸ ਅੰਦਰ ਜਾਤ ਅਭਿਮਾਨ ਬਹੁਤ ਸੀ। ਗੁਰੂ ਘਰ ਦੇ ਉਪਦੇਸ਼ ਅਨੁਸਾਰ ਇਸ ਭਾਂਤ ਦੇ ਅਭਿਮਾਨ ਨੂੰ ਮਾਰਨ ਬਿਨਾ ਆਤਮਿਕ ਰਸ ਨਹੀਂ ਸੀ ਆ ਸਕਦਾ। ਇਹ ਸਭ ਸੋਚ ਕੇ ਉਹ ਲੰਗਰ ਵਿਚ ਹਰ ਨੀਵੇਂ-ਉਚੇ ਮਨੁਖ ਲਈ ਪ੍ਰਸਾਦ ਤਿਆਰ ਕਰਦਾ ਤੇ ਉਹਨਾਂ ਦੇ ਜੂਠੇ ਭਾਂਡੇ ਮਾਂਜਦਾ ਸੀ। ਭਾਈ ਜੋਧ ਦੇ ਵਿਚਾਰ ਅਨੁਸਾਰ ਜਾਤ-ਪਾਤ ਤੇ ਛੂਅ-ਛਾਤ ਦੇ ਭੂਤ ਨੂੰ ਪੂਰੀ ਤਰ੍ਹਾਂ ਮਨ ਵਿਚੋਂ ਕੱਢਣ ਵਾਸਤੇ ਉਹ ਸੰਗਤ ਵਿਚ ਆਏ ਹਰ ਉਚੇ-ਨੀਵੇਂ ਬੰਦੇ ਦੀ ਜੂਠ ਖਾਣ ਦਾ ਕੰਮ ਕਰ ਰਿਹਾ ਸੀ। ਆਤਮਿਕ ਰਾਹ ਦੇ ਇਕ ਸੱਚੇ ਰਾਹਗੀਰ ਦੀ ਇਹ ਸਾਧਨਾ ਸੱਚ-ਮੁੱਚ ਹੀ ਅਨੋਖੀ ਤੇ ਅਜੀਬ ਸੀ।

ਸਿੱਖ ਮੱਤ ਇਕ ਸਮਾਜਿਕ ਧਰਮ ਸੀ। ਭਾਈ ਜੋਧ ਦਾ ਆਸ਼ਾ ਚੰਗਾ ਹੋਣ ਦੇ ਬਾਵਜੂਦ ਸਤਿਗੁਰੂ ਅਜਿਹੀ ਮਰਯਾਦਾ ਨੂੰ ਆਪਣੇ ਸਿੱਖਾਂ ਲਈ ਪੂਰੀ ਤਰ੍ਹਾਂ ਅਢੁਕਵਾਂ ਸਮਝਦੇ ਸਨ। ਭਾਈ ਜੋਧ ਨੂੰ ਅੱਗੇ ਤੋਂ ਇਸ ਭਾਂਤ ਦੀ ਜੂਠ ਖਾਣ ਤੋਂ ਵਰਜਣ ਲਈ ਇਹ ਕਹਿ ਦਿਤਾ ਕਿ ਭਾਈ ਜੋਧ ਦੇਵਤਾ ਜੀ, ਹੁਣ ਤਾਂ ਤੁਹਾਡੇ ਮਨ ਵਿਚ ਤੇ ਸਰੀਰ

ਵਿਚ ਸੱਚਾ ਪ੍ਰਮੇਸ਼ਰ ਵਸਦਾ ਹੈ, ਇਸ ਲਈ ਇਸ ਗੱਲ ਨੂੰ ਮੁਖ ਰਖ ਕੇ ਸਰੀਰ ਨੂੰ ਜੂਠਾ ਅੰਨ ਦੇਣਾ ਬੰਦ ਕਰ ਦਿਉ, ਤੇ ਹੁਣ ਅੱਗੇ ਤੋਂ ਸੁੱਚਾ ਭੋਜਨ ਛਕੋ। ਕੁਝ ਵੀ ਹੋਵੇ, ਸਿੱਖ ਨੇ ਬ੍ਰਾਹਮਣਾਂ ਦੇ ਘਰ ਜੰਮ ਕੇ ਵੀ ਜਾਤ-ਅਭਿਮਾਨ ਵਰਗੇ ਵੱਡੇ ਦੋਸ਼ ਨੂੰ ਆਪਣੇ ਮਨ ਵਿਚੋਂ ਪੂਰੀ ਤਰ੍ਹਾਂ ਕੱਢ ਦਿਤਾ ਸੀ।

### *ਲੋਕ-ਦਿਖਾਵੇ ਦੀਆਂ ਰਸਮਾਂ ਤੋਂ ਸ਼ੀਹੇਂ ਉਪੱਲ ਨੂੰ ਵਰਜਣਾ*

ਸ਼ੀਹੇਂ ਉੱਪਲ, ਜਿਸ ਨੇ ਗੁਰੂ ਨਾਨਕ ਦੇਵ ਜੀ ਪਾਸੋਂ ਸਿੱਖੀ ਧਾਰਨ ਕੀਤੀ ਸੀ, ਦੇ ਘਰ ਪੁੱਤਰ ਜਨਮਿਆ। ਲੋਕ ਦਿਖਾਵੇ ਕਾਰਨ ਉਸ ਦੀ ਪਤਨੀ ਨੇ ਬਿਰਾਦਰੀ ਲਈ ਇਕ ਖੁਸ਼ੀ ਦਾ ਸਮਾਗਮ ਚਲਦੀ ਭੇਡ-ਚਾਲ ਅਧੀਨ ਕਰਨ ਦਾ ਫ਼ੈਸਲਾ ਕੀਤਾ। ਇਸ ਲਈ ਚਾਲੂ ਵਹਿਮਾਂ-ਭਰਮਾਂ ਭਰੇ ਵਿਸ਼ਵਾਸਾਂ ਅਧੀਨ ਮਰ ਚੁੱਕੇ ਬਜ਼ੁਰਗਾਂ ਦੀ ਪੂਜਾ ਦੇ ਨਾਮ ਤੇ ਉਸ ਨੇ ਸਾਰੀ ਬਿਰਾਦਰੀ ਨੂੰ ਬਕਰਿਆਂ ਦੀ ਕੁਰਬਾਨੀ ਦੇ ਕੇ ਉਹਨਾਂ ਦੇ ਮਾਸ ਨਾਲ ਭੋਜਨ ਦੇਣਾ ਸੀ।

ਗੁਰੂ ਅੰਗਦ ਦੇਵ ਜੀ ਨੇ ਸ਼ੀਹੇਂ ਨੂੰ ਲੋਕ-ਦਿਖਾਵੇ ਤੇ ਵਹਿਮਾਂ-ਭਰਮਾਂ ਦੇ ਇਸ ਕੁਕਰਮ ਨੂੰ ਕਰਨ ਤੋਂ ਵਰਜ ਦਿੱਤਾ ਤੇ ਖੁਸ਼ੀ ਦੇ ਇਸ ਸਮਾਗਮ ਨੂੰ ਸੰਗਤ ਬੁਲਾ ਕੇ ਮਨਾਉਣ ਦਾ ਹੁਕਮ ਦਿੱਤਾ। ਕੁਰਬਾਨੀ ਦੇ ਨਾਮ ਤੇ ਬੱਕਰਿਆਂ ਨੂੰ ਮਾਰ ਕੇ ਪੋਪ ਲੀਲ੍ਹਾ ਵਾਲੀ ਇਸ ਰੋਟੀ ਤੋਂ ਵਰਜ ਦਿੱਤਾ। ਅਜਿਹੇ ਸਮਾਗਮ ਪ੍ਰਵਾਰ ਵਿਚ ਸਿੱਖੀ ਪ੍ਰਪੱਕ ਕਰਨ ਦੇ ਆਸ਼ੇ ਨਾਲ ਹੋਣੇ ਚਾਹੀਦੇ ਹਨ।

ਭਾਈ ਵੀਰ ਸਿੰਘ ਜੀ ਮੁਤਾਬਕ-"ਇਥੇ ਤਾਈ ਇਹ ਵਰਜਣਾ ਸਿੱਖਾਂ ਵਿਚ ਹੁਣ ਤਕ ਕੰਮ ਕਰਦੀ ਹੈ ਕਿ ਗੁਰੂ ਕੇ ਲੰਗਰ ਵਿਚ ਮਾਸ ਪਕਾਉਣ ਦੀ ਆਗਿਆ ਨਹੀਂ ਕਿਉਂਕਿ ਲਿਖਿਆ ਹੈ ਕਿ ਗੁਰੂ ਕੇ ਲੰਗਰ ਦਾ ਸਭ ਕੋਈ ਅਧਿਕਾਰੀ ਹੈ। ਮਾਸ ਪੱਕੇ ਤਾਂ ਸਭ ਕੋਈ ਲੰਗਰੋਂ ਪ੍ਰਸਾਦ ਦਾ ਅਧਿਕਾਰੀ ਨਹੀਂ ਰਹਿੰਦਾ, ਕੇਵਲ ਮਾਸਾਹਾਰੀ ਹੀ ਛਕਣਗੇ। ਇਹ ਵਿਤਕਰਾ ਗੁਰੂ ਘਰ ਵਿਚ ਵਿਹਤ (ਪ੍ਰਵਾਨ) ਨਹੀਂ।"

### *ਕੁਝ ਹੋਰ ਮੁਲਾਕਾਤਾਂ ਤੇ ਉਪਦੇਸ਼*

ਇਕੇਰਾਂ ਜੋਗੀਆਂ ਦੀ ਇਕ ਮੰਡਲੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਲਈ ਖਡੂਰ ਸਾਹਿਬ ਪੁੱਜੀ। ਜੋਗੀਆਂ ਨੇ ਕਈ ਥਾਵਾਂ ਤੇ ਗੁਰੂ ਨਾਨਕ ਸਾਹਿਬ ਨਾਲ ਗੋਸ਼ਟੀਆਂ ਕੀਤੀਆਂ ਸਨ ਤੇ ਹਰ ਵਾਰੀ ਉਹਨਾਂ ਆਪਣੇ ਆਪ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਸ਼ਖਸੀਅਤ ਦੇ ਸਾਹਮਣੇ ਬੜਾ ਹੋਲਾ ਜਿਹਾ ਮਹਿਸੂਸ ਕੀਤਾ। ਹਰ ਗੋਸ਼ਟੀ ਸਮੇਂ ਕਈ ਜੋਗੀ ਉਹਨਾਂ ਦੇ ਅਨੇਕਾਂ ਸ਼ਰਧਾਲੂਆਂ ਸਣੇ ਜੋਗ ਮੱਤ ਨੂੰ ਛੱਡ ਕੇ ਸਿੱਖੀ ਧਾਰਨ ਕਰਦੇ ਰਹੇ ਸਨ, ਪਰ ਫਿਰ ਵੀ ਕੁਝ ਜੋਗੀ ਅੜੇ ਰਹਿ ਕੇ ਆਪਣੇ ਮੱਤ ਦੀ ਸਾਖ ਕਾਇਮ ਰੱਖਣ ਦੇ ਯਤਨ ਵਿਚ ਸਨ।

ਜਦ ਜੋਗੀਆਂ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਉਹ ਗੁਰੂ ਨਾਨਕ ਜੋ ਜੀਵਨ ਪ੍ਰਯੰਤ ਅੱਬੁਕ ਰਹੇ ਸਨ, ਨੇ ਅੰਤ ਸਮੇਂ ਆਪਣੇ ਹੀ ਪਰਮ ਸੇਵਕ ਗੁਰੂ ਅੰਗਦ ਦੇਵ

ਜੀ ਅੱਗੇ ਮੱਥਾ ਟੇਕ ਕੇ ਉਹਨਾਂ ਨੂੰ ਆਪਣੀ ਗੁਰਗੱਦੀ ਦਿੱਤੀ ਹੈ ਤਾਂ ਐਸੇ ਮਹਾਂਪੁਰਖ ਦੇ ਦਰਸ਼ਨ ਕਰ ਕੇ ਆਪਣੇ ਢੰਗ ਨਾਲ ਉਸ ਨੂੰ ਜਾਂਚਣਾ-ਜੋਖਣਾ ਚਾਹੁੰਦੇ ਸਨ। ਉਹ ਜਿਤਨੇ ਦਿਨ ਵੀ ਖਡੂਰ ਸਾਹਿਬ ਰਹੇ, ਗੁਰੂ-ਮਰਯਾਦਾ ਅਨੁਸਾਰ ਭਾਈ ਅਜਿਤੇ, ਰੰਧਾਵੇ ਤੇ ਭਾਈ ਬੁੱਢਾ ਜੀ ਨੇ ਉਹਨਾਂ ਦੀ ਪੂਰੀ ਸੇਵਾ ਕੀਤੀ ਤੇ ਗੁਰੂ ਅੰਗਦ ਦੇਵ ਜੀ ਮਹਾਨ ਸ਼ਖ਼ਸ਼ੀਅਤ ਵਿਚੋਂ ਉਹਨਾਂ ਨੂੰ ਸਾਖਸ਼ਾਤ ਗੁਰੂ ਨਾਨਕ ਦੇ ਹੀ ਦੀਦਾਰ ਹੋਏ। ਉਹ ਆਪਸ ਵਿਚ ਗੁਰੂ ਅੰਗਦ ਦੇਵ ਜੀ ਦਾ ਪ੍ਰਤਾਵਾ ਲੈਣ ਆਏ ਸਨ, ਪਰ ਉਹ ਗੁਰੂ ਅੰਗਦ ਦੇਵ ਜੀ ਵਿੱਚ ਨਿਮਰਤਾ, ਮਿਠਾਸ, ਪ੍ਰਮੇਸ਼ਰ ਤੇ ਉਸ ਨੂੰ ਪਾ ਲੈਣ ਸੰਬੰਧੀ ਸਪੱਸ਼ਟਤਾ ਤੇ ਗੁਰੂ ਨਾਨਕ ਵਰਗੀ ਅਚੁੱਕ ਸ਼ਖ਼ਸੀਅਤ ਦੇਖ ਕੇ ਦੰਗ ਰਹਿ ਗਏ।

ਸਮੇਂ ਸਮੇਂ ਜਗਿਆਸੂ ਗੁਰੂ ਅੰਗਦ ਦੇਵ ਜੀ ਪਾਸ ਆ ਕੇ ਬ੍ਰਹਮ ਗਿਆਨ ਹਾਸਲ ਕਰਦੇ, ਸਿੱਖੀ ਧਾਰਨ ਕਰਦੇ ਤੇ ਜੀਵਨ ਦੀ ਸਹੀ ਜੁਗਤੀ ਸੰਬਧੀ ਪਏ ਭੁਲੇਖੇ ਦੂਰ ਕਰਵਾਉਂਦੇ ਸਨ।

**ਭਾਈ ਕਿਦਾਰੂ** ਨੂੰ ਸਤਿਗੁਰਾਂ ਨੇ ਸਮਝਾਇਆ ਕਿ ਵਿਸ਼ਿਆਂ-ਵਿਕਾਰਾਂ ਤੇ ਮਾਇਆ ਦੇ ਮੋਹ ਦੀ ਅੱਗ ਤੋਂ ਬਚਣ ਲਈ ਸਤਿਸੰਗ ਰੂਪੀ ਸੀਤਲ ਦਰਿਆ ਦੀ ਸ਼ਰਨ ਹੀ ਲਾਭਦਾਈ ਹੋ ਸਕਦੀ ਹੈ।

ਹਰਿਨਾਸ਼ ਨਾਮ ਦੇ ਇਕ ਸਾਧੂ ਦਾ ਸਤਿਗੁਰਾਂ ਨੇ ਇਹ ਭੁਲੇਖਾ ਦੂਰ ਕੀਤਾ ਕਿ ਬ੍ਰਾਹਮਣਾਂ, ਖਤਰੀਆਂ, ਵੈਸ਼ਾਂ, ਸ਼ੂਦਰਾਂ ਆਦਿਕ ਸਭ ਦੇ ਧਰਮ ਅੱਡ-ਅੱਡ ਹਨ। ਉਸ ਨੂੰ ਸਤਿਗੁਰਾਂ ਨੇ ਭਲੀ-ਭਾਂਤ ਇਹ ਦ੍ਰਿੜ ਨਿਸ਼ਚਾ ਕਰਵਾ ਦਿੱਤਾ ਕਿ ਦੁਨੀਆਂ ਦੇ ਹਰ ਮਨੁੱਖ ਲਈ ਆਦਰਸ਼ਕ ਧਰਮ ਕੇਵਲ ਇਕੋ ਹੈ, ਉਹ ਇਹ ਕਿ ਮਨੁੱਖ ਨੇਕੀ ਦੇ ਰਾਹ ਤੇ ਚੱਲੇ ਤੇ ਪ੍ਰਮੇਸ਼ਰ ਦੇ ਸਿਮਰਨ ਵਿਚ ਜੀਵਨ ਬਤੀਤ ਕਰੇ। ਅੱਡ-ਅੱਡ ਜਾਤਾਂ ਜਾਂ ਲੋਕਾਂ ਦੇ ਧਰਮ ਅੱਡ-ਅੱਡ ਹੋਣ ਦੀ ਗੱਲ ਨੂੰ ਸਤਿਗੁਰਾਂ ਨੇ ਪੂਰੀ ਤਰ੍ਹਾਂ ਰੱਦ ਕਰ ਦਿੱਤਾ।

**ਧਰਣੀ ਜਾਤ ਦੇ ਜੱਗੇ** ਨੂੰ ਸਮਝਾਇਆ ਕਿ ਜਗਤ ਦਾ ਸੰਪੂਰਨ ਤਿਆਗ ਕਰਕੇ ਮਨੁੱਖ ਆਤਮਿਕ ਸ਼ਾਂਤੀ ਨਹੀਂ ਹਾਸਲ ਕਰ ਸਕਦਾ ਤੇ ਨਾ ਹੀ ਰੱਬ ਨੂੰ ਮਿਲਣ ਦੀ ਇਹ ਆਦਰਸ਼ਕ ਜੀਵਨ-ਜੁਗਤੀ ਹੋ ਸਕਦੀ ਹੈ। ਸੰਸਾਰ ਵਿਚ ਰਹਿੰਦਿਆਂ, ਕਿਰਤ ਕਾਰ ਕਰਦਿਆਂ ਧਰਮ ਦੀ ਕਮਾਈ ਕਰਨੀ ਤੇ ਚਿੱਤ ਸਦਾ ਕਰਤਾਰ ਵਿਚ ਜੋੜ ਕੇ ਰੱਖਣਾ ਅਸਲ ਜੀਵਨ-ਜੁਗਤੀ ਹੈ।

**ਧਿੰਗ ਨਾਮ ਦੇ ਇਕ ਨਾਈ** ਨੂੰ ਸਿੱਖੀ ਦੀ ਦਾਤ ਦੇਣ ਸਮੇਂ ਸੰਗਤ ਦੀ ਸੇਵਾ ਕਰਨ, ਗੁਰਬਾਣੀ ਦਾ ਕੀਰਤਨ ਸੁਣਨ ਤੇ ਅੰਮ੍ਰਿਤ ਵੇਲੇ ਪ੍ਰਮੇਸ਼ਰ ਦੇ ਨਾਮ ਵਿਚ ਵੀ ਗੁਰ-ਉਪਦੇਸ਼ ਨੂੰ ਮਨ ਵਿਚ ਦ੍ਰਿੜ ਕਰਨ ਦੀ ਤਾਕੀਦ ਕੀਤੀ।

**ਪਾਰੋ ਜੁਲਕਾ** ਜੋ ਬਾਅਦ ਵਿਚ ਗੁਰੂ ਅਮਰਦਾਸ ਜੀ ਦਾ ਵੀ ਬਹੁਤ ਨਿਕਟਵਰਤੀ ਸਿੱਖ ਰਿਹਾ ਸੀ, ਨੂੰ ਆਤਮਿਕ ਉਪਦੇਸ਼ ਦੇਣ ਸਮੇਂ ਸਮਝਾਇਆ ਕਿ ਸੱਚਾ ਭਗਤ

ਮਾਇਆ ਵਿਚ ਇਸ ਤਰ੍ਹਾਂ ਨਿਰਲੇਪ ਰਹਿੰਦਾ ਹੈ, ਜਿਵੇਂ ਪਾਣੀ ਵਿਚ ਕਮਲ ਜਾਂ ਮੁਰਗਾਬੀ ਨਿਰਲੇਪ ਰਹਿੰਦੀ ਹੈ।

ਇਸੇ ਤਰਾਂ ਬਟਾਲੇ ਦੇ ਖਾਨੂੰ ਮਾਹੀਆ ਤੇ ਗੋਵਿੰਦ ਨੂੰ ਸਮਝਾਇਆ ਕਿ ਸੱਚੇ ਭਗਤਾਂ ਲਈ ਭਗਤੀ ਦਾ ਅਸਲ ਸਰੂਪ ਕੀ ਹੈ। ਸੱਚਾ ਭਗਤ ਤਾਂ ਉਹੀ ਹੋ ਸਕਦਾ ਹੈ ਜੋ ਆਪਣੇ ਇਸ਼ਟ ਪ੍ਰਮੇਸ਼ਰ ਨਾਲ ਸਦਾ ਇਕ-ਮਿੱਕ ਹੋ ਕੇ ਰਹੇ।

ਦੀਪਾ, ਨਰਾਇਣ ਦਾਸ ਤੇ ਬੁੱਲ੍ਹਾ ਨਾਮ ਦੇ ਸਿੱਖ ਗੁਰੂ ਅੰਗਦ ਦੇਵ ਜੀ ਕੋਲੋਂ ਮਾਇਕੀ ਅੱਗ ਦੇ ਦੁਖਾਂ ਤੋਂ ਬਚਣ ਦਾ ਉਪਾਅ ਪੁੱਛਣ ਆਏ। ਸਤਿਗੁਰਾਂ ਨੇ ਇਸ ਸੰਸਾਰ ਦੇ ਸਭ ਪਦਾਰਥਾਂ ਨੂੰ ਖਿਨ-ਭੰਗਰ ਸਮਝਣ ਅਤੇ ਇਕ ਮਾਤਰ ਸੱਚੇ ਰੱਬੀ ਪਿਆਰ ਦੇ ਸਾਧਨ ਨੂੰ ਹੀ ਸਭ ਦੁਖਾਂ ਦਾ ਸਹੀ ਤੇ ਅਚੁੱਕ ਦਾਰੂ ਦੱਸਿਆ।

ਭਾਈ ਮਾਹਣੇ ਨੂੰ ਗੁਰੂ ਘਰ ਵਿਚ ਸੇਵਾ ਕਰਦਿਆਂ-ਕਰਦਿਆਂ ਅਹੰਕਾਰ ਹੋ ਗਿਆ। ਉਸ ਨੂੰ ਸਮ-ਦ੍ਰਿਸ਼ਟੀ ਅਪਨਾਉਣ ਤੇ ਨਿਮਰਤਾ ਵਿਚ ਰਹਿ ਕੇ ਸੇਵਾ ਕਮਾਉਣ ਦਾ ਉਪਦੇਸ਼ ਦਿੱਤਾ। ਗੁਰਦੁਆਰਿਆਂ ਵਿਚ ਸੇਵਾ ਕਰ ਰਹੇ ਸੇਵਾਦਾਰਾਂ ਤੇ ਪ੍ਰਬੰਧਕਾਂ ਨੂੰ ਗੁਰੂ ਜੀ ਦੇ ਇਸ ਉਪਦੇਸ਼ ਨੂੰ ਵਿਸ਼ੇਸ਼ ਕਰਕੇ ਹਿਰਦੇ ਵਿਚ ਵਸਾਉਣ ਦੀ ਲੋੜ ਹੈ। ਸੇਵਾ ਤਾਂ ਹੀ ਸੇਵਾ ਕਹੀ ਜਾ ਸਕਦੀ ਹੈ, ਜੇ ਨਿਸ਼ਕਾਮ ਹੋ ਕੇ, ਹਉਮੈ-ਹੰਕਾਰ ਨੂੰ ਤਿਆਗ ਕੇ ਕੀਤੀ ਜਾਵੇ। ਸੇਵਾਦਾਰ ਨੂੰ ਕਦੀ ਵੀ ਖਰ੍ਹਵਾ ਨਹੀਂ ਹੋਣਾ ਚਾਹੀਦਾ ਸਗੋਂ ਉਸ ਦੀ ਬੋਲੀ ਮਿਠਾਸ ਤੇ ਨਿਮਰਤਾ ਵਾਲੀ ਹੋਣੀ ਚਾਹੀਦੀ ਹੈ।

## (10) ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦੇਣੀ

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਜੀ ਦਾ ਵਿਆਹ ਗੁਰੂ ਅੰਗਦ ਦੇਵ ਜੀ ਦੇ ਗੱਦੀ ਤੇ ਬੈਠਣ ਤੋਂ ਕੇਵਲ ਕੁਝ ਅਰਸਾ ਪਹਿਲਾਂ (ਗੁਰੂ) ਅਮਰਦਾਸ ਜੀ ਦੇ ਭਤੀਜੇ ਨਾਲ ਹੋਇਆ ਸੀ। ਬੀਬੀ ਅਮਰੋ ਜੀ ਵੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਬਹੁਤ ਪ੍ਰੇਮ ਕਰਦੇ ਸਨ ਤੇ ਨਿਤ ਜੀਵਨ ਵਿਚ ਬਾਣੀ ਪੜ੍ਹਨੀ ਉਹਨਾਂ ਦੀ ਰਹਿਣੀ ਦਾ ਇਕ ਹਿੱਸਾ ਸੀ।

ਇਕੇਰਾਂ ਜੀਵਨ ਵਿਚ ਪਹਿਲੀ ਵਾਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣ ਕੇ ਆਪ ਦਾ ਗੁਰੂ ਘਰ ਨਾਲ ਪ੍ਰੇਮ ਹੋ ਗਿਆ ਤੇ ਆਪ 62 ਸਾਲ ਦੀ ਉਮਰ ਵਿਚ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆ ਗਏ ਤੇ ਆਪ ਨੇ ਸਿੱਖੀ ਧਾਰਨ ਕਰ ਲਈ। ਆਪ ਨੇ ਨਾ ਕੇਵਲ ਗੁਰੂ ਘਰ ਦੇ ਸਭ ਸਿਧਾਂਤਾਂ ਨੂੰ ਚੰਗੀ ਤਰਾਂ ਸਮਝ ਕੇ ਮੰਨਿਆ ਅਤੇ ਜੀਵਨ ਵਿਚ ਉਤਾਰਿਆ ਬਲਕਿ 62 ਸਾਲ ਦੀ ਉਮਰ ਤੋਂ 73 ਸਾਲਾਂ ਦੀ ਬਿਰਧ ਉਮਰ ਤੱਕ ਗੁਰੂ ਘਰ ਦੀ ਉਹ ਸੇਵਾ ਕੀਤੀ, ਪ੍ਰਮੇਸ਼ਰ ਦਾ ਐਸਾ ਸਿਮਰਨ ਕੀਤਾ ਤੇ ਗੁਰੂ ਨਾਲ ਅਜਿਹਾ ਡੂੰਘਾ ਪਿਆਰ ਪਾਇਆ ਕਿ ਗੁਰਗੱਦੀ ਦੀ ਮਹਾਨ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਹੋ ਗਏ।

(ਗੁਰੂ) ਅਮਰਦਾਸ ਜੀ ਨੂੰ ਹਰ ਤਰਾਂ ਯੋਗ ਸਮਝਕੇ ਗੁਰੂ ਅੰਗਦ ਦੇਵ ਜੀ ਨੇ ਠੀਕ ਮੌਕਾ ਜਾਣ ਕੇ ਸਭ ਸੰਗਤ ਨੂੰ ਵਿਦਤ ਕਰ ਦਿਤਾ ਕਿ ਗੁਰੂ ਨਾਨਕ ਦੇਵ ਜੀ ਵਲੋਂ ਬਖਸ਼ੀ ਸਿੱਖੀ ਪ੍ਰਚਾਰ ਦੀ ਜ਼ਿੰਮੇਵਾਰੀ ਉਹਨਾਂ ਪਿੱਛੋਂ (ਗੁਰੂ) ਅਮਰਦਾਸ ਜੀ ਹੀ ਨਿਭਾਉਣਗੇ। 29 ਮਾਰਚ ਸੰਨ 1552 ਵਿਚ ਗੁਰੂ ਅੰਗਦ ਦੇਵ ਜੀ ਨੇ ਸਭ ਸੰਗਤ ਨੂੰ ਇਕੱਤਰ ਕਰਕੇ (ਗੁਰੂ) ਅਮਰਦਾਸ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ (ਭਾਵ ਧਰਮ ਪ੍ਰਚਾਰ ਦੀ ਜ਼ਿੰਮੇਵਾਰੀ) ਸੌਂਪ ਦਿੱਤੀ। ਗੁਰਬਾਣੀ ਦਾ ਸੰਪੂਰਨ ਸੰਗ੍ਰਹਿ ਭੀ ਗੁਰੂ ਅਮਰਦਾਸ ਜੀ ਦੇ ਹਵਾਲੇ ਕਰ ਦਿੱਤਾ। ਭਾਈ ਬੁੱਢਾ ਜੀ ਤੇ ਭਾਈ ਪਾਰੋ ਜੀ ਆਦਿ ਸਭ ਮੁਖੀ ਸਿੱਖ ਇਸ ਸਮੇਂ ਮੌਜੂਦ ਸਨ।

ਗੁਰੂ ਅਮਰਦਾਸ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੀ ਪੂਰੀ ਜ਼ਿੰਮੇਵਾਰੀ ਦੇਣ ਤੋਂ ਪਿੱਛੋਂ 29 ਮਾਰਚ, ਸੰਨ 1552 ਵਿਚ ਸਾਹਿਬ ਸਤਿਗੁਰੂ ਅੰਗਦ ਦੇਵ ਜੀ ਜੋਤੀ-ਜੋਤ ਸਮਾ ਗਏ।

## (11) ਗੁਰੂ ਅੰਗਦ ਦੇਵ ਜੀ ਦੀ ਬਾਣੀ

ਹੁਣ ਅਸੀਂ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਆਏ ਗੁਰਮਤਿ ਸਿਧਾਂਤਾਂ ਦਾ ਵਰਨਣ ਕਰਦੇ ਹਾਂ।

### *(1) ਸਫ਼ਲ ਜੀਵ-ਰੂਪੀ ਵਣਜਾਰੇ*

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਜੀਵ ਇਸ ਜਗਤ ਦੀ ਮੰਡੀ ਵਿਚ ਜਾਣੋ ਵਣਜ-ਵਪਾਰ ਕਰਨ ਆਉਂਦੇ ਹਨ। ਜਿਹਨਾਂ ਜੀਵਾਂ ਨੂੰ ਆਪਣੀ ਘਾਲ-ਕਮਾਈ ਸਦਕਾ ਪੂਰਨ ਪ੍ਰਮੇਸ਼ਰ ਮਿਲ ਜਾਂਦਾ ਹੈ, ਉਹੀ ਜੀਵ ਪੂਰੇ ਕਾਮਯਾਬ ਸ਼ਾਹ ਹੁੰਦੇ ਹਨ। ਉਹ ਅੱਠੇ ਪਹਿਰ ਦੁਨੀਆਂ ਤੋਂ ਬੇਪਰਵਾਹ ਰਹਿੰਦੇ ਹਨ ਅਤੇ ਸਦਾ ਇਕੋ ਵਾਹਿਦ ਪ੍ਰਮੇਸ਼ਰ ਦੇ ਪਿਆਰ ਵਿਚ ਰੰਗੇ ਰਹਿੰਦੇ ਹਨ। ਅਜਿਹੇ ਜੀਵ ਵਿਰਲੇ ਹੀ ਮਿਲਦੇ ਹਨ ਜੋ ਅਥਾਹ ਰੂਪ ਵਾਲੇ ਪ੍ਰਮੇਸ਼ਰ ਦੇ ਦਰਸ਼ਨ ਵਿਚ ਲੀਨ ਹੁੰਦੇ ਹਨ। ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਪੂਰੇ ਬੋਲ ਵਾਲਾ, ਪੂਰਨ ਗੁਰੂ, ਪੂਰੇ ਭਾਗਾਂ ਨਾਲ ਜਿਸ ਜੀਵ ਨੂੰ ਵੀ ਪੂਰਨ ਬਣਾ ਦਿੰਦਾ ਹੈ, ਉਸ ਜੀਵ ਦਾ ਆਤਮਿਕ ਵਜ਼ਨ ਘਟਦਾ ਨਹੀਂ ਤੇ ਉਹ ਸਦਾ ਹੀ ਰੱਬੀ ਪਿਆਰ ਨਾਲ ਸਰਸ਼ਾਰ ਰਹਿੰਦਾ ਹੈ। ਯਥਾ :

ਸੇਈ ਪੂਰੇ ਸਾਹ, ਜਿਨੀ ਪੂਰਾ ਪਾਇਆ॥
ਅਠੀ ਵੇਪਰਵਾਹ, ਰਹਨਿ ਇਕਤੈ ਰੰਗਿ॥
ਦਰਸਨਿ ਰੂਪਿ ਅਥਾਹ, ਵਿਰਲੇ ਪਾਈਅਹਿ॥
ਕਰਮਿ ਪੂਰੈ, ਪੂਰਾ ਗੁਰੂ, ਪੂਰਾ ਜਾ ਕਾ ਬੋਲੁ॥
ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ॥

(ਮਾਝ ਕੀ ਵਾਰ, ਮ: ੧, ਪੰਨਾ ੧੪੬ ਵਿਚੋਂ)

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਜੀਵ ਦਾ ਸਰੀਰ (ਜੋ ਸ੍ਰਿਸ਼ਟੀ ਦਾ ਨੌਵਾਂ ਖੰਡ ਹੈ) ਹਰ ਵੇਲੇ (ਅੱਠੇ ਪਹਿਰ) ਸ੍ਰਿਸ਼ਟੀ ਦੇ ਪਦਾਰਥਾਂ (ਸ੍ਰਿਸ਼ਟੀ ਦੇ ਅੱਠ ਖੰਡਾਂ ਦੇ ਪਦਾਰਥਾਂ) ਦੀ ਪ੍ਰਾਪਤੀ ਵਿੱਚ ਹੀ ਲੱਗਾ ਰਹਿੰਦਾ ਹੈ। ਇਸ ਮਨੁੱਖਾਂ ਸ਼ਰੀਰ ਵਿਚ ਹੀ ਪ੍ਰਮੇਸ਼ਰ ਦੇ ਨਾਮ ਜਾਂ ਰੱਬੀ ਪਿਆਰ ਰੂਪੀ ਨਉ-ਨਿਧੀਆਂ ਦਾ ਟਿਕਾਣਾ ਹੈ, ਪਰ ਭਾਗਾਂ ਵਾਲੇ ਕੁਝ ਜੀਵ ਹੀ ਗੁਰੂ ਧਾਰ ਕੇ ਇਸ ਮਨੁੱਖਾ ਸ਼ਰੀਰ ਵਿਚ ਪ੍ਰਮੇਸ਼ਰ ਨੂੰ ਭਾਲਦੇ ਹਨ ਜੋ ਗੁਣਾਂ ਕਰਕੇ ਗਹੀਰ (ਅਥਾਹ) ਹੈ।

ਸਵੇਰ ਵੇਲ ਚੌਥੇ ਪਹਿਰ ਸਮੇਂ (ਅੰਮ੍ਰਿਤ ਵੇਲੇ) ਉੱਚੀ ਸੁਰਤ ਵਾਲੇ ਜੀਵਾਂ ਦੇ ਮਨ ਵਿੱਚ ਰੱਬੀ ਪਿਆਰ ਲਈ ਚਾਉ ਪੈਦਾ ਹੁੰਦਾ ਹੈ। ਅਜਿਹੇ ਰੱਬੀ ਚਾਉ ਵਾਲੇ ਜੀਵਾਂ ਦੀ ਮਿੱਤਰਤਾ ਭਗਤ ਰੂਪੀ ਦਰਿਆਵਾਂ ਨਾਲ ਹੁੰਦੀ ਹੈ ਅਤੇ ਉਹਨਾਂ ਦੇ ਮਨ ਵਿੱਚ ਤੇ ਮੁੱਖ ਵਿੱਚ ਸਦਾ ਕਾਇਮ ਰਹਿਣ ਵਾਲੇ ਪ੍ਰਮੇਸ਼ਰ ਦਾ ਨਾਮ ਹੀ ਹੁੰਦਾ ਹੈ। ਰੱਬੀ ਭਗਤਾਂ ਦੀ ਸੰਗਤ ਵਿੱਚ ਰੱਬੀ ਨਾਮ ਦਾ ਅੰਮ੍ਰਿਤ ਵੰਡਿਆ ਜਾਂਦਾ ਹੈ ਪਰ ਇਹ ਬਖਸ਼ਸ਼ ਪ੍ਰਮੇਸ਼ਰ ਦੀ ਮਿਹਰ ਨਾਲ ਹੀ ਪ੍ਰਾਪਤ ਹੁੰਦੀ ਹੈ। ਸਤਿਸੰਗ ਰਾਹੀਂ ਸਰੀਰ ਰੂਪੀ ਸੋਨੇ ਨੂੰ ਸਿਮਰਨ ਦੀ ਘਾਲ-ਕਮਾਈ ਨਾਲ ਕੱਸ ਲਾਈਦੀ ਹੈ ਤੇ ਇਸ ਤਰਾਂ ਸ਼ਰੀਰ ਉੱਤੇ ਪ੍ਰਭੂ ਭਗਤੀ ਦਾ ਸੋਹਣਾ ਰੰਗ ਚੜ੍ਹ ਜਾਂਦਾ ਹੈ। ਜਦੋਂ ਪ੍ਰਮੇਸ਼ਰ ਰੂਪੀ ਸਰਾਫ਼ ਦੀ ਮਿਹਰ ਦੀ ਨਜ਼ਰ ਪੈ ਜਾਂਦੀ ਹੈ, ਤਦ ਫਿਰ ਸ਼ਰੀਰ ਨੂੰ ਵਿਕਾਰਾਂ ਦੀ ਤਪਸ਼ ਵਿਚ ਸੜਨ ਲਈ ਨਹੀਂ ਪਾਇਆ ਜਾਂਦਾ।

ਅੰਮ੍ਰਿਤ ਵੇਲੇ ਦੇ ਚੌਥੇ ਪਹਿਰ ਨੂੰ ਰੱਬੀ-ਪਿਆਰ ਵਿਚ ਤੇ ਨਾਮ-ਸਿਮਰਨ ਵਿਚ ਬਿਤਾਉਣ ਦੇ ਨਾਲ-ਨਾਲ ਦਿਨ ਦੇ ਬਾਕੀ ਸੱਤੇ ਪਹਿਰ ਭੀ ਚੰਗਾ ਆਚਰਨ ਬਣਾਉਣ ਲਈ ਕਰਨੀ ਵਾਲੇ ਵਿਦਵਾਨਾਂ ਦੀ ਸੰਗਤ ਵਿਚ ਬਿਤਾਣੇ ਚਾਹੀਦੇ ਹਨ ਕਿਉਂਕਿ ਉਹਨਾਂ ਦੀ ਸੰਗਤ ਵਿਚ ਹੀ ਪਾਪ ਤੇ ਪੁੰਨ ਕਰਮਾਂ ਬਾਰੇ ਵਿਚਾਰ ਕੀਤੀ ਜਾਂਦੀ ਹੈ ਤੇ ਕੂੜ ਦੀ ਰਾਸ ਪੂੰਜੀ ਘਟਦੀ ਹੈ। ਇਸ ਸਤਿਸੰਗ ਦੇ ਪ੍ਰਭਾਵ ਨਾਲ ਖੋਟੇ ਗੁਣ ਸ਼ਰੀਰ ਵਿਚੋਂ ਬਾਹਰ ਸੁੱਟ ਦਿੱਤੇ ਜਾਂਦੇ ਹਨ ਤੇ ਖਰੇ ਰੱਬੀ-ਗੁਣਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਸਤਸੰਗ ਵਿਚ ਹੀ ਇਹ ਸੋਝੀ ਪੈਦਾ ਹੁੰਦੀ ਹੈ ਕਿ ਦੁਖ ਜਾਂ ਸੁਖ ਤਾਂ ਮਾਲਕ ਪ੍ਰਮੇਸ਼ਰ ਦੀ ਰਜ਼ਾ ਵਿਚ ਹੀ ਮਿਲਦੇ ਹਨ। ਇਸ ਲਈ ਦੁਖਾਂ-ਸੁਖਾਂ ਬਾਰੇ ਗਿਲਾ ਜਾਂ ਉਜ਼ਰ ਕਰਨਾ ਨਿਰਰੱਥਕ ਹੈ ਕਿਉਂਕਿ ਐਸਾ ਕਰਨਾ ਤਾਂ ਰੱਬੀ ਰਜ਼ਾ ਦੇ ਉਲਟ ਗੱਲ ਹੈ। ਯਥਾ :

ਅਠੀ ਪਹਰੀ ਅਠ ਖੰਡ, ਨਾਵਾ ਖੰਡੁ ਸਰੀਰੁ ॥
ਤਿਸੁ ਵਿਚਿ ਨਉ ਨਿਧਿ ਨਾਮੁ ਏਕੁ, ਭਾਲਹਿ ਗੁਣੀ ਗਹੀਰੁ ॥
ਕਰਮਵੰਤੀ ਸਾਲਾਹਿਆ, ਨਾਨਕ ਕਰਿ ਗੁਰੁ ਪੀਰੁ ॥
ਚਉਥੈ ਪਹਰਿ ਸਬਾਹ ਕੈ, ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ, ਮਨਿ ਮੁਖਿ ਸਚਾ ਨਾਉ ॥
ਓਥੈ ਅੰਮ੍ਰਿਤੁ ਵੰਡੀਐ, ਕਰਮੀ ਹੋਇ ਪਸਾਉ ॥

ਕੰਚਨ ਕਾਇਆ ਕਸੀਐ, ਵੰਨੀ ਚੜੈ ਚੜਾਉ ॥
ਜੇ ਹੋਵੈ ਨਦਰਿ ਸਰਾਫ ਕੀ, ਬਹੁੜਿ ਨ ਪਾਈ ਤਾਉ ॥
ਸਤੀ ਪਹਰੀ ਸਤੁ ਭਲਾ, ਬਹੀਐ ਪੜਿਆ ਪਾਸਿ ॥
ਓਥੈ ਪਾਪੁ ਪੁੰਨੁ ਬੀਚਾਰੀਐ, ਕੂੜੈ ਘਟੈ ਰਾਸਿ ॥
ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥
ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥

*(ਮਾਝ ਕੀ ਵਾਰ, ਮ: ੧, ਪੰਨਾ ੧੪੬ ਵਿੱਚੋਂ)*

ਪ੍ਰਮੇਸ਼ਰ ਰੂਪੀ ਸ਼ਾਹ ਦੇ ਤੋਰੇ ਹੋਏ ਵਣਜਾਰੇ (ਵਪਾਰੀ) ਇਸ ਸੰਸਾਰ ਵਿਚ ਜਨਮ ਲੈਂਦੇ ਹਨ ਅਤੇ ਉਹਨਾਂ ਨੂੰ ਪ੍ਰਮੇਸ਼ਰ ਉਹਨਾਂ ਦੇ ਕੀਤੇ ਕਰਮਾਂ ਅਨੁਸਾਰ ਲਿਖੇ ਲੇਖ ਨੂੰ ਨਾਲ ਦੇ ਕੇ ਸੰਸਾਰ ਵਿਚ ਘਲਦਾ ਹੈ। ਪ੍ਰਮੇਸ਼ਰ ਦੇ ਲਿਖੇ ਇਸ ਲੇਖ ਅਨੁਸਾਰ ਹੀ ਜੀਵ ਉੱਤੇ ਪ੍ਰਮੇਸ਼ਰ ਦਾ ਹੁਕਮ ਚਲਦਾ ਹੈ ਅਤੇ ਜੀਵ ਉਸ ਅਨੁਸਾਰ ਇਸ ਜਗਤ ਵਿਚ ਆਪਣੇ ਲਈ ਵਸਤ ਸੰਭਾਲ ਲੈਂਦਾ ਹੈ।

ਜੀਵ-ਰੂਪੀ-ਵਣਜਾਰੇ ਇੱਥੇ ਆਪਣੇ ਮਤਲਬ ਦੀ ਵਸਤ ਖੱਟ ਕੇ ਉਸ ਵਸਤ ਨੂੰ ਆਪਣੇ ਪੱਲੇ ਬੰਨ੍ਹ ਲੈਂਦੇ ਹਨ। ਕੁਝ ਜੀਵ-ਰੂਪੀ-ਵਣਜਾਰੇ ਆਪਣੇ ਸੁਆਸਾਂ ਦੀ ਰਾਸ ਪੂੰਜੀ ਖਰਚ ਕੇ ਪ੍ਰਮੇਸ਼ਰ ਦੇ ਸਿਮਰਨ ਦਾ ਲਾਭ ਖੱਟ ਕੇ ਨਾਲ ਲੈ ਜਾਂਦੇ ਹਨ ਤੇ ਕਈ ਜੀਵ ਰੂਪੀ ਵਣਜਾਰੇ ਆਪਣੇ ਸੁਆਸਾਂ ਦੀ ਅਮੋਲਕ ਰਾਸ ਪੂੰਜੀ ਗਵਾ ਕੇ ਨੁਕਸਾਨ ਉਠਾ ਕੇ ਇਸ ਜਗਤ ਤੋਂ ਤੁਰ ਜਾਂਦੇ ਹਨ।

ਨਾਮ ਦੀ ਦਾਤ ਮੰਗਣ ਵਾਲਿਆਂ ਨੇ ਨਾਮ ਦੀ ਦਾਤ ਵੱਧ ਤੋਂ ਵੱਧ ਮੰਗੀ ਹੈ ਤੇ ਵਿਸ਼ੇ-ਰਸਾਂ ਦੇ ਪ੍ਰੀਤਵਾਨਾਂ ਨੇ ਵਿਸ਼ਿਆਂ ਦੇ ਰਸ ਦੀ ਵੱਧ ਤੋਂ ਵੱਧ ਤਾਂਘ ਕੀਤੀ ਹੈ। ਦੋਹਾਂ ਚੋਂ ਕਿਸੇ ਨੇ ਘੱਟ ਚੀਜ਼ ਦੀ ਮੰਗ ਨਹੀਂ ਕੀਤੀ, ਪਰ ਦੋਹਾਂ ਵਿੱਚੋਂ ਸ਼ਾਬਾਸ਼ ਕਿਨ੍ਹੇਂ ਹਾਸਲ ਕੀਤੀ ਹੈ ਤੇ ਪ੍ਰਭੂ ਦੀ ਮਿਹਰ ਦੀ ਨਜ਼ਰ ਕਿਸ ਤੇ ਹੋਈ? ਉਹਨਾਂ ਜੀਵ-ਵਣਜਾਰਿਆਂ ਤੇ ਹੀ ਪ੍ਰਭੂ ਦੀ ਮਿਹਰ ਦੀ ਨਜ਼ਰ ਹੁੰਦੀ ਹੈ, ਜਿਹਨਾਂ ਨੇ ਪ੍ਰਮੇਸ਼ਰ ਦੇ ਨਾਮ ਸਿਮਰਨ ਦੀ ਖੱਟੀ ਖੱਟਣ ਵਿੱਚ ਸੁਆਸਾਂ ਦੀ ਸਾਰੀ ਦੀ ਸਾਰੀ ਰਾਸ, ਭਾਵ, ਸਾਰਾ ਜੀਵਨ ਲਾ ਦਿੱਤਾ ਹੈ। ਯਥਾ :

ਸਾਹ ਚਲੇ ਵਣਜਾਰਿਆ, ਲਿਖਿਆ ਦੇਵੈ ਨਾਲਿ ॥
ਲਿਖੇ ਉਪਰਿ ਹੁਕਮੁ ਹੋਇ, ਲਈਐ ਵਸਤੁ ਸਮ੍ਾਲਿ
ਵਸਤੁ ਲਈ ਵਣਜਾਰਈ, ਵਖਰੁ ਬਧਾ ਪਾਇ ॥
ਕੇਈ ਲਾਹਾ ਲੈ ਚਲੇ, ਇਕਿ ਚਲੇ ਮੂਲੁ ਗਵਾਇ ॥
ਥੋੜਾ ਕਿਨੈ ਨ ਮੰਗਿਓ, ਕਿਸੁ ਕਹੀਐ ਸਾਬਾਸਿ ॥
ਨਦਰਿ ਤਿਨਾ ਕਉ ਨਾਨਕਾ, ਜਿ ਸਾਬਤੁ ਲਾਏ ਰਾਸਿ ॥

*(ਸਾਰੰਗ ਕੀ ਵਾਰ, ਮ: ੪, ਪੰਨਾ ੧੨੩੮ ਵਿੱਚੋਂ)*

ਜਿਨ੍ਹਾਂ ਮਨੁੱਖਾਂ ਨੂੰ ਪ੍ਰਮੇਸ਼ਰ ਦੀ ਸਿਫ਼ਤ-ਸਲਾਹੁਤਾ ਦੀ ਬਖਸ਼ਿਸ਼ ਮਿਲਦੀ ਹੈ, ਉਹੀ

ਸਹੀ ਅਰਥਾਂ ਵਿੱਚ ਧਨਵਾਨ ਹਨ। ਪ੍ਰਮੇਸ਼ਰ ਨੇ ਜਿਨ੍ਹਾਂ ਮਨੁੱਖਾਂ ਨੂੰ ਆਪਣੇ ਨਾਮ ਦੇ ਖਜਾਨੇ ਦੀ ਕੁੰਜੀ ਦਿੱਤੀ ਹੈ, ਉਹਨਾਂ ਨੂੰ ਨਾਮ ਖਜਾਨੇ ਦੇ ਭੰਡਾਰ ਮਿਲ ਜਾਂਦੇ ਹਨ।

ਜਿਹਨਾਂ ਜੀਵ-ਰੂਪੀ-ਭੰਡਾਰਿਆਂ ਵਿਚੋਂ ਰੱਬੀ ਗੁਣ ਨਿਕਲਦੇ ਹਨ ਜਾਂ ਪ੍ਰਗਟ ਹੁੰਦੇ ਹਨ, ਉਹੀ ਜੀਵ ਹੀ ਪ੍ਰਮੇਸ਼ਰ ਦੀ ਦਰਗਾਹ ਵਿੱਚ ਕਬੂਲ ਹੁੰਦੇ ਹਨ। ਜਿਹਨਾਂ ਮਨੁੱਖਾਂ ਕੋਲ ਪ੍ਰਮੇਸ਼ਰ ਦੇ ਨਾਮ ਦੀ ਰਾਹਦਾਰੀ ਹੁੰਦੀ ਹੈ ਉਹਨਾਂ ਉੱਤੇ ਪ੍ਰਮੇਸ਼ਰ ਦੀ ਅਸਲ ਮਿਹਰ ਹੁੰਦੀ ਹੈ। ਪ੍ਰਮੇਸ਼ਰ ਦੀ ਸਿਫ਼ਤ ਸਲਾਹਤਾ ਹੀ ਸਭ ਤੋਂ ਵੱਡਾ ਖਜ਼ਾਨਾ ਹੈ ਤੇ ਸਿਮਰਨ ਕਰਨ ਵਾਲੇ ਮਨੁੱਖ ਹੀ ਅਸਲ ਵਿਚ ਸਫ਼ਲ ਵਣਜਾਰੇ ਹਨ। ਯਥਾ :

**ਸਿਫਤਿ ਜਿਨਾ ਕਉ ਬਖਸੀਐ, ਸੇਈ ਪੋਤੇਦਾਰ॥**
**ਕੁੰਜੀ ਜਿਨ ਕਉ ਦਿਤੀਆ, ਤਿਨ੍ਹਾ ਮਿਲੇ ਭੰਡਾਰ॥**
**ਜਹ ਭੰਡਾਰੀ ਹੂ ਗੁਣ ਨਿਕਲਹਿ, ਤੇ ਕੀਅਹਿ ਪਰਵਾਣੁ॥**
**ਨਦਰਿ ਤਿਨਾ ਕਉ ਨਾਨਕਾ, ਨਾਮੁ ਜਿਨਾ ਨੀਸਾਣੁ॥**

*(ਸਾਰੰਗ ਕੀ ਵਾਰ, ਮ: ੪, ਪੰਨਾ ੧੨੩੯ ਵਿੱਚੋਂ)*

ਗੁਰੂ ਅੰਗਦ ਦੇਵ ਜੀ ਦੇ ਵਿਚਾਰ ਅਨੁਸਾਰ ਮਨੁੱਖਾ ਜੀਵਨ ਦੀ ਸਫ਼ਲਤਾ ਸਬੰਧੀ ਅਸਲ ਇੱਜ਼ਤ ਉਹੀ ਹੈ, ਜੋ ਪ੍ਰਮੇਸ਼ਰ ਵਲੋਂ ਮਨਜ਼ੂਰ ਹੋ ਕੇ ਮਿਲੇ। ਸੰਸਾਰ ਵਿਚ ਵਿਚਰਦਿਆਂ ਮਨੁੱਖ ਦੂਜਿਆਂ ਦੀ ਅੱਖੀਂ ਘੱਟਾ ਪਾ ਕੇ ਵੀ ਨੇਕ ਤੌਰ ਤੇ ਮਸ਼ਹੂਰ ਹੋ ਸਕਦਾ ਹੈ ਪਰ ਪ੍ਰਮੇਸ਼ਰ ਦੀ ਨਜ਼ਰ ਤੋਂ ਉਸ ਦੀ ਬੁਰਿਆਈ ਬਚ ਨਹੀਂ ਸਕਦੀ ਤੇ ਉਥੇ ਨਸ਼ਰ ਹੋ ਹੀ ਜਾਂਦਾ ਹੈ। ਪ੍ਰਮੇਸ਼ਰ ਦੀ ਕਸਵੱਟੀ ਸੌ ਫੀ ਸਦੀ ਠੀਕ ਤੇ ਸੰਪੂਰਨ ਹੈ ਅਤੇ ਜੋ ਪੁਰਖ ਉਸ ਰੱਬੀ ਕਸਵੱਟੀ ਤੇ ਪੂਰਾ ਉੱਤਰ ਕੇ ਪ੍ਰਵਾਣ ਚੜ੍ਹਦਾ ਤੇ ਇੱਜ਼ਤ ਹਾਸਲ ਕਰਦਾ ਹੈ, ਉਸ ਦੀ ਇੱਜ਼ਤ ਹੀ ਅਸਲ ਹੈ ਤੇ ਇਸ ਇੱਜ਼ਤ ਨੂੰ ਸੰਸਾਰ ਦੀ ਕੋਈ ਤਾਕਤ ਵੀ ਨੁਕਸਾਨ ਨਹੀਂ ਪਹੁੰਚਾ ਸਕਦੀ।

ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਇਹ ਗੱਲ ਇਸ ਤਰਾਂ ਹੀ ਹੈ, ਕਿ ਜਿਵੇਂ ਪਾਲਾ (ਸਰਦੀ) ਅੱਗ ਦਾ ਕੁਝ ਵੀ ਨਹੀਂ ਵਿਗਾੜ ਸਕਦਾ, ਹਨੇਰੇ ਦੀ ਚੰਨ ਅੱਗੇ ਕੋਈ ਪੇਸ਼ ਨਹੀਂ ਜਾ ਸਕਦੀ, ਜਾਤ-ਪਾਤ ਦੇ ਵਿਤਕਰੇ ਹਵਾ ਅਤੇ ਪਾਣੀ ਦੀ ਨਿਰਪੱਖਤਾ ਤੇ ਸਾਂਝੀਵਾਲਤਾ ਦਾ ਕੁਝ ਨਹੀਂ ਵਿਗਾੜ ਸਕਦੇ, ਅਤੇ ਜਿਵੇਂ ਧਰਤੀ ਦੇ ਪਦਾਰਥ (ਚੀਜ਼ਾਂ) ਆਪਣੇ ਭਾਰ ਜਾਂ ਖਿਲਾਰ ਨਾਲ ਧਰਤੀ ਦਾ ਕੁਝ ਨਹੀਂ ਵਿਗਾੜ ਸਕਦੇ (ਇਹ ਤਾਂ ਆਪ ਹੀ ਧਰਤੀ ਦੀ ਪੈਦਾਵਾਰ ਹਨ)। ਬਿਲਕੁਲ ਇਸੇ ਤਰਾਂ ਪ੍ਰਭੂ ਦੀ ਕਸਵੱਟੀ ਤੇ ਪੂਰੀ ਉੱਤਰ ਕੇ ਮਿਲੀ ਆਤਮਿਕ ਇੱਜ਼ਤ ਜਾਂ ਪ੍ਰਵਾਨਗੀ ਨੂੰ ਦੁਨੀਆ ਦੀ ਕੋਈ ਤਾਕਤ ਨਾਸ-ਖ਼ਰਾਬ ਨਹੀਂ ਕਰ ਸਕਦੀ। ਇਸ ਕਾਰਨ ਸਾਡੇ ਮਨੁੱਖੀ ਜੀਵਨ ਦਾ ਨਿਸ਼ਾਨਾ ਪ੍ਰਭੂ ਵੱਲੋਂ ਬਖ਼ਸ਼ੀ ਸੱਚੀ ਇੱਜ਼ਤ ਦੀ ਪ੍ਰਾਪਤੀ ਹੀ ਹੋਣੀ ਚਾਹੀਦਾ ਹੈ। ਯਥਾ :

**ਅਗੀ ਪਾਲਾ ਕਿ ਕਰੇ, ਸੂਰਜ ਕੇਹੀ ਰਾਤਿ॥**
**ਚੰਦ ਅਨੇਰਾ ਕਿ ਕਰੇ, ਪਉਣ ਪਾਣੀ ਕਿਆ ਜਾਤਿ॥**

**ਧਰਤੀ ਚੋਜੀ ਕਿ ਕਰੇ, ਜਿਸੁ ਵਿਚਿ ਸਭੁ ਕਿਛੁ ਹੋਇ॥**
**ਨਾਨਕ ਤਾ ਪਤਿ ਜਾਣੀਐ, ਜਾ ਪਤਿ ਰਖੈ ਸੋਇ॥**

*(ਮਾਝ ਕੀ ਵਾਰ, ਮ: ੧, ਪੰਨਾ ੧੫੦ ਵਿੱਚੋਂ)*

ਗੁਰੂ ਅੰਗਦ ਦੇਵ ਜੀ ਦੇ ਮਹਾਨ ਵਿਚਾਰਾਂ ਅਨੁਸਾਰ ਉਹੀ ਮਨੁੱਖ ਇਕ ਸਫ਼ਲ ਜੀਵ-ਵਣਜਾਰਾ ਹੈ, ਜੋ ਪ੍ਰਮੇਸ਼ਰ ਦੇ ਅਸਲੇ (ਆਤਮਾ) ਦਾ ਸੰਪੂਰਨ ਗਿਆਨ ਜਾਂ ਭੇਤ ਸਮਝਦਾ ਹੋਵੇ। ਗੁਰੂ ਸਾਹਿਬ ਅਨੁਸਾਰ ਪਰਮੇਸ਼ਰ ਦੇ ਅਸਲੇ ਨੂੰ ਸਮਝ ਲੈਣ ਵਾਲਾ ਮਨੁੱਖ ਦਰਅਸਲ ਮਾਇਆ ਤੋਂ ਨਿਰਲੇਪ ਪਰਮੇਸ਼ਰ ਦਾ ਸਰੂਪ ਹੋ ਜਾਂਦਾ ਹੈ ਅਤੇ ਅਜਿਹੀ ਉੱਚੀ ਆਤਮਿਕ ਅਵਸਥਾ ਵਾਲੇ ਪੁਰਖ ਦੀ ਵਡਿਆਈ ਗੁਰੂ ਅੰਗਦ ਦੇਵ ਜੀ ਆਪਣੇ-ਆਪ ਨੂੰ ਉਸ ਦਾ ਦਾਸ ਕਹਿ ਕੇ ਜ਼ਾਹਰ ਕਰਦੇ ਹਨ।

ਦੇਵੀ ਦੇਵਤਿਆਂ ਦੀ ਪੂਜਾ ਤੋਂ ਹੋੜ ਕੇ ਪਰਮੇਸ਼ਰ ਦੇ ਅਸਲ ਸਰੂਪ ਨੂੰ ਸਮਝਾਉਣ ਲਈ ਸਤਿਗੁਰੂ ਫ਼ੁਰਮਾਉਂਦੇ ਹਨ ਕਿ ਇਕ ਪ੍ਰਮੇਸ਼ਰ ਹੀ ਸਭ ਦੇਵੀ ਦੇਵਤਿਆਂ ਦੀ ਆਤਮਾ ਹੈ। ਦੇਵਤਿਆਂ ਦਾ ਕੀ, ਦੇਵਤਿਆਂ ਦੇ ਇਸ਼ਟ ਦੇਵਾਂ ਦਾ ਮੂਲ ਤੇ ਓਟ ਆਧਾਰ ਭੀ ਪ੍ਰਮੇਸ਼ਰ ਆਪ ਖ਼ੁਦ ਹੀ ਹੈ। ਅਜਿਹੇ ਪਰਮੇਸ਼ਰ ਦੀ ਸੰਪੂਰਨ ਜਾਣਕਾਰੀ ਜਾਂ ਗਿਆਨ ਹੀ ਮਨੁੱਖ ਲਈ ਜ਼ਰੂਰੀ (ਅਭੀਸ਼ਟ) ਹੈ। ਯਥਾ :

**ਏਕ ਕ੍ਰਿਸਨੰ ਸਰਬ ਦੇਵਾ, ਦੇਵ ਦੇਵਾ ਤ ਆਤਮਾ॥**
**ਆਤਮਾ ਬਾਸੁਦੇਵਸਿ੍, ਜੇ ਕੋ ਜਾਣੈ ਭੇਉ॥**
**ਨਾਨਕੁ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਉ॥**

*(ਆਸਾ ਕੀ ਵਾਰ, ਮ: ੧, ਪੰਨਾ ੪੬੯ ਵਿਚੋਂ)*

### *(੨) ਸੰਸਾਰਕ ਪਦਾਰਥ ਨਾਸ਼ਵੰਤ ਹਨ*

ਗੁਰੂ ਅੰਗਦ ਦੇਵ ਜੀ ਦੇ ਉਪਦੇਸ਼ ਅਨੁਸਾਰ ਮਨੁੱਖੀ ਜੀਵਨ ਕੇਵਲ ਇਕ ਰਾਤ ਮਾਨਿੰਦ ਕੁਝ ਸਮੇਂ ਲਈ ਹੈ। 12-13 ਘੰਟਿਆਂ ਦਾ ਸਮਾ ਪੂਰਾ ਹੋ ਜਾਣ ਪੁਰ ਸਵੇਰ ਆ ਜਾਂਦੀ ਹੈ ਇਸੇ ਤਰ੍ਹਾਂ ਚੰਦ ਬਰਸਾਂ ਜਾਂ ਮਹੀਨਿਆਂ ਪਿਛੋਂ ਮਨੁੱਖੀ ਜੀਵਨ ਸਫ਼ਰ ਦੀ ਰਾਤ ਖ਼ਤਮ ਹੋ ਜਾਂਦੀ ਹੈ। ਭਾਵ ਇਹ ਕਿ ਮਨੁੱਖਾ ਜੀਵਨ ਖਿਨ-ਭੰਗੁਰ ਜਾਂ ਥੋੜੇ ਸਮੇਂ ਲਈ ਹੀ ਹੈ।

ਗੁਰਦੇਵ ਫ਼ੁਰਮਾਉਂਦੇ ਹਨ ਕਿ ਜੇ ਮਨੁੱਖਾ ਜੀਵਨ ਰੂਪੀ ਖਿੰਨ-ਭੰਗੁਰ ਰਾਤ ਦੀ ਖ਼ਾਤਰ ਸਾਡੇ ਜੀਵਨ ਦਾ ਇਕ-ਮਾਤਰ ਨਿਸ਼ਾਨਾ ਧਨ ਜਾਇਦਾਦ ਇਕੱਤਰ ਕਰਨਾ ਬਣ ਜਾਵੇ, ਜਦ ਕਿ ਜੀਵਨ-ਰੂਪੀ ਰਾਤ ਖ਼ਤਮ ਹੋਣ ਤੇ (ਭਾਵ ਮੌਤ ਆਉਣ ਤੇ) ਨਿਸ਼ਚੇ ਹੀ ਇਹ ਧਨ-ਜਾਇਦਾਦ ਇਥੇ ਹੀ ਰਹਿ ਜਾਣੇ ਹਨ ਤੇ ਇਹ ਜੀਵ ਦੇ ਨਾਲ ਨਹੀ ਜਾ ਸਕਦੇ, ਤਾਂ ਇਹ ਅਸਲੀਅਤ ਪ੍ਰਗਟ ਹੋਣ ਤੇ ਪਛਤਾਵਾ ਹੀ ਪੱਲੇ ਪੈਣਾ ਹੈ। ਇਸ ਲਈ ਚੰਦ ਬਰਸਾਂ ਦੇ ਜੀਵਨ ਲਈ ਕੇਵਲ ਮਾਤਰ ਧਨ-ਜਾਇਦਾਦ ਇਕੱਤਰ

ਕਰੀ ਜਾਣ ਦਾ ਨਿਸ਼ਾਨਾ ਮਿਥ ਲੈਣਾ ਬਿਬੇਕ ਪੂਰਨ ਗੱਲ ਨਹੀਂ। ਯਥਾ :

**ਰਾਤਿ ਕਾਰਣਿ ਧਨੁ ਸੰਚੀਐ, ਭਲਕੇ ਚਲਣੁ ਹੋਇ॥**
**ਨਾਨਕ ਨਾਲਿ ਨ ਚਲਈ, ਫਿਰਿ ਪਛੁਤਾਵਾ ਹੋਇ॥**

*(ਵਾਰ ਸੂਹੀ ਕੀ, ਮ: ੩, ਪੰਨਾ ੭੮੭ ਵਿਚੋਂ)*

ਮਨੁੱਖੀ ਜੀਵਨ ਖਿੰਨ-ਭੰਗੁਰ ਹੈ, ਪਰ ਇਹ ਸਚਾਈ ਅਮਲ ਵਿਚ ਬਹੁਤ ਘੱਟ ਮਨੁੱਖਾਂ ਨੇ ਹਿਰਦੇ ਧਾਰਨ ਕੀਤੀ ਹੈ। ਇਸ ਸਚਾਈ ਨੂੰ ਪਛਾਣਨ ਵਾਲੇ ਤੇ ਇਸ ਤੋਂ ਬੇ-ਪ੍ਰਵਾਹ ਦੋਵੇਂ ਕਿਸਮਾਂ ਦੇ ਮਨੁੱਖ ਸੰਸਾਰ ਵਿਚ ਪਾਏ ਜਾਂਦੇ ਹਨ।

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਉਹ ਮਨੁੱਖ ਮਾਇਕ ਧੰਧਿਆਂ ਦੇ ਬਹੁਤੇ ਖਿਲਾਰੇ ਨਹੀਂ ਖਿਲਾਰਦੇ, ਜਿਹਨਾਂ ਨੇ ਮਨੁੱਖਾ ਜੀਵਨ ਦੀ ਖਿੰਨ-ਭੰਗੁਰਤਾ ਜਾਂ ਥੋੜ-ਵਿਤੀ ਬਿਰਤੀ ਨੂੰ ਸਮਝ ਲਿਆ ਹੈ। ਇਸ ਹਕੀਕਤ ਨੂੰ ਸਮਝਣ ਵਾਲੇ ਪੁਰਖ ਮਾਇਕ ਖਿਲਾਰੇ ਖਿਲਾਰਨ ਵੀ ਕਿਉਂ ?ਪਰ ਉਹ ਪੁਰਖ, ਜਿਹਨਾਂ ਦਾ ਨਿਸ਼ਾਨਾ ਕੇਵਲ ਮਾਤਰ ਆਪਣੇ ਦੁਨਿਆਵੀ ਕੰਮ ਸੰਵਾਰਨਾ ਤੇ ਸੂਤ ਕਰਨਾ ਹੈ, ਉਹਨਾਂ ਦੇ ਮਨ ਵਿਚ ਮਨੁੱਖਾ ਜੀਵਨ ਦੀ ਖਿੰਨ-ਭੰਗੁਰਤਾ ਦਾ ਖਿਆਲ ਤੱਕ ਨਹੀਂ ਹੁੰਦਾ। ਉਹ ਮੌਤ ਨੂੰ ਅਸਲੋਂ ਹੀ ਭੁੱਲੇ-ਵਿਸਰੇ ਬੈਠੇ ਹੋਏ ਹਨ। ਯਥਾ-

**ਜਿਨੀ ਚਲਣੁ ਜਾਣਿਆ, ਸੇ ਕਿਉ ਕਰਹਿ ਵਿਥਾਰ॥**
**ਚਲਣ ਸਾਰ ਨ ਜਾਣਨੀ, ਕਾਜ ਸਵਾਰਣ ਹਾਰ॥**

*(ਵਾਰ ਸੂਹੀ, ਮ: ੨ ਪੰਨਾ ੭੮੭ ਵਿਚੋਂ)*

### *(3) ਪਰਮੇਸ਼ਰ ਸਾਹਮਣੇ ਮੁੱਨਖ ਦੀ ਹਸਤੀ ਬੜੀ ਤੁੱਛ ਹੈ*

ਪਰਮੇਸ਼ਰ ਬਹੁਤ ਬੇਅੰਤ ਹੈ ਅਤੇ ਅਨੰਤ ਸ਼ਕਤੀਆਂ ਦਾ ਮਾਲਕ ਹੈ। ਪਰਮੇਸ਼ਰ ਦੇ ਅੱਟਲ ਕਾਨੂੰਨ ਅਨੁਸਾਰ ਜੀਵ ਨੇ ਆਪਣੇ ਕੀਤੇ ਕਰਮਾਂ ਮੁਤਾਬਕ ਆਪਣੇ ਜੀਵਨ ਦੀ ਨੱਠ-ਭੱਜ ਵਿਚ ਪਏ ਰਹਿਣਾ ਹੈ। ਰੋਜ਼ੀ ਮਾਤਰ ਦੀ ਖ਼ਾਤਰ ਸਾਰੇ ਜੀਵਨ ਵਿਚ ਕਿਸੇ ਨਾ ਕਿਸੇ ਕਿਸਮ ਦੀ ਭਟਕਣਾ ਵਿਚ ਪੈਣਾ ਹੀ ਪੈਣਾ ਹੈ। ਰੱਬ ਦਾ ਅੱਟਲ ਕਾਨੂੰਨ ਜਾਂ ਰਜ਼ਾ ਮੁੱਨਖ ਦੇ ਨੱਕ ਵਿਚ ਨਕੇਲ ਦੀ ਤਰ੍ਹਾਂ ਹੈ।

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਪਿਛਲੇ ਕਮਾਏ ਕਰਮਾਂ ਅਨੁਸਾਰ ਜੀਵ ਦਾ ਸੁਭਾਅ ਤੇ ਸੰਸਕਾਰ ਪੱਕ ਜਾਂਦੇ ਹਨ ਤੇ ਉਹ ਉਸੇ ਮੁਤਾਬਕ ਜੀਵਨ ਦੀ ਭੱਜ ਨੱਠ ਵਿਚ ਪਿਆ ਰਹਿੰਦਾ ਹੈ। ਰੱਬ ਦੇ ਅਟੱਲ ਕਾਨੂੰਨ ਜਾਂ ਰਜ਼ਾ ਅਧੀਨ ਪਿਛਲੇ ਕਮਾਏ ਕਰਮਾਂ ਮੁਤਾਬਿਕ ਜਿੱਥੇ-ਜਿੱਥੇ ਵੀ ਮਨੁੱਖ ਦਾ ਦਾਣਾ-ਪਾਣੀ ਹੁੰਦਾ ਹੈ, ਉਸ ਨੇ ਆਪਣੀ ਭੱਜ-ਨੱਠ ਵਿਚ ਉਥੋਂ ਜਾ ਕੇ ਖਾਣਾ ਹੁੰਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਰੱਬ ਦੇ ਅੱਟਲ ਕਾਨੂੰਨ ਅਥਵਾ ਰਜ਼ਾ ਦੀ ਨਕੇਲ ਮਨੁੱਖ ਦੇ ਨੱਕ ਵਿਚ ਪਈ ਹੋਈ ਹੈ ਤੇ ਇਸ ਰਜ਼ਾ ਦੀ ਨਕੇਲ ਦੀ ਰੱਸੀ ਪ੍ਰਭੂ ਨੇ ਆਪਣੇ ਹੱਥਾਂ ਵਿਚ ਲੈ ਰਖੀ ਹੋਈ ਹੈ।

ਮਨੁੱਖ ਆਪਣੀ ਸਾਰੀ ਭੱਜ-ਨੱਠ ਵਿਚ ਰਬ ਦੀ ਰਜ਼ਾ ਜਾਂ ਉਸ ਦੇ ਅਟੱਲ ਕਾਨੂੰਨ ਅਧੀਨ ਹੀ ਹੈ ਤੇ ਇਸ ਰਜ਼ਾ ਦਾ ਮਾਲਕ ਵਾਹਿਗੁਰੂ ਆਪ ਖ਼ੁਦ ਹੀ ਹੈ। ਮਨੁੱਖ ਆਪਣੇ ਆਪ ਉਤੇ ਜਿਤਨਾ ਮਰਜੀ ਮਾਣ ਕਰਦਾ ਰਹੇ, ਪਰ ਪ੍ਰਮੇਸ਼ਰ ਦੀ ਹਸਤੀ ਸਾਹਮਣੇ ਉਸ ਦੀ ਕੋਈ ਪਾਇਆਂ ਨਹੀਂ। ਯਥਾ :

ਨਕਿ ਨਥ ਖਸਮ ਹਥ, ਕਿਰਤੁ ਧਕੇ ਦੇ॥
ਜਹਾ ਦਾਣੇ ਤਹਾਂ ਖਾਣੇ, ਨਾਨਕਾ ਸਚੁ ਹੇ॥

*(ਸੋਰਠਿ ਵਾਰ, ਮ: ੪ ਪੰਨਾ ੬੫੩ ਵਿਚੋਂ)*

### *(4) ਰੰਗਾ-ਰੰਗੀ ਰੱਬੀ ਸ੍ਰਿਸ਼ਟੀ ਦੇ ਮਾਇਕ ਧੰਦਿਆਂ ਵਿਚ ਚਿਤ ਫਸਾ ਲੈਣਾ ਉਚਿਤ ਨਹੀਂ*

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਪ੍ਰਮੇਸ਼ਰ ਆਪ ਹੀ ਸਭ ਜੀਆਂ ਜੰਤਾਂ ਨੂੰ ਪੈਦਾ ਕਰਦਾ ਹੈ ਅਤੇ ਆਪ ਹੀ ਇਸ ਰੰਗ-ਬਿਰੰਗੀ ਭਾਅ ਵਾਲੀ ਸ੍ਰਿਸ਼ਟੀ ਦੀ ਸੰਭਾਲ ਕਰਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦਿਆਂ ਫ਼ੁਰਮਾਉਂਦੇ ਹਨ ਕਿ ਜਦ ਸਭ ਜੀਵਾਂ ਦਾ ਸਾਹਿਬ ਇਕੋ ਵਾਹਿਦ ਪਰਮੇਸ਼ਰ ਆਪ ਹੈ, ਤਾਂ ਅਸੀਂ ਮੰਦਾ ਕਿਸ ਨੂੰ ਤੇ ਕਿਉਂ ਕਹੀਏ ?

ਪਰਮੇਸ਼ਰ ਸਭ ਜੀਵਾਂ ਦਾ ਸਾਹਿਬ ਹੈ ਤੇ ਸਭ ਜੀਵਾਂ ਨੂੰ ਆਪਣੀ ਰਜ਼ਾ ਅਨੁਸਾਰ ਮਾਇਕ-ਧੰਦਿਆਂ ਵਿਚ ਲਗਾ ਕੇ ਉਹਨਾਂ ਦੀ ਦੇਖ ਭਾਲ ਕਰ ਰਿਹਾ ਹੈ। ਸੰਸਾਰ ਦਾ ਕੋਈ ਜੀਵ ਇਹਨਾਂ ਮਾਇਕ ਧੰਦਿਆਂ ਤੋਂ ਬਚ ਨਹੀਂ ਸਕਿਆ। ਕਿਸੇ ਨੂੰ ਥੋੜ੍ਹੇ ਮਾਇਕ ਧੰਦੇ ਲਗਾਏ ਗਏ ਹਨ ਤੇ ਕਿਸੇ ਨੂੰ ਜ਼ਿਆਦਾ। ਇਹਨਾਂ ਧੰਦਿਆਂ ਵਿਚ ਫਸ ਕੇ ਮਨੁੱਖ ਆਪਣੀ ਹੋਸ਼ ਹਵਾਸ ਗੁਆ ਬੈਠਦੇ ਹਨ। ਉਹ ਮਾਇਕ ਖਿਲਾਰੇ ਖਿਲਾਰੀ ਜਾਂਦੇ ਹਨ ਤੇ ਵੱਧ ਤੋਂ ਵੱਧ ਧਨ ਜਾਇਦਾਦ ਇਕੱਤਰ ਕਰਨ ਮਾਤਰ ਨੂੰ ਜੀਵਨ ਦਾ ਨਿਸ਼ਾਨਾ ਮਿੱਥ ਲੈਂਦੇ ਹਨ। ਇਹ ਸਭ ਕੁਝ ਦੇਖਦਿਆਂ ਹੋਇਆਂ ਭੀ ਮਾਇਕ ਖਿਲਾਰੇ ਖਿਲਾਰਦੇ ਜਾ ਰਹੇ ਹਨ ਕਿ ਸਭ ਜੀਵ ਸੰਸਾਰ ਵਿਚ ਖਾਲੀ ਹੀ ਆਉਂਦੇ ਹਨ ਤੇ ਆਪਣੇ ਇਕੱਤਰ ਕੀਤੇ ਧਨ-ਜਾਇਦਾਦ ਨੂੰ ਇਥੇ ਹੀ ਛੱਡ ਕੇ ਖਾਲੀ ਹੀ ਸੰਸਾਰ ਵਿਚੋਂ ਕੂਚ ਕਰ ਜਾਂਦੇ ਹਨ। ਅੱਗੇ ਜਾ ਕੇ ਮਾਇਆ ਵੇੜੇ ਜੀਵਾਂ ਨੂੰ ਕਿਹੜੀ ਕਾਰ ਕਰਨ ਨੂੰ ਮਿਲੇਗੀ, ਇਸ ਸਬੰਧੀ ਪ੍ਰਮੇਸ਼ਰ ਦਾ ਅਟੱਲ ਹੁਕਮ ਜਾਣਿਆ ਨਹੀਂ ਜਾ ਸਕਦਾ। ਯਥਾ :

ਆਪਿ ਉਪਾਏ ਨਾਨਕਾ, ਆਪੇ ਰਖੈ ਵੇਕ ॥
ਮੰਦਾ ਕਿਸ ਨੋ ਆਖੀਐ, ਜਾਂ ਸਭਨਾ ਸਾਹਿਬੁ ਏਕੁ ॥
ਸਭਨਾ ਸਾਹਿਬੁ ਏਕੁ ਹੈ, ਵੇਖੈ ਧੰਧੈ ਲਾਇ॥
ਕਿਸੈ ਥੋੜਾ ਕਿਸੈ ਅਗਲਾ, ਖਾਲੀ ਕੋਈ ਨਾਹਿ॥
ਆਵਹਿ ਨੰਗੇ ਜਾਹਿ ਨੰਗੇ, ਵਿਚੇ ਕਰਹਿ ਵਿਥਾਰ॥

**ਨਾਨਕ ਹੁਕਮੁ ਨ ਜਾਣੀਐ, ਅਗੈ ਕਾਈ ਕਾਰ ॥**

*(ਸਾਰੰਗ ਕੀ ਵਾਰ, ਮ: ੪, ਪੰਨਾ ੧੨੩੮ ਵਿਚੋਂ)*

ਗੁਰੂ ਅੰਗਦ ਦੇਵ ਜੀ ਮਨੁੱਖ ਨੂੰ ਬੜੀ ਜ਼ੋਰਦਾਰ ਪ੍ਰੇਰਨਾ ਦਿੰਦਿਆਂ ਫ਼ੁਰਮਾਉਂਦੇ ਹਨ, ਕਿ ਹੇ ਮਨੁੱਖ, ਮਾਇਕ ਵਡਿਆਈਆਂ ਨਾਲ ਪਿਆਰ ਪਾਣ ਤੇ ਇਹਨਾਂ ਪਿਛੇ ਭੱਜੇ-ਨੱਠੇ ਫਿਰਨ ਦਾ ਕੀ ਲਾਭ ?ਜੇ ਤੂੰ ਉੱਚੀ ਆਤਮਿਕ ਅਵਸਥਾ ਨੂੰ ਹਾਸਲ ਕਰਨਾ ਚਾਹੁੰਦਾ ਹੈਂ ਤਦ ਦੁਨੀਆ ਦੀਆਂ ਇਹਨਾਂ ਮਾਇਕ ਵਡਿਆਇਆਂ ਨੂੰ ਗੁਰੂ-ਗਿਆਨ ਦੀ ਅੱਗ ਵਿਚ ਸਾੜ ਦੇਹ । ਦੁਨੀਆ ਦੀਆਂ ਇਹਨਾਂ ਸੜਨ-ਜੋਗੀਆਂ ਮਾਇਕ ਵਡਿਆਇਆਂ ਨੇ ਤਾਂ ਤੈਨੂੰ ਰੱਬ ਦਾ ਨਾਮ ਅਰ ਪਿਆਰ ਭੁਲਾ ਦਿਤਾ ਹੈ ਅਤੇ ਮਰਨ ਪਿਛੋਂ ਮਾਇਕ ਪ੍ਰਾਪਤੀਆਂ ਵਿਚੋਂ ਇਕ ਪ੍ਰਾਪਤੀ ਵੀ ਤੇਰੇ ਨਾਲ ਨਹੀਂ ਜਾਣੀ। ਯਥਾ :

**ਨਾਨਕ ਦੁਨੀਆ ਕੀਆਂ ਵਡਿਆਈਆਂ, ਅਗੀ ਸੇਤੀ ਜਾਲਿ ॥**
**ਏਨੀ ਜਲੀਈਂ ਨਾਮੁ ਵਿਸਾਰਿਆ, ਇਕ ਨ ਚਲੀਆ ਨਾਲਿ ॥**

*(ਵਾਰ ਮਲਾਰ ਕੀ, ੧੨੯੦)*

### *(5) ਪ੍ਰਮੇਸ਼ਰ ਤੋਂ ਟੁੱਟਿਆ ਬੰਦਾ ਅਗਿਆਨੀ ਅਰ ਅੰਨ੍ਹਾ ਹੈ*

ਗੁਰੂ ਅੰਗਦ ਦੇਵ ਜੀ ਉਸ ਮਨੁੱਖ ਨੂੰ ਅੰਨ੍ਹਾ ਨਹੀਂ ਕਹਿੰਦੇ ਜੋ ਪਰਮੇਸ਼ਰ ਦੀ ਰਜ਼ਾ ਅਨੁਸਾਰ ਨੇਤਰਹੀਣ ਹੋ ਗਿਆ ਹੈ।ਆਪ ਜੀ ਮੁਤਾਬਕ ਅਸਲ ਵਿਚ ਅੰਨ੍ਹਾ ਉਸ ਪੁਰਖ ਨੂੰ ਕਹਿਣਾ ਚਾਹੀਦਾ ਹੈ, ਜੋ ਪਰਮੇਸ਼ਰ ਦੀ ਰਜ਼ਾ ਅਥਵਾ ਉਸਦੇ ਅਟੱਲ ਕਾਨੂੰਨ ਅਥਵਾ ਹੁਕਮ ਨੂੰ ਨਹੀਂ ਸਮਝਦਾ। ਮਨੁਖੀ ਜੀਵਨ ਵਿਚ ਕੂੜ ਦੇ ਪਰਦੇ ਨੂੰ ਤੋੜ ਕੇ ਤੇ ਹਟਾ ਕੇ ਹੀ ਪਰਮੇਸ਼ਰ ਦੇ ਦੀਦਾਰ ਹੋ ਸਕਦੇ ਹਨ ਅਤੇ ਕੂੜ ਦਾ ਪਰਦਾ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਚਲਣ ਨਾਲ ਹੀ ਟੁੱਟ ਸਕਦਾ ਹੈ। ਰੱਬੀ ਰਜ਼ਾ ਦੀ ਸੂਝ ਤੋਂ ਵਿਹੂਣਾ ਪੁਰਖ ਜੀਵਨ ਵਿਚ ਅੰਨ੍ਹੇ ਵਾਂਗ ਠੇਡੇ ਖਾਂਦਾ ਹੈ। ਯਥਾ :

**ਸੋ ਕਿਉ ਅੰਧਾ ਆਖੀਐ, ਜਿ ਹੁਕਮਹੁ ਅੰਧਾ ਹੋਇ ॥**
**ਨਾਨਕ ਹੁਕਮੁ ਨ ਬੁਝਈ, ਅੰਧਾ ਕਹੀਐ ਸੋਇ ॥**

*(ਰਾਮਕਲੀ ਕੀ ਵਾਰ, ਮ: ੩, ੯੫੪)*

ਗੁਰਦੇਵ ਬਹੁਤ ਸਾਫ ਲਫ਼ਜ਼ਾਂ ਵਿਚ ਫ਼ੁਰਮਾਉਂਦੇ ਹਨ ਕਿ ਅਸਲ ਵਿਚ ਉਹ ਬੰਦੇ ਅੰਨ੍ਹੇ ਨਹੀਂ ਅਖਵਾ ਸਕਦੇ, ਜਿਹਨਾ ਦੇ ਚਿਹਰੇ ਉੱਤੇ ਅੱਖਾਂ ਨਹੀਂ ਹਨ। ਅਸਲ ਅੰਨ੍ਹੇ ਤਾਂ ਉਹ ਹਨ ਜੋ ਸੰਸਾਰ ਅਤੇ ਮਾਇਆ ਦੀ ਅਸਲੀਅਤ ਨੂੰ ਜੀਵਨ ਵਿਚ ਦੇਖ ਪਛਾਣ ਹੀ ਨਹੀਂ ਸਕੇ ਅਤੇ ਜਿਸ ਕਾਰਨ ਉਹ ਸਾਰਾ ਜੀਵਨ ਰੱਬ ਤੋਂ ਘੁੱਥੇ (ਖੁੰਝੇ) ਰਹੇ ਹਨ।

ਅਜਿਹੇ ਮਾਇਆ-ਵੇੜੇ, ਰਬੋਂ-ਘੁੱਥੇ ਅੰਨ੍ਹੇ ਅਗਿਆਨੀਆਂ ਦੇ ਰਾਹ ਦੱਸੇ ਅਨੁਸਾਰ ਤਾਂ ਉਹ ਮਨੁੱਖ ਹੀ ਚਲ ਸਕਦਾ ਹੈ, ਜੋ ਆਪ ਵੀ ਅੰਨ੍ਹਾ ਹੋਵੇ। ਗਿਆਨਵਾਨ ਸੁਜਾਖਾ

ਪੁਰਖ ਅਜਿਹੇ ਰਬੋਂ-ਘੁੱਥੇ, ਅਗਿਆਨੀਆਂ ਦੇ ਆਖੇ ਲੱਗ ਕੇ ਓਝੜ ਵਿਚ ਨਹੀਂ ਪੈ ਸਕਦਾ। ਯਥਾ :

ਅੰਧੇ ਕੈ ਰਾਹਿ ਦਸਿਐ, ਅੰਧਾ ਹੋਇ ਸੁ ਜਾਇ॥
ਹੋਇ ਸੁਜਾਖਾ ਨਾਨਕਾ, ਸੋ ਕਿਉ ਉਝੜਿ ਪਾਇ॥
ਅੰਧੇ ਏਹਿ ਨ ਆਖੀਅਨਿ, ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ, ਖਸਮਹੁ ਘੁਥੇ ਜਾਹਿ॥

*(ਰਾਮਕਲੀ ਕੀ ਵਾਰ , ਮ: ੩, ੯੫੪)*

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਰੱਬੀ ਗੁਣਾਂ ਦੇ ਰਤਨਾਂ ਦੀ ਗੁੱਥੀ ਰਤਨਾਂ ਦੀ ਪਰਖ ਵਾਲੇ ਗੁਰੂ ਨੇ ਆ ਖੋਲ੍ਹੀ ਹੈ। ਰੱਬੀ ਗੁਣ-ਰੂਪੀ-ਰਤਨ ਵੇਚਣ ਵਾਲੇ ਸਤਿਗੁਰੂ ਤੇ ਰੱਬੀ ਗੁਣ-ਰੂਪੀ ਰਤਨਾਂ ਨੂੰ ਖਰੀਦਣ ਵਾਲੇ ਸੱਚੇ ਜਗਿਆਸੂਆਂ—ਦੋਹਾਂ ਦੇ ਹਿਰਦੇ ਵਿਚ ਰੱਬੀ ਗੁਣ-ਰੂਪੀ-ਰਤਨਾਂ ਦੀ ਪੂੰਜੀ ਸਮਾਈ ਪਈ ਹੈ। ਜਿਹਨਾਂ ਮਨੁੱਖਾਂ ਕੋਲ ਰੱਬੀ ਗੁਣ-ਰੂਪੀ-ਰਤਨਾਂ ਨੂੰ ਪਰਖ ਸਕਣ ਦਾ ਗੁਣ ਜਾਂ ਖ਼ੂਬੀ ਹੈ ਉਹੀ ਮਨੁੱਖ ਰੱਬੀ ਗੁਣਾਂ ਦੇ ਮਾਣਕਾਂ ਦਾ ਵਪਾਰ ਕਰਦੇ ਹਨ ਪਰ ਜੋ ਮਨੁੱਖ ਰੱਬੀ ਗੁਣਾਂ ਦੇ ਰਤਨਾਂ ਦੀ ਕਦਰ ਨਹੀਂ ਜਾਣਦੇ, ਉਹ ਮਨੁੱਖ ਸੰਸਾਰ ਵਿਚ ਅੰਨ੍ਹਿਆਂ ਦੀ ਤਰਾਂ ਭਟਕਦੇ ਫਿਰਦੇ ਹਨ। ਯਥਾ :

ਰਤਨਾ ਕੇਰੀ ਗੁਥਲੀ, ਰਤਨੀ ਖੋਲੀ ਆਇ॥
ਵਖਰ ਤੈ ਵਣਜਾਰਿਆ, ਦੁਹਾ ਰਹੀ ਸਮਾਇ॥
ਜਿਨ ਗੁਣੁ ਪਲੈ ਨਾਨਕਾ, ਮਾਣਕ ਵਣਜਹਿ ਸੇਇ॥
ਰਤਨਾ ਸਾਰ ਨ ਜਾਣਨੀ, ਅੰਧੇ ਵਤਹਿ ਲੋਇ॥

*(ਰਾਮਕਲੀ ਕੀ ਵਾਰ, ਮ: ੩, ੯੫੪)*

ਗੁਰੂ ਅੰਗਦ ਸਾਹਿਬ ਫ਼ੁਰਮਾਉਂਦੇ ਹਨ ਕਿ ਮਾਲਕ ਵਾਹਿਗੁਰੂ ਨੇ ਆਪ ਹੀ ਅਗਿਆਨੀ -ਅੰਨ੍ਹਾ ਬਣਾਇਆ ਹੈ। ਉਸ ਨੂੰ ਜੇ ਵਾਹਿਗੁਰੂ ਆਪ ਚਾਹੇ ਤਾਂ ਭਾਵੇਂ ਗਿਆਨ ਵਾਲਾ ਬਣਾ ਦੇਵੇ, ਹੋਰ ਕੋਈ ਬੰਦਾ ਆਪਣੇ ਬਾਹਰਲੇ ਯਤਨਾਂ ਨਾਲ ਉਸ ਨੂੰ ਗਿਆਨ ਵਾਲਾ ਨਹੀਂ ਬਣਾ ਸਕਦਾ ਤੇ ਉਸ ਦੇ ਮਨ ਨੂੰ ਲਗੀ ਮਾਇਆ ਦੀ ਪਾਹ ਨਹੀਂ ਧੁਪ ਸਕਦੀ। ਮਾਇਆ ਵੇੜੇ ਅਗਿਆਨੀ ਜੀਵ ਨੂੰ ਜੈਸੀ ਮਾਇਕ ਸੂਝ ਹੈ, ਉਹੋ ਜਿਹਾ ਮਾਇਕੀ ਵਰਤਾਰਾ ਉਹ ਕਰੀ ਜਾਂਦਾ ਹੈ ਅਤੇ ਉਹ ਸੈਂਕੜੇ ਮਨੁੱਖਾਂ ਦੇ ਸਮਝਾਉਣ ਉੱਤੇ ਵੀ ਗਿਆਨ ਦੀ ਗੱਲ ਨਹੀਂ ਸਮਝਦਾ ।

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ, ਕਿ ਜਿਸ ਹਿਰਦੇ ਵਿਚ ਵੀ ਰੱਬੀ ਪਿਆਰ ਰੂਪੀ ਵਸਤੂ ਨਹੀਂ ਦਿੱਸਦੀ, ਉੱਥੇ ਆਪਾ-ਭਾਵ ਜਾਂ ਹਉਮੈ ਵਿਆਪੀ ਸਮਝੋ, ਭਾਵੇਂ ਉਹ ਪੁਰਖ ਲੱਖ ਧਾਰਮਿਕ ਆਡੰਬਰ ਕਰਦਾ ਨਜ਼ਰ ਆਵੇ। ਅਸਲੀਅਤ ਇਹ ਹੈ ਕਿ ਗਾਹਕ ਉਹ ਚੀਜ਼ ਖਰੀਦੇ ਵੀ ਤਾਂ ਕਿਉਂ ਖਰੀਦੇ, ਜਿਸ ਚੀਜ਼ ਦੀ ਗਾਹਕ ਨੂੰ ਪਛਾਣ

ਹੀ ਨਹੀਂ । ਪਿਆਰ ਤੋਂ ਬਿਨਾਂ ਮਨੁੱਖ ਹਉਮੈ ਵਿਚ ਫਾਥਾ ਰਹਿੰਦਾ ਹੈ ਤੇ ਪ੍ਰਮੇਸ਼ਰ ਦੇ ਸਿਮਰਨ ਤੇ ਜਸ ਗਾਉਣ ਦੀ ਕੀਮਤ ਨਹੀਂ ਪਾ ਸਕਦਾ। ਯਥਾ :

**ਸਾਹਬਿ ਅੰਧਾ ਜੋ ਕੀਆ, ਕਰੇ ਸੁਜਾਖਾ ਹੋਇ॥**
**ਜੇਹਾ ਜਾਣੈ ਤੇਹੋ ਵਰਤੈ, ਜੇ ਸਉ ਆਖੈ ਕੋਇ ॥**
**ਜਿਥੈ ਸੁ ਵਸਤੁ ਨ ਜਾਪਈ, ਆਪੇ ਵਰਤਉ ਜਾਣਿ॥**
**ਨਾਨਕ ਗਾਹਕੁ ਕਿਉ ਲਏ, ਸਕੈ ਨ ਵਸਤੁ ਪਛਾਣਿ॥**

*(ਰਾਮਕਲੀ ਕੀ ਵਾਰ, ਮ: ੩, ਪੰਨਾ ੯੫੪ ਵਿਚੋਂ )*

## *ਆਤਮਿਕ ਰਾਹਨੁਮਾਈ ਦੇਣ ਵਾਲਿਆਂ ਬਾਰੇ*

ਸ੍ਰੀ ਗੁਰੂ ਅੰਗਦ ਦੇਵ ਜੀ ਅਨੁਸਾਰ ਜੇ ਸੰਸਾਰ ਵਿਚ ਸੈਂਕੜੇ ਚੰਨ ਚੜ੍ਹ ਪੈਣ ਤੇ ਹਜਾਰਾਂ ਸੂਰਜ ਵੀ ਉਦੈ ਹੋ ਜਾਣ ਤਾਂ ਇਹਨਾਂ ਚੰਨਾਂ ਤੇ ਸੂਰਜਾਂ ਦਾ ਪਰਕਾਸ਼ ਹੁੰਦਿਆਂ ਹੋਇਆਂ ਵੀ ਸਤਿਗੁਰੂ ਦੀ ਰਾਹਨੁਮਾਈ ਬਿਨਾਂ ਸੰਸਾਰਕ ਜੀਵਾਂ ਦੇ ਆਤਮਿਕ ਰਸਤੇ ਵਿਚ ਸਹੀ ਅਰਥਾਂ ਵਿਚ ਅਗਿਆਨਤਾ ਦਾ ਘੁੱਪ ਹਨੇਰਾ ਹੀ ਹੁੰਦਾ ਹੈ । ਆਤਮਿਕ ਰਾਹਨੁਮਾਈ ਲਈ ਸਤਿਗੁਰੂ ਦੀ ਲੋੜ ਬੇਹੱਦ ਜ਼ਰੂਰੀ ਹੈ । ਯਥਾ :

**ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ॥**
**ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ॥**

*(ਆਸਾ ਕੀ ਵਾਰ , ਮ: ੧, ਪੰਨਾ ੪੬੩ ਵਿਚੋਂ)*

ਸਤਿਗੁਰੂ ਅੰਗਦ ਦੇਵ ਜੀ ਨੇ ਸਤਿਗੁਰੂ ਦੀ ਲੋੜ ਸੰਬੰਧੀ ਬਹੁਤ ਖ਼ੂਬਸੂਰਤ ਮਿਸਾਲ ਦਿੱਤੀ ਹੈ। ਆਪ ਜੀ ਅਨੁਸਾਰ ਸਤਿਗੁਰੂ ਤੋਂ ਬਿਨਾਂ ਮਨੁੱਖੀ ਮਨ ਦਾ ਦਰਵਾਜ਼ਾ ਹੋਰ ਕੋਈ ਖੋਲ੍ਹ ਨਹੀਂ ਸਕਦਾ। ਮਨ ਦੇ ਦਰਵਾਜ਼ੇ ਉੱਤੇ ਲਗੇ ਜੰਦਰੇ ਦੀ ਕੁੰਜੀ (ਚਾਬੀ) ਸਤਿਗੁਰੂ ਤੋਂ ਬਿਨਾਂ ਹੋਰ ਕਿਸੇ ਦੇ ਹੱਥ ਵਿਚ ਨਹੀਂ। ਮਨੁੱਖੀ ਮਨ ਇਕ ਤਰ੍ਹਾਂ ਦਾ ਕੋਠਾ ਜਿਹਾ ਹੀ ਹੈ ਤੇ ਮਨੁੱਖੀ ਸਰੀਰ ਇਕ ਤਰ੍ਹਾਂ ਇਸ ਕੋਠੇ ਦੀ ਛੱਤ ਹੈ ਅਤੇ ਇਸ ਮਨੁੱਖੀ ਮਨ ਰੂਪੀ ਕੋਠੇ ਦੇ ਦਰਵਾਜ਼ੇ ਉਤੇ ਮਾਇਕ ਪਾਹ ਰੂਪੀ ਬਹੁਤ ਮਜ਼ਬੂਤ ਜੰਦਰਾ ਲਗਾ ਹੋਇਆ ਹੈ। ਮਾਇਆ ਦੇ ਅਸਰਾਂ ਰੂਪੀ ਜੰਦਰੇ ਨੂੰ ਸਤਿਗੁਰੂ ਦੀ ਗਿਆਨ-ਰੂਪੀ-ਕੁੰਜੀ ਨਾਲ ਹੀ ਖੋਲ੍ਹਿਆ ਜਾ ਸਕਦਾ ਹੈ। ਮਾਇਆ ਦੇ ਭੈੜੇ ਪ੍ਰਭਾਵਾਂ ਤੋਂ ਨਜਾਤ ਕੇਵਲ ਮਾਤਰ ਸਤਿਗੁਰੂ ਦੇ ਗਿਆਨ ਰਾਹੀਂ ਹੀ ਹਾਸਲ ਹੋ ਸਕਦੀ ਹੈ। ਯਥਾ :

**ਗੁਰੁ ਕੁੰਜੀ, ਪਾਹੂ ਨਿਵਲੁ, ਮਨੁ ਕੋਠਾ, ਤਨੁ ਛਤਿ॥**
ਨਾਨਕ, ਗੁਰ ਬਿਨੁ ਮਨ ਕਾ ਤਾਕੁ ਨ ਉਘੜੈ, ਅਵਰ ਨ ਕੁੰਜੀ ਹਥਿ॥

*(ਸਾਰੰਗ ਕੀ ਵਾਰ, ਮ: ੪, ੧੨੩੭ ਵਿਚੋਂ)*

ਗੁਰੂ ਅੰਗਦ ਦੇਵ ਜੀ ਮੁਤਾਬਕ ਆਤਮਿਕ ਰਾਹਨੁਮਾਈ ਦੇਣ ਵਾਲੇ ਪੁਰਖ ਇਕ ਵੈਦ ਜਾਂ ਡਾਕਟਰ ਵਾਂਗ ਹਨ। ਵੈਦ ਤੇ ਡਾਕਟਰ ਮਨੁੱਖ ਦੇ ਸਰੀਰਕ ਰੋਗਾਂ ਦਾ ਇਲਾਜ

ਕਰਦੇ ਹਨ ਜਦ ਕਿ ਸਤਿਗੁਰੂ, ਸੰਤ ਜਾਂ ਧਰਮ-ਪ੍ਰਚਾਰਕ ਦਾ ਕੰਮ ਮਨੁੱਖ ਦੇ ਆਤਮਿਕ ਰੋਗਾਂ ਦਾ ਇਲਾਜ ਕਰਨਾ ਹੁੰਦਾ ਹੈ।

ਚੰਗਾ ਵੈਦ ਜਾਂ ਡਾਕਟਰ ਉਹੀ ਹੋ ਸਕਦਾ ਹੈ, ਜਿਸਨੂੰ ਰੋਗ ਦੀ ਪੂਰੀ ਪਛਾਣ ਜਾਂ ਜਾਣਕਾਰੀ ਹੋਵੇ, ਰੋਗ ਨੂੰ ਸਰੀਰੋਂ ਬਾਹਰ ਕੱਢਣ ਲਈ ਸੁਚੱਜੀ ਦਵਾਈ ਉਸ ਪਾਸ ਹੋਵੇ ਅਤੇ ਦਵਾਈ ਵੀ ਐਸੀ ਹੋਵੇ ਕਿ ਉਸ ਨਾਲ ਸਰੀਰ ਵਿਚੋਂ ਸਾਰੇ ਰੋਗ ਖ਼ਤਮ ਹੋ ਜਾਣ ਤੇ ਮਨੁੱਖ ਸਰੀਰਕ ਤੌਰ ਤੇ ਸੁਖੀ ਹੋ ਜਾਵੇ। ਉਸ ਵੈਦ ਦੇ ਇਲਾਜ ਦਾ ਅਸਰ ਹੀ ਰੋਗੀ ਤੇ ਪੈ ਸਕਦਾ ਹੈ ਜੋ ਆਪ ਖੁਦ ਰੋਗਾਂ ਤੋਂ ਮੁਕਤ ਹੋਵੇ। ਰੋਗ ਗ੍ਰਸਤ ਵੈਦ ਦਾ ਤਾਂ ਰੋਗੀ ਦੇ ਮਨ ਉਪਰ ਬਹੁਤ ਭੈੜਾ ਮਨੋ-ਵਿਗਿਆਨਕ ਪ੍ਰਭਾਵ ਪੈ ਸਕਦਾ ਹੈ।

ਇੰਨ-ਬਿੰਨ ਇਸ ਤਰਾਂ ਚੰਗਾ ਧਾਰਮਿਕ ਆਗੂ ਉਹੀ ਹੋ ਸਕਦਾ ਹੈ ਜੋ ਮਨੁੱਖਾਂ ਦੇ ਆਤਮਿਕ ਰੋਗ ਨੂੰ ਚੰਗੀ ਤਰ੍ਹਾਂ ਪਛਾਣਦਾ ਹੋਵੇ। ਮਨੁੱਖ ਦੇ ਸਮੂਹ-ਆਤਮਿਕ ਰੋਗਾਂ ਦਾ ਸਮੁੱਚਾ ਨਾਸ ਕਰਨ ਲਈ ਉਸ ਪਾਸ ਸਹੀ ਇਲਾਜ (ਦਾਰੂ ਜਾਂ ਦਵਾਈ) ਹੋਵੇ। ਇਲਾਜ ਵੀ ਐਸਾ ਕਿ ਜਿਸ ਨਾਲ ਮਨੁੱਖ ਦੇ ਸਾਰੇ ਆਤਮਿਕ ਰੋਗ ਨਸ਼ਟ ਹੋ ਜਾਣ ਤੇ ਮਨੁੱਖ ਸੁੱਖਾਂ ਨਾਲ ਭਰਪੂਰ ਹੋ ਜਾਏ। ਚੰਗਾ ਧਾਰਮਿਕ ਆਗੂ ਤਾਂ ਉਹੋ ਹੀ ਹੋ ਸਕਦਾ ਹੈ ਜਿਸ ਨੇ ਪਹਿਲਾਂ ਆਪਣਾ ਆਤਮਿਕ ਰੋਗ ਪੂਰੀ ਤਰਾਂ ਮੁਕਾ ਰੱਖਿਆ ਹੋਵੇ। ਯਥਾ :

**ਵੈਦਾ ਵੈਦੁ ਸੁਵੈਦੁ ਤੂ, ਪਹਿਲਾਂ ਰੋਗੁ ਪਛਾਣੁ ॥**
**ਐਸਾ ਦਾਰੂ ਲੋੜਿ ਲਹੁ, ਜਿਤੁ ਵੰਞੈ ਰੋਗਾ ਘਾਣਿ ॥**
**ਜਿਤੁ ਦਾਰੂ ਰੋਗ ਉਠਿਅਹਿ, ਤਨਿ ਸੁਖੁ ਵਸੈ ਆਇ ॥**
**ਰੋਗੁ ਗਵਾਇਹਿ ਆਪਣਾ, ਤ ਨਾਨਕ ਵੈਦੁ ਸਦਾਇ ॥**

*(ਵਾਰ ਮਲਾਰ, ਮ: ੧, ਪੰਨਾ ੧੨੭੯ ਵਿਚੋਂ)*

ਗੁਰੂ ਅੰਗਦ ਦੇਵ ਜੀ ਦੇ ਵਿਚਾਰ ਅਨੁਸਾਰ ਜੇ ਕੋਈ ਮਨੁੱਖ ਆਪ ਖੁਦ ਤਾਂ ਬ੍ਰਹਮ ਗਿਆਨ ਤੋਂ ਸੱਖਣਾ ਹੋਵੇ ਤੇ ਤੁਰ ਪਏ ਰੱਬੀ ਗੁਣਾਂ-ਰੂਪੀ ਰਤਨਾਂ ਦੀ ਪਰਖ ਕਰਨ, ਤਾਂ ਉਸਨੂੰ ਬੁਰੀ ਤਰਾਂ ਅਸਫ਼ਲਤਾ ਦਾ ਮੂੰਹ ਵੇਖਣਾ ਪੈਂਦਾ ਹੈ। ਬ੍ਰਹਮ-ਗਿਆਨ-ਵਿਹੂਣਾ ਆਪ ਬਣਿਆ "ਸਤਿਗੁਰੂ" ਬ੍ਰਹਮ-ਗਿਆਨ ਦੇ ਰਤਨਾਂ ਦੀ ਜਾਣਕਾਰੀ ਤੇ ਕਦਰ ਤੋਂ ਆਪ ਖੁਦ ਸੱਖਣਾ ਹੋਣ ਕਾਰਨ ਆਪਣੇ ਕਿਸੇ ਚੇਲੇ ਦਾ ਤਾਂ ਭਲਾ ਉਕਾ ਨਹੀਂ ਕਰ ਸਕਦਾ, ਪਰ ਆਪਣੀ ਅਗਿਆਨਤਾ ਦਾ ਪੋਲ ਅਗੇ-ਪਿਛੇ ਅਚਾਨਕ ਖੁਲਵਾ ਬਹਿੰਦਾ ਹੈ ਅਤੇ ਇਸ ਤਰਾਂ ਆਪਣਾ ਆਪ ਨਸ਼ਰ ਕਰਵਾ ਕੇ ਅਪਮਾਨਿਤ ਹੁੰਦਾ ਹੈ। ਯਥਾ-

**ਨਾਨਕ ਅੰਧਾ ਹੋਇ ਕੈ, ਰਤਨਾ ਪਰਖਣ ਜਾਇ ॥**
**ਰਤਨਾ ਸਾਰ ਨ ਜਾਣਈ, ਆਵੈ ਆਪੁ ਲਖਾਇ ॥**

*(ਰਾਮਕਲੀ ਕੀ ਵਾਰ, ਮ: ੩, ਪੰਨਾ ੯੫੪ ਵਿਚੋਂ)*

ਗੁਰੂ ਅੰਗਦ ਦੇਵ ਜੀ ਨੇ ਧਾਰਮਿਕ ਆਗੂਆਂ ਦੇ ਸਨਮੁਖ ਬੜੀ ਸਚੁੱਜੀ ਜੀਵਨ ਜੁਗਤ ਰੱਖੀ। ਉਹਨਾਂ ਦਾ ਆਚਰਨਕ ਮਿਆਰ ਕੈਸਾ ਹੋਣਾ ਚਾਹੀਦਾ ਹੈ, ਇਸ ਬਾਰੇ ਬਹੁਤ ਉੱਚ ਪਾਏ ਦੀ ਰਾਹੁਨਮਾਈ ਦਿੱਤੀ। ਸੁੱਚਜੀ ਜੀਵਨ ਜੁਗਤ ਵਾਲੇ ਧਾਰਮਿਕ ਆਗੂਆਂ ਨਾਲ ਅਕਾਰਨ ਵਿਰੋਧ ਅਰ ਈਰਖਾ ਕਾਰਨ ਭੈੜੇ ਆਗੂ ਆਪਣੀ ਕੀਤੀ ਦਾ ਭੈੜਾ ਫਲ ਹੀ ਭੋਗਦੇ ਹਨ।

ਸਤਿਗੁਰਾਂ ਅਨੁਸਾਰ ਉਸ ਪੁਰਖ ਨੂੰ ਹੀ ਸੱਚਾ ਪਾਰਖੂ ਸਮਝੋ ਜੋ ਆਪਣੇ ਆਪ ਦੀ (ਆਪਣੇ ਔਗੁਣਾਂ ਦੀ) ਪਰਖ-ਪੜਚੋਲ ਕਰਦਾ ਰਹਿੰਦਾ ਹੋਵੇ। ਉਹੋ ਪੁਰਖ ਹੀ ਸਿਆਣਾ ਵੈਦ (ਧਾਰਮਿਕ ਆਗੂ) ਅਖਵਾ ਸਕਦਾ ਹੈ ਜੋ ਮਨੁੱਖ ਦੇ ਆਤਮਿਕ ਰੋਗ ਤੇ ਉਸਦੇ ਸਹੀ ਇਲਾਜ ਦੋਹਾਂ ਨੂੰ ਠੀਕ ਤਰਾਂ ਸਮਝਦਾ ਹੋਵੇ ਅਤੇ ਆਪਣੇ ਆਪ ਨੂੰ ਇਸ ਜਗਤ ਵਿਚ ਮਿਹਮਾਨ (ਪਰਾਹੁਣੇ) ਦੀ ਤਰ੍ਹਾਂ ਕੇਵਲ ਥੋੜਾ ਸਮਾਂ ਟਿਕਣ ਵਾਲਾ ਹੀ ਸਮਝੇ।

ਆਪਣੇ ਮੂਲ ਅਸਲੇ (ਪ੍ਰਮੇਸ਼ਰ) ਨੂੰ ਚੰਗੀ ਤਰਾਂ ਜਾਣਦਿਆਂ ਹੋਇਆਂ ਹੀ ਸੰਸਾਰ ਵਿਚ ਸਭ ਗੱਲਾਂ (ਕੰਮ) ਕਰੇ ਅਤੇ ਸੱਚੇ ਸਤਸੰਗੀਆਂ ਨਾਲ ਮਿੱਤਰਤਾ ਪਾਏ।

ਜੋ ਪੁਰਖ ਜੀਵਨ ਵਿਚ ਲੋਭ ਆਸਰੇ ਨਹੀਂ ਚਲਦਾ ਅਤੇ ਹਮੇਸ਼ਾਂ ਸਦਾ ਥਿਰ ਰੱਬ ਵਿਚ ਲੀਨ ਰਹਿੰਦਾ ਹੈ, ਕੇਵਲ ਅਜਿਹਾ ਪੁਰਖ ਹੀ ਦੂਜਿਆਂ ਦੀ ਆਤਮਿਕ ਕਲਿਆਣ ਲਈ ਪਰਵਾਨ ਵਿਚੋਲਾ ਬਣ ਸਕਦਾ ਹੈ।

ਜੇ ਕੋਈ ਧਰਮ-ਵਿਹੂਣਾ ਥੋਥਾ ਮਨੁੱਖ ਆਕਾਸ਼ ਵਰਗੀ ਉੱਚੀ ਆਤਮਿਕ ਅਵਸਥਾ ਵਾਲੇ ਪੁਰਖ ਉੱਤੇ ਆਪਣੀ ਈਰਖਾ ਦਾ ਤੀਰ ਚਲਾਏ ਤਾਂ ਅਗੰਮੀ ਉੱਚੀ ਆਤਮਿਕ ਅਵਸਥਾ ਵਾਲੇ ਪੁਰਖ ਨੂੰ ਈਰਖਾ ਤੇ ਵਿਰੋਧਤਾ ਦਾ ਇਹ ਤੀਰ ਕਿਵੇਂ ਨੁਕਸਾਨ ਪੁਚਾ ਸਕਦਾ ਹੈ ? ਬਲਕਿ ਸੱਚ ਤਾਂ ਇਹ ਹੈ ਕਿ ਈਰਖਾ ਦਾ ਐਸਾ ਤੀਰ ਪਰਤ ਕੇ ਈਰਖਾਲੂ ਵਾਹੇਂਦੜ (ਤੀਰ ਚਲਾਉਣ ਵਾਲੇ ਮਨੁੱਖ) ਨੂੰ ਹੀ ਜ਼ਖਮੀ ਕਰ ਦਿੰਦਾ ਹੈ ਅਰਥਾਤ ਮਨਮੁਖ ਈਰਖਾਲੂ, ਭਲੇ ਪੁਰਖ ਨਾਲ ਕੀਤੀ ਈਰਖਾ ਨਾਲ ਖੁਦ ਹੀ ਸੜਦਾ-ਕ੍ਰਿੜਦਾ ਹੈ ਅਤੇ ਆਪਣਾ ਆਤਮਿਕ ਜੀਵਨ ਬਰਬਾਦ ਕਰ ਲੈਂਦਾ ਹੈ। ਯਥਾ :

ਨਾਨਕ ਪਰਖੇ ਆਪ ਕਉ, ਤਾ ਪਾਰਖੁ ਜਾਣੁ ॥
ਰੋਗੁ ਦਾਰੂ ਦੋਵੈ ਬੁਝੈ, ਤਾ ਵੈਦੁ ਸੁਜਾਣੁ ॥
ਵਾਟ ਨ ਕਰਈ ਮਾਮਲਾ, ਜਾਣੈ ਮਿਹਮਾਣੁ ॥
ਮੂਲੁ ਜਾਣਿ ਗਲਾ ਕਰੇ, ਹਾਣਿ ਲਾਏ ਹਾਣੁ ॥
ਲਬਿ ਨ ਚਲਈ, ਸਚ ਰਹੈ, ਸੋ ਵਿਸਟੁ ਪਰਵਾਣੁ ॥
ਸਰੁ ਸੰਧੇ ਆਗਾਸ ਕਉ, ਕਿਉ ਪਹੁਚੈ ਬਾਣੁ ॥
ਅਗੈ ਓਹੁ ਅਗੰਮੁ ਹੈ, ਵਾਹਦੇੜੁ ਜਾਣੁ ॥

*(ਮਾਝ ਕੀ ਵਾਰ, ਮ: ੧, ਪੰਨਾ ੧੪੮ ਵਿਚੋਂ)*

ਸਤਿਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਵਿਚ ਬੜੀ ਸਪੱਸ਼ਟਤਾ ਨਾਲ

ਸਮਝਾਇਆ ਹੈ ਕਿ ਗੁਰੂ ਬਣਨਾ ਬੜੀ ਜ਼ਿੰਮੇਵਾਰੀ ਦਾ ਕੰਮ ਹੈ। ਪਰਮੇਸ਼ਰ ਦੀ ਪੂਰਨ ਬਖਸ਼ਸ਼ ਅਰ ਰੱਬੀ ਗੁਣਾ ਬਿਨਾਂ ਇਸ ਜ਼ਿੰਮੇਵਾਰੀ ਨੂੰ ਚੁੱਕਣ ਦਾ ਹੱਠ ਕਰਨਾ ਇਕ ਕਿਸਮ ਦੀ ਵੱਡੀ ਮੂਰਖਤਾ ਹੀ ਹੈ। ਫਿਰ ਰੱਬੀ ਬਖਸ਼ਸ਼ ਨੂੰ ਪ੍ਰਾਪਤ ਕਰ ਚੁੱਕੇ ਸਤਿਗੁਰੂ ਨਾਲ ਵੈਰ ਵਿਹਾਝਣਾ ਨਾ ਕੇਵਲ ਵੱਡੀ ਮੂਰਖਤਾ ਹੈ ਬਲਕਿ ਆਪਣਾ ਸਰਬਨਾਸ਼ ਕਰਾਉਣ ਤੁੱਲ ਹੈ।

ਇਸ ਤੱਥ ਨੂੰ ਸਮਝਾਉਣ ਲਈ ਗੁਰੂ ਅੰਗਦ ਦੇਵ ਜੀ ਨੇ ਇਕ ਬੜੀ ਸੁੰਦਰ ਮਿਸਾਲ ਨੂੰ ਵਰਤਿਆ ਹੈ ।ਆਪ ਫ਼ੁਰਮਾਉਂਦੇ ਹਨ ਕਿ ਜੇ ਕੋਈ ਮਨੁੱਖ ਅਣੂਹਿਆਂ ਦਾ ਮਾਂਦਰੀ ਹੋਵੇ ਤੇ ਉਹ ਸੱਪਾਂ ਨੂੰ ਹੱਥ ਪਾਉਣ ਦੀ ਜੁਰਅਤ ਕਰ ਬੈਠੇ, ਤਾਂ ਮਾਨੋ ਆਪਣੇ ਆਪ ਨੂੰ ਲਾਂਬੂ ਲਾ ਰਿਹਾ ਹੈ। ਹਰ ਜਣਾ-ਖਣਾ, ਮਨੁੱਖ-ਜਾਤੀ ਨੂੰ ਵਿਸ਼ਿਆਂ-ਵਿਕਾਰਾਂ ਤੋਂ ਹੋੜ ਸਕਣ ਤੇ ਉਹਨਾਂ ਦੀ ਆਤਮਿਕ ਜੀਵਨ ਵਿਚ ਰਾਹਨੁਮਾਈ ਕਰ ਸਕਣ ਦੀ ਫੜ੍ਹ ਮਾਰਨ ਤੇ ਗੁਰੂ ਬਣਨ ਦੇ ਚੱਕਰ ਵਿਚ ਹੈ। ਇਸ ਪ੍ਰਕਾਰ ਦੀ ਅੱਤ ਚੁੱਕਣ ਜਾਂ ਪਰਲੇ ਦਰਜੇ ਦੀ ਮੂਰਖਤਾ ਕਰਨ ਨਾਲ ਅਜਿਹਾ ਬੰਦਾ ਰਬੋਂ ਹੀ ਧੱਕਾ ਖਾਂਦਾ ਹੈ। ਪਰਮੇਸ਼ਰ ਦਾ ਸੱਚਾ ਇਨਸਾਫ ਹੀ ਐਸਾ ਹੈ ਕਿ ਜੋ ਮਨਮੁਖ ਪੁਰਖ ਗੁਰਮੁਖ ਆਤਮਾ ਨਾਲ ਅੜਦਾ ਜਾਂ ਵੈਰ ਕਰਦਾ ਹੈ, ਉਹ ਵਿਕਾਰਾਂ ਦੇ ਸਾਗਰ ਵਿਚ ਡੁੱਬ ਕੇ ਆਪਣਾ ਆਤਮਿਕ ਜੀਵਨ ਤਬਾਹ ਕਰ ਲੈਂਦਾ ਹੈ। ਗੁਰਮੁਖ ਤੇ ਮਨਮੁਖ ਦੋਹਾਂ ਪਾਸਿਆਂ ਦਾ ਖਸਮ ਪਰਮੇਸ਼ਰ ਆਪ ਖੁਦ ਹੀ ਹੈ ਤੇ ਆਪ ਹੀ ਨਿਰਨਾ ਕਰਕੇ ਵੇਖ ਰਿਹਾ ਹੈ । ਸਾਨੂੰ ਤਾਂ ਇਵੇਂ ਸਮਝਣਾ ਚਾਹੀਦਾ ਹੈ ਕਿ ਸਭ ਕੁਝ ਉਸਦੀ ਰਜ਼ਾ ਵਿਚ ਹੋ ਰਿਹਾ ਹੈ । ਯਥਾ :

**ਮੰਤ੍ਰੀ ਹੋਇ ਅਠੂਹਿਆ, ਨਾਗੀ ਲਗੈ ਜਾਇ॥**
**ਆਪਣ ਹਥੀ ਆਪਣੈ, ਦੇ ਕੂਚਾ ਆਪੇ ਲਾਇ॥**
**ਹੁਕਮੁ ਪਇਆ ਧੁਰਿ ਖਸਮ ਕਾ, ਅਤੀ ਹੂ ਧਕਾ ਖਾਇ॥**
**ਗੁਰਮੁਖ ਸਿਉ ਮਨਮੁਖੁ ਅੜੈ, ਡੁਬੈ ਹਕਿ ਨਿਆਇ॥**
**ਦੁਹਾ ਸਿਰਿਆ ਆਪੇ ਖਸਮੁ, ਵੇਖੈ ਕਰਿ ਵਿਉਪਾਇ।**
**ਨਾਨਕ ਏਵੈ ਜਾਣੀਐ, ਸਭ ਕਿਛੁ ਤਿਸਹਿ ਰਜਾਇ॥**

*(ਮਾਝ ਕੀ ਵਾਰ, ਮ: ੧, ਪੰਨਾ ੧੪੮ ਵਿਚੋਂ)*

ਗੁਰੂ ਅੰਗਦ ਦੇਵ ਜੀ ਨੇ ਇਹ ਹਕੀਕਤ ਵੀ ਚੰਗੀ ਤਰ੍ਹਾਂ ਸਪੱਸ਼ਟ ਕਰ ਦਿੱਤੀ ਹੈ ਕਿ ਇਸ ਜਗਤ ਵਿਚ ਅੱਡ-ਅੱਡ ਸਮਾਜਿਕ ਭਾਈਚਾਰਿਆਂ ਵਿਚ ਤੇ ਅੱਡ-ਅੱਡ ਸਮਿਆਂ ਵਿਚ ਕਈ ਵਾਰੀ ਬਿਲਕੁਲ ਉਲਟੀ ਰੀਤ ਪ੍ਰਚਲਤ ਹੋ ਜਾਂਦੀ ਹੈ ।ਇਸ ਉਲਟੀ ਰੀਤ ਦੇ ਪ੍ਰਭਾਵ ਕਾਰਨ ਜੀਵਨ ਅਰ ਬ੍ਰਹਮ-ਗਿਆਨ-ਵਿਹੂਣੇ ਬੰਦੇ ਵਿਦਵਾਨ ਤੇ ਕਰਨੀ ਵਾਲੇ ਧਾਰਮਿਕ ਆਗੂਆਂ ਦੇ ਤੌਰ ਦੇ ਪ੍ਰਸਿੱਧਤਾ ਹਾਸਲ ਕਰ ਲੈਂਦੇ ਹਨ। ਅਜਿਹੀ ਉਲਟੀ ਰੀਤ ਪ੍ਰਚਲਤ ਹੋ ਜਾਣਾ ਹੀ ਅਸਲ ਵਿਚ ਕਲਿਜੁਗ ਹੈ। ਕਿਸੇ ਸਮੇਂ ਵਿਸ਼ੇਸ਼ ਦਾ ਨਾਮ ਕਲਿਜੁਗ ਨਹੀਂ, ਜਦ ਅਤੇ ਜਿਥੇ ਭੀ ਉਲਟੀ ਰੀਤ ਪ੍ਰਚਲਤ ਹੋ ਜਾਏ,

ਉੱਥੇ ਹੀ ਕਲਿਜੁਗ ਵਾਪਰਿਆ ਸਮਝ ਲੈਣਾ ਚਾਹੀਦਾ ਹੈ।

ਉਲਟੀ ਰੀਤ ਜਾਂ ਉਲਟ ਸੋਚਣੀ ਦੇ ਪ੍ਰਭਾਵ ਕਾਰਨ ਸਹੀ ਅਰਥਾਂ ਵਿਚ ਕੰਗਾਲ ਮਨੁੱਖ ਦਾ ਨਾਮ ਪਾਤਸ਼ਾਹ ਰੱਖ ਦਿੱਤਾ ਜਾਂਦਾ ਹੈ ਅਤੇ ਮੂਰਖ ਅਗਿਆਨੀ ਪੁਰਖ ਦੀ ਸੰਗਿਆ ਵਿਦਵਾਨ ਪ੍ਰਚਲਤ ਹੋ ਜਾਂਦੀ ਹੈ। ਗਿਆਨ-ਵਿਹੂਣਾ ਅੰਨ੍ਹਾ ਮਨੁੱਖ ਪਾਰਖੂ ਅਖਵਾਉਂਦਾ ਹੈ। ਬੱਸ, ਇਸੇ ਤਰ੍ਹਾਂ ਦੀਆਂ ਉਲਟ-ਪੁਲਟ ਗੱਲਾਂ ਪ੍ਰਚਲਤ ਹੋ ਜਾਂਦੀਆਂ ਹਨ। ਸ਼ਰਾਰਤਾਂ ਤੇ ਸ਼ੈਤਾਨੀਅਤਾਂ ਭਰੇ ਪੁਰਖ, ਸਮਾਜ ਦੇ ਚੌਧਰੀ ਜਾਂ ਸਿਰਕੱਢ ਲੀਡਰ ਕਰਕੇ ਪ੍ਰਸਿੱਧੀ ਹਾਸਲ ਕਰ ਲੈਂਦੇ ਹਨ ਅਤੇ ਝੂਠ-ਫਰੇਬ ਨਾਲ ਭਰੀਆਂ ਤੀਵੀਆਂ ਸਮਾਜ ਵਿਚ ਪ੍ਰਧਾਨਗੀ ਕਰਨ ਲਗ ਜਾਂਦੀਆਂ ਹਨ। ਸਤਿਗੁਰੂ ਰਾਹੀਂ ਹੀ ਮਨੁੱਖ ਨੂੰ ਇਸ ਉਲਟ ਰੀਤੀ ਦੀ ਸੋਝੀ ਪ੍ਰਾਪਤ ਹੁੰਦੀ ਹੈ ਤੇ ਅਸਲ ਵਿਚ ਕੀ ਮਾੜਾ ਹੈ ਤੇ ਕੀ ਚੰਗਾ ਹੈ ਬਾਰੇ ਉਸਨੂੰ ਪਤਾ ਚਲਦਾ ਹੈ। ਸਮਾਜ ਵਿਚ ਜਿਥੇ ਤੇ ਜਦ ਇਹ ਉਲਟ ਰੀਤ ਤੇ ਉਲਟ ਸੋਚਣੀ ਜ਼ੋਰ ਫੜ ਜਾਏ, ਉਥੇ ਹੀ ਕਲਿਜੁਗ ਵਰਤਿਆ ਸਮਝੋ। ਯਥਾ :

> **ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥**
> **ਅੰਧੇ ਕਾ ਨਾਉ ਪਾਰਖੂ, ਏਵੈ ਕਰੇ ਗੁਆਉ ॥**
> **ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥**
> **ਨਾਨਕ, ਗੁਰਮੁਖਿ ਜਾਣੀਐ, ਕਲਿ ਕਾ ਏਹੁ ਨਿਆਉ ॥**

*(ਮਲਾਰ ਕੀ ਵਾਰ, ਮ: ੧, ੧੨੮੮ ਵਿਚੋਂ)*

### *(7) ਰੱਬੀ ਪਿਆਰ ਬਾਰੇ ਸਤਿਗੁਰਾਂ ਦੇ ਵਿਚਾਰ*

ਗੁਰੂ ਅੰਗਦ ਦੇਵ ਜੀ ਦੀ ਵਿਚਾਰਧਾਰਾ ਅਨੁਸਾਰ ਮਨੁੱਖੀ ਜੀਵਨ ਦਾ ਇਕ ਮਾਤਰ ਨਿਸ਼ਾਨਾ ਜਾਂ ਮਕਸਦ ਪ੍ਰਮੇਸ਼ਰ ਨਾਲ ਡੂੰਘਾ ਪਿਆਰ ਪਾ ਕੇ ਉਸ ਨਾਲ ਪੂਰੀ ਪਛਾਣ ਪੈਦਾ ਕਰਨੀ ਹੈ। ਮਨੁੱਖ ਜਦ ਤੱਕ ਪਰਮੇਸ਼ਰ ਨਾਲ ਡੂੰਘਾ ਪਿਆਰ ਨਹੀਂ ਪਾਂਦਾ, ਜਾਣ ਪਛਾਣ ਪੈਦਾ ਨਹੀਂ ਕਰਦਾ, ਉਸਦਾ ਮਨੁੱਖਾ ਜਨਮ ਨਿਸਫ਼ਲ ਹੀ ਸਮਝਣਾ ਚਾਹੀਦਾ ਹੈ। ਸਤਿਗੁਰੂ ਦੇ ਉਪਦੇਸ਼ ਸਦਕਾ ਬੇਅੰਤ ਮਨੁੱਖ ਇਸ ਵਿਸ਼ੇ-ਵਿਕਾਰਾਂ ਭਰੇ ਸੰਸਾਰ ਤੋਂ ਤਰ ਜਾਂਦੇ ਹਨ, ਕਿਉਂਕਿ ਸਤਿਗੁਰਾਂ ਦੀ ਮਿਹਰ ਨਾਲ ਉਹਨਾਂ ਦੇ ਦਿਲ ਵਿਚ ਰੱਬੀ ਪਿਆਰ ਪੈਦਾ ਹੋ ਜਾਂਦਾ ਹੈ। ਸ੍ਰਿਸ਼ਟੀ ਦਾ ਮੂਲ ਕਾਰਨ ਪਰਮੇਸ਼ਰ ਪੂਰਨ ਤੌਰ ਤੇ ਸਮਰਥਵਾਨ ਹੈ। ਸ੍ਰਿਸ਼ਟੀ ਦਾ ਬਣਾਉਣਾ ਕੇਵਲ ਸਿਰਜਣਹਾਰ ਪਰਮੇਸ਼ਰ ਦੇ ਵੱਸ ਵਿਚ ਹੈ। ਜਿਸ ਪ੍ਰਮੇਸ਼ਰ ਨੇ ਸਾਰੇ ਜਗਤ ਵਿਚ ਆਪਣੀ ਸਤਿਆ ਟਿਕਾ ਰੱਖੀ ਹੈ, ਹੇ ਮਨੁੱਖ! ਤੂੰ ਉਸੇ ਦਾ ਧਿਆਨ ਕਰ। ਯਥਾ :

> **ਨਿਹਫਲੰ ਤਸਿ ਜਨਮਸਿ, ਜਾਵਤੁ ਬ੍ਰਹਮ ਨ ਬਿੰਦਤੇ ॥**
> **ਸਾਗਰੰ ਸੰਸਾਰਸਿ, ਗੁਰ ਪਰਸਾਦੀ ਤਰਹਿ ਕੇ ॥**
> **ਕਰਣ ਕਾਰਣ ਸਮਰਥੁ ਹੈ, ਕਹੁ ਨਾਨਕ ਬੀਚਾਰਿ ॥**
> **ਕਾਰਣੁ ਕਰਤੇ ਵਸਿ ਹੈ, ਜਿਨਿ ਕਲ ਰਖੀ ਧਾਰਿ ॥**

*(ਮਾਝ ਕੀ ਵਾਰ, ਮ: ੧, ਪੰਨਾ ੧੪੮ ਵਿਚੋਂ)*

ਗੁਰੂ ਅੰਗਦ ਦੇਵ ਜੀ ਨੇ ਸਮਝਾਇਆ ਕਿ ਸੰਸਾਰ ਵਿਚ ਜਿਹਨਾਂ ਮਨੁੱਖਾਂ ਨੇ ਰੱਬ ਨਾਲ ਪਿਆਰ ਪਾ ਕੇ ਉਹਨੂੰ ਆਪਣੇ ਹਿਰਦੇ ਵਿਚ ਵਸਾ ਕੇ ਰੱਬ ਦਾ ਮਿਲਾਪ ਹਾਸਲ ਕੀਤਾ ਹੈ, ਉਹ ਸਦਾ ਬਸੰਤ ਰੁਤ ਦੀ ਤਰ੍ਹਾਂ ਖਿੜੇ ਰਹਿੰਦੇ ਹਨ, ਜਦਕਿ ਰੱਬੀ ਪਿਆਰ ਤੇ ਰੱਬੀ ਮਿਲਾਪ ਤੋਂ ਟੁੱਟੇ ਪੁਰਖ ਦਿਨ-ਰਾਤ ਮਾਇਆ ਦੀ ਤ੍ਰਿਸ਼ਨਾ ਤੇ ਵਿਕਾਰਾਂ ਦੀ ਅੱਗ ਵਿਚ ਹੀ ਸੜਦੇ ਰਹਿੰਦੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਗੱਲ ਇਸੇ ਤਰ੍ਹਾਂ ਹੈ ਕਿ ਜਿਸ ਤਰ੍ਹਾਂ ਬਸੰਤ ਰੁਤ ਉਹਨਾਂ ਇਸਤ੍ਰੀਆਂ ਦੇ ਮਨ ਵਿਚ ਹੀ ਖ਼ੁਸ਼ੀਆਂ ਤੇ ਖੇੜਾ ਪੈਦਾ ਕਰਦੀ ਹੈ ਜਿਹਨਾਂ ਦੇ ਪਤੀ ਉਹਨਾਂ ਦੇ ਘਰ ਵੱਸਦੇ ਹੋਣ ।ਪਰ ਜਿਹਨਾਂ ਦੇ ਪਤੀ ਉਹਨਾਂ ਨੂੰ ਛੱਡ ਕੇ ਹੋਰ ਦਿਸ਼ਾਵਾਂ ਜਾਂ ਪਰਦੇਸ਼ਾਂ ਪੁਰੀਆਂ ਵਿਚ ਗਏ ਹੋਏ ਹੋਣ, ਉਹ ਬਸੰਤ ਰੁਤ ਵਿਚ ਵੀ ਦਿਨ-ਰਾਤ ਪਤੀ ਦੇ ਵਿਛੋੜੇ ਦੀ ਅੱਗ ਵਿਚ ਸੜਦੀਆਂ ਰਹਿੰਦੀਆਂ ਹਨ। ਯਥਾ :

**ਨਾਨਕ ਤਿਨਾ ਬਸੰਤੁ ਹੈ, ਜਿਨ੍ ਘਰਿ ਵਸਿਆ ਕੰਤੁ॥**
**ਜਿਨ ਕੇ ਕੰਤ ਦਿਸਾ ਪੁਰੀ, ਸੇ ਅਹਿਨਿਸਿ ਫਿਰਹਿ ਜਲੰਤ॥**

*(ਵਾਰ ਸੂਹੀ, ਮ: ੩, ਪੰਨਾ ੭੯੧ ਵਿਚੋਂ)*

ਗੁਰੂ ਅੰਗਦ ਦੇਵ ਜੀ ਨੇ ਤੱਤ ਦੀ ਗੱਲ ਦਾ ਦੋ ਟੁਕ ਨਿਰਨਾ ਦਿੰਦਿਆਂ ਫ਼ੁਰਮਾਇਆ ਹੈ, ਕਿ ਜੋ ਸਿਰ ਪਰਮੇਸ਼ਰ ਅੱਗੇ ਨਹੀਂ ਝੁਕਦਾ, ਉਹ ਸਿਰ ਵਿਅਰਥ ਹੈ ਤੇ ਤਿਆਗਣ ਲਾਇਕ ਹੈ ਅਤੇ ਜਿਸ ਸਰੀਰ ਵਿਚ ਪਰਮੇਸ਼ਰ ਦੇ ਵਿਛੋੜੇ ਦਾ ਅਹਿਸਾਸ ਨਹੀਂ, ਉਹ ਸਰੀਰ ਵੀ ਸਾੜ ਦੇਣ ਦੇ ਕਾਬਲ ਹੈ। ਆਪ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਜ਼ਾਹਿਰ ਕਰ ਦਿੱਤਾ ਕਿ ਮਨੁੱਖ ਦਾ ਇਕ ਮਾਤਰ ਨਿਸ਼ਾਨਾ ਰੱਬੀ ਪਿਆਰ ਹੋਣਾ ਚਾਹੀਦਾ ਹੈ। ਰੱਬੀ ਪਿਆਰ ਦੀ ਤੀਬਰਤਾ ਦੇ ਨਾਲ-ਨਾਲ ਮਨੁੱਖ ਲਈ ਨਿਰ-ਅਹੰਕਾਰ ਹੋਣਾ ਤੇ ਨਿਮਰਤਾ ਵਿਚ ਹੋਣਾ ਵੀ ਜ਼ਰੂਰੀ ਹੈ। ਯਥਾ :

**ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰੁ ਦੀਜੈ ਡਾਰਿ॥**
**ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀਂ, ਸੋ ਪਿੰਜਰੁ ਲੈ ਜਾਰਿ॥**

*(ਸਿਰੀ ਰਾਗ ਕੀ ਵਾਰ, ਮ: ੪, ਪੰਨਾ ੮੯)*

ਰੱਬੀ ਪਿਆਰ ਦੇ ਅਸਲ ਰੂਪ ਨੂੰ ਸਮਝਾਉਣ ਲਈ ਗੁਰਦੇਵ ਫ਼ੁਰਮਾਉਂਦੇ ਹਨ ਕਿ ਜੇ ਕੋਈ ਪ੍ਰੇਮੀ ਆਪਣੇ ਇਸ਼ਟ ਪਰਮੇਸ਼ਰ ਨੂੰ ਛੱਡ ਕੇ ਕਿਸੇ ਹੋਰ ਵਿਚ ਵੀ ਪ੍ਰੀਤੀ ਜੋੜ ਲੈਂਦਾ ਹੈ ਤਾਂ ਇਹ ਪ੍ਰੀਤੀ, ਸੱਚੀ ਪ੍ਰੀਤੀ ਕਿਵੇਂ ਅਖਵਾ ਸਕਦੀ ਹੈ ?ਸੱਚਾ ਪ੍ਰੇਮੀ ਭਗਤ ਤਾਂ ਉਹੀ ਕਹਾ ਸਕਦਾ ਹੈ ਜੋ ਸਦਾ ਆਪਣੇ ਇਸ਼ਟ ਪਰਮੇਸ਼ਰ ਦੇ ਪ੍ਰੇਮ ਵਿਚ ਲੀਨ ਹੋ ਕੇ ਪਰਮੇਸ਼ਰ ਨਾਲ ਇਕ-ਮਿਕ ਹੋ ਕੇ ਰਹੇ।

ਜੋ ਮਨੁੱਖ ਪਰਮੇਸ਼ਰ ਵੱਲੋਂ ਹੋਏ ਸੁਖਾਵੇਂ (ਜੋ ਮਨੁੱਖ ਨੂੰ ਸੁਖਦਾਈ ਲੱਗਣ) ਕੰਮਾਂ ਨੂੰ ਤਾਂ ਖ਼ੁਸ਼ੀ ਨਾਲ ਚੰਗਾ ਕਰਕੇ ਮੰਨਦਾ ਹੈ, ਪਰ ਪਰਮੇਸ਼ਰ ਵਲੋਂ ਵਰਤਾਏ ਦੁਖਾਵੇਂ

ਭਾਣਿਆਂ ਨੂੰ ਮੰਦਾ ਜਾਂ ਭੈੜਾ ਕਰਕੇ ਮੰਨਦਾ ਹੈ, ਉਹ ਵਾਹਿਗੁਰੂ ਦਾ ਸੱਚਾ ਪ੍ਰੇਮੀ ਨਹੀਂ ਅਖਵਾ ਸਕਦਾ, ਕਿਉਂਕਿ ਉਹ ਰੱਬ ਨਾਲ ਸੱਚਾ ਪਿਆਰ ਪਾਉਣ ਦੀ ਥਾਂ ਉਸ ਨਾਲ ਦੁੱਖਾਂ-ਸੁੱਖਾਂ ਦੇ ਤੇ ਚੰਗੇ-ਮੰਦੇ ਦੇ ਲੇਖੇ ਗਿਣ ਕੇ ਪਿਆਰ ਦੀ ਸਾਂਝ ਪਾਉਣ ਦੇ ਗਲਤ ਰਸਤੇ ਤੇ ਪਿਆ ਹੋਇਆ ਹੈ। ਯਥਾ :

**ਏਹ ਕਿਨੇਹੀ ਆਸਕੀ, ਦੂਜੈ ਲਗੈ ਜਾਇ॥**
**ਨਾਨਕ ਆਸਕੁ ਕਾਂਢੀਐ, ਸਦ ਹੀ ਰਹੈ ਸਮਾਇ॥**
**ਚੰਗੈ ਚੰਗਾ ਕਰਿ ਮੰਨੇ, ਮੰਦੈ ਮੰਦਾ ਹੋਇ॥**
**ਆਸਕੁ ਏਹੁ ਨ ਆਖੀਐ, ਜਿ ਲੇਖੈ ਵਰਤੈ ਸੋਇ॥**

*(ਆਸਾ ਕੀ ਵਾਰ, ਮ: ੧, ੪੭੪)*

ਰੱਬ ਦੇ ਸੱਚੇ ਪ੍ਰੇਮੀ ਜਾਂ ਸੱਚੇ ਭਗਤ ਦਾ ਇਹ ਵਤੀਰਾ ਨਹੀਂ ਹੋ ਸਕਦਾ ਕਿ ਜੇ ਰੱਬ ਵਲੋਂ ਚੰਗੀ ਦਾਤ ਮਿਲ ਗਈ, ਤਾਂ ਉਹ ਰੱਬ ਅਗੇ ਨਿਵ-ਨਿਵ ਸਲਾਮਾਂ ਕਰਦਾ ਰਹੇ, ਪਰ ਜੇ ਕਿਤੇ ਉਸਨੂੰ ਰੱਬ ਵਲੋਂ ਆਪਣੀ ਉਮੀਦ ਦੇ ਉਲਟ ਅਣਸੁਖਾਵੀਂ ਚੀਜ਼ ਮਿਲ ਪਵੇ ਤਾਂ ਰੱਬ ਨਾਲ ਖਿਝ ਕੇ ਇਤਰਾਜ਼ ਕਰਨਾ ਅਰੰਭ ਦੇਵੇ। ਅਜਿਹਾ ਪਿਆਰ ਸੱਚਾ ਰੱਬੀ ਪਿਆਰ ਨਹੀਂ ਅਖਵਾ ਸਕਦਾ।

ਜੋ ਜਗਿਆਸੂ ਆਪਣੇ ਮਾਲਕ ਪ੍ਰਭੂ ਅਗੇ ਕਦੀ (ਸੁੱਖ ਵੇਲੇ) ਤਾਂ ਸਿਰ ਨਿਵਾਉਂਦਾ ਹੈ ਤੇ ਕਦੀ (ਦੁੱਖ ਵੇਲੇ) ਉਸ ਦੀ ਰਜ਼ਾ ਜਾਂ ਹੁਕਮ ਵਿਚ ਰਾਜ਼ੀ ਰਹਿਣ ਦੀ ਥਾਂ ਨਾਂਹ-ਨੁੱਕਰ ਕਰਦਾ ਹੈ ਉਹ ਦਰਅਸਲ ਆਤਮਿਕ ਮਾਰਗ ਉਤੇ ਪੈਣ ਤੋਂ ਪਹਿਲੇ ਅਰੰਭ ਤੋਂ ਹੀ ਸੱਚੇ ਰਸਤੇ ਤੋਂ ਖੁੰਝ ਗਿਆ ਸਮਝਣਾ ਚਾਹੀਦਾ ਹੈ। ਸਤਿਗੁਰਾਂ ਅਨੁਸਾਰ ਉਸ ਦੀਆਂ ਦੋਵੇਂ ਗੱਲਾਂ; ਭਾਵ, ਸਲਾਮ ਅਤੇ ਜਵਾਬ ਝੂਠੀਆਂ ਅਤੇ ਪਾਇਆਂ-ਹੀਣ ਹਨ ਅਤੇ ਇਹਨਾਂ ਵਿਚੋਂ ਕੋਈ ਵੀ ਮਾਲਕ ਦੇ ਦਰ ਤੇ ਕਬੂਲ ਨਹੀਂ ਹੋ ਸਕਦੀ । ਯਥਾ-

**ਸਲਾਮੁ ਜਬਾਬੁ ਦੋਵੈ ਕਰੇ, ਮੁੰਢਹੁ ਘੁਥਾ ਜਾਇ॥**
**ਨਾਨਕ ਦੋਵੈ ਕੂੜੀਆ, ਥਾਇ ਨ ਕਾਇ ਪਾਇ॥**

*(ਆਸਾ ਕੀ ਵਾਰ, ਮ: ੧, ੪੭੪)*

ਰੱਬ ਦਾ ਸੱਚਾ ਪ੍ਰੇਮੀ ਆਪਣੇ ਮਨ ਦੀ ਹੰਕਾਰ ਤੇ ਝਗੜੇ ਵਾਲੀ ਬਿਰਤੀ ਦਾ ਤਿਆਗ ਕਰਕੇ ਰੱਬੀ ਰਸਤੇ ਤੇ ਚਲਦਿਆਂ ਪਰਮੇਸ਼ਰ ਦੀ ਸੇਵਾ ਕਰਦਾ ਹੈ। ਗੁਰੂ ਅੰਗਦ ਦੇਵ ਜੀ ਨੇ ਇਹ ਆਤਮਿਕ ਉਪਦੇਸ਼ ਬਹੁਤ ਹੀ ਸੁੱਚਜੇ ਢੰਗ ਨਾਲ ਇਕ ਦੁਨਿਆਵੀ ਮਿਸਾਲ ਰਾਹੀਂ ਪੇਸ਼ ਕੀਤਾ ਹੈ।

ਜੇ ਕੋਈ ਸੇਵਕ ਮਾਲਕ ਦੀ ਨੌਕਰੀ ਵੀ ਕਰੇ ਤੇ ਨੌਕਰੀ ਦੇ ਨਾਲ ਹੰਕਾਰ-ਭਰੀਆਂ ਗੱਲਾਂ ਅਤੇ ਬਹਿਸ-ਝਗੜਾ ਵੀ ਕਰੀ ਜਾਵੇ, ਅਤੇ ਅਜਿਹੀਆਂ ਹੰਕਾਰ-ਭਰੀਆਂ ਗੱਲਾਂ ਮਾਲਕ ਦੇ ਸਾਹਮਣੇ ਬਹੁਤੀਆਂ ਕਰੇ, ਤਾਂ ਉਹ ਮਾਲਕ ਦੀ ਖੁਸ਼ੀ ਨਹੀਂ ਹਾਸਲ ਕਰ ਸਕਦਾ। ਪਰ ਜੇ ਸੇਵਕ ਹਉਮੈ ਜਾਂ ਆਪਾ-ਭਾਵ ਮਿਟਾ ਕੇ ਮਾਲਕ ਦੀ ਸੇਵਾ ਕਰੇ, ਤਾਂ

ਹੀ ਉਸ ਨੂੰ ਮਾਲਕ ਦੇ ਦਰ ਤੋਂ ਕੁਝ ਇਜ਼ਤ ਸਤਿਕਾਰ ਮਿਲਦਾ ਹੈ। ਇੰਨ-ਬਿੰਨ ਇਸੇ ਤਰ੍ਹਾਂ ਜੇ ਕੋਈ ਜਗਿਆਸੂ ਪਰਮੇਸ਼ਰ ਦੀ ਸੇਵਾ ਭਗਤੀ ਕਰਨ ਦੇ ਨਾਲ-ਨਾਲ ਹੰਕਾਰ ਦਾ ਤਿਆਗ ਨਾ ਕਰੇ, ਝਗੜਿਆਂ-ਬਹਿਸਾਂ ਵਿਚ ਪਿਆ ਰਹੇ ਅਤੇ ਚਤੁਰ-ਹੁਸ਼ਿਆਰ ਬਣਨ ਲਈ ਗੱਲਾਂ ਜਾਂ ਫੜ੍ਹਾਂ ਬਹੁਤੀਆਂ ਮਾਰੇ, ਤਾਂ ਅਜਿਹਾ ਜਗਿਆਸੂ ਮਾਲਕ ਵਾਹਿਗੁਰੂ ਦੇ ਦਰ ਤੇ ਕਬੂਲ ਨਹੀਂ ਹੁੰਦਾ ਤੇ ਨਾ ਹੀ ਪ੍ਰਭੂ ਦਰਗਾਹ ਵਿਚ ਉਸਨੂੰ ਇੱਜ਼ਤ ਹੀ ਮਿਲਦੀ ਹੈ। ਗੁਰਦੇਵ ਫ਼ੁਰਮਾਉਂਦੇ ਹਨ ਕਿ ਸੇਵਕ-ਜਗਿਆਸੂ ਜਿਸ ਮਾਲਕ ਪ੍ਰਭੂ ਦੀ ਸੇਵਾ ਵਿਚ ਲਗਾ ਹੋਇਆ ਹੈ, ਉਹ ਉਸ ਪ੍ਰਭੂ ਨਾਲ ਇਕ-ਮਿਕ ਹੋ ਕੇ ਉਸ ਨੂੰ ਮਿਲ ਪੈਂਦਾ ਹੈ ਤਾਂ ਹੀ ਉਸ ਸੇਵਕ ਨੂੰ ਮਾਲਕ ਪ੍ਰਭੂ ਦੀ ਸੇਵਾ ਵਿਚ ਲਗਾ ਹੋਇਆ ਸਮਝਿਆ ਜਾ ਸਕਦਾ ਜਾ ਸਕਦਾ ਹੈ। ਯਥਾ :

**ਚਾਕਰੁ ਲਗੈ ਚਾਕਰੀ, ਨਾਲੇ ਗਾਰਬੁ ਵਾਦੁ ॥**
**ਗਲਾ ਕਰੇ ਘਣੇਰੀਆ, ਖਸਮ ਨ ਪਾਏ ਸਾਦੁ ॥**
**ਆਪੁ ਗਵਾਇ ਸੇਵਾ ਕਰੇ, ਤਾ ਕਿਛੁ ਪਾਇ ਮਾਨੁ ॥**
**ਨਾਨਕ ਜਿਸਨੋ ਲਗਾ ਤਿਸੁ ਮਿਲੈ, ਲਗਾ ਸੋ ਪਰਵਾਨੁ ॥**

*(ਆਸਾ ਕੀ ਵਾਰ, ਮ: ੧, ੪੭੪)*

ਪਰਮੇਸ਼ਰ ਦਾ ਸੱਚਾ ਪ੍ਰੇਮੀ ਜਾਂ ਸੇਵਕ ਉਹ ਪੁਰਖ ਕਿਹਾ ਜਾ ਸਕਦਾ ਹੈ ਜੋ ਆਪਣੇ ਮਾਲਕ ਪਰਮੇਸ਼ਰ ਨਾਲ ਪਿਆਰ ਪਾ ਕੇ ਉਸ ਨਾਲ ਇਕ ਰੂਪ ਹੋ ਜਾਏ। ਗੁਰਦੇਵ ਫ਼ੁਰਮਾਉਂਦੇ ਹਨ ਕਿ ਇਹ ਸੇਵਕੀ ਜਾਂ ਇਹ ਪ੍ਰੇਮ ਕੀ ਹੋਇਆ, ਜਿਸ ਵਿਚ ਜਗਿਆਸੂ ਦੀ ਪ੍ਰਮੇਸ਼ਰ ਨਾਲ ਵਿੱਥ ਕਾਇਮ ਰਹੇ ਤੇ ਉਸ ਦੇ ਮਨ ਵਿਚੋਂ ਵਾਹਿਗੁਰੂ ਪ੍ਰਤੀ ਡਰ-ਸ਼ੱਕ-ਸ਼ੁਬਹੇ, ਤੇ ਤੌਖਲੇ ਦੂਰ ਨਾ ਹੋਣ। ਆਦਰਸ਼ਕ ਰੱਬੀ ਪਿਆਰ ਉਹੋ ਅਖਵਾ ਸਕਦਾ ਹੈ, ਜਿਸ ਵਿਚ ਰੱਬ ਨਾਲ ਪੂਰਨ ਲੀਨਤਾ ਹੋ ਜਾਏ। ਯਥਾ :

**ਏਹ ਕਿਨੇਹੀ ਚਾਕਰੀ, ਜਿਤੁ ਭਉ ਖਸਮ ਨ ਜਾਇ ॥**
**ਨਾਨਕ ਸੇਵਕੁ ਕਾਢੀਐ, ਜਿ ਸੇਤੀ ਖਸਮ ਸਮਾਇ ॥**

*(ਆਸਾ ਦੀ ਵਾਰ, ਮ: ੧, ੪੭੫)*

ਜਗਤ ਵਿਚ ਜੀਵ ਕਈ ਵਾਰੀ ਬੱਝਿਆ ਰੁੱਝਿਆ ਹੋਣ ਕਾਰਨ, ਮਜ਼ਬੂਰੀ ਵਿਚ ਕੁਝ ਕੰਮ ਕਰਦਾ ਹੈ, ਜਿਹਨਾਂ ਨਾਲ ਜੀਵ ਦੇ ਮਨ ਦੀ ਕੋਈ ਸਾਂਝ ਨਹੀਂ ਹੁੰਦੀ। ਭਾਈਚਾਰੇ ਵਿਚ ਨੱਕ-ਨਮੂਜ ਰੱਖਣ ਦੇ ਖ਼ਿਆਲ ਨਾਲ ਉਹ ਕਈ ਵਾਰੀ ਕਈ ਧਾਰਮਕ ਸਮਝੇ ਜਾਣ ਵਾਲੇ ਕੰਮ ਕਰਦਾ ਹੈ। ਇਹ ਕੰਮ ਪ੍ਰੇਮਾ ਭਗਤੀ ਦੇ ਨਾਟਕ ਤੇ ਦਾਨ-ਪੁੰਨ ਦੇ ਦਿਖਲਾਵੇ ਆਦਿਕ ਹਨ। ਇਹ ਕੰਮ ਉਹ ਸੱਚੇ ਦਿਲੋਂ ਨਹੀਂ ਕਰਦਾ ਅਤੇ ਕੇਵਲ ਮਜ਼ਬੂਰੀ ਵਿਚ ਚੱਟੀ ਸਮਝ ਕੇ ਕਰਦਾ ਹੈ। ਆਤਮਿਕ ਜੀਵਨ ਵਿਚ ਇਸ ਭਾਂਤ ਦੇ ਕੰਮਾਂ ਦੀ ਕੋਈ ਪਾਂਇਆ ਨਹੀਂ।

ਗੁਰਦੇਵ ਫ਼ੁਰਮਾਉਂਦੇ ਹਨ ਕਿ ਜੋ ਮਨੁੱਖ ਲੋਕ ਦਿਖਾਵੇ ਖਾਤਰ ਕੇਵਲ ਮਜ਼ਬੂਰੀ

ਵਿਚ ਬੱਝੇ-ਰੁੱਝੇ ਹੋਣ ਕਾਰਨ ਪ੍ਰਭੂ ਭਗਤੀ ਦਾ ਨਾਟਕ ਕਰਦੇ ਹਨ, ਜਾਂ ਕੋਈ ਦਾਨ ਪੁੰਨ ਕਰਦੇ ਹਨ, ਉਹਨਾਂ ਕੰਮਾਂ ਦਾ ਨਾ ਤਾਂ ਉਹਨਾਂ ਨੂੰ ਖ਼ੁਦ ਲਾਭ ਹੈ ਤੇ ਨਾ ਇਸ ਨਾਲ ਹੋਰਨਾਂ ਦਾ ਭਲਾ ਹੀ ਹੁੰਦਾ ਹੈ। ਉਹੀ ਕਾਰਜ ਸ੍ਰੇਸ਼ਟ ਜਾਂ ਉੱਤਮ ਅਖਵਾ ਸਕਦਾ ਹੈ ਜੋ ਮਨੁੱਖ ਵੱਲੋਂ ਦਿਲੋਂ-ਮਨੋਂ ਕੀਤਾ ਜਾਵੇ। ਜੇ ਪਰਮੇਸ਼ਰ ਦੀ ਭਗਤੀ ਦਿਲ ਦੇ ਚਾਅ ਤੇ ਉਮੰਗ ਨਾਲ ਕੀਤੀ ਜਾਏਗੀ, ਤਾਂ ਹੀ ਉਹ ਸਫ਼ਲ ਭਗਤੀ ਅਖਵਾ ਸਕੇਗੀ। ਦਿਖਾਵੇ ਵਾਲੀ ਮਜ਼ਬੂਰੀਆਂ ਭਰੀ ਭਗਤੀ ਦਰਅਸਲ ਨਕਲੀ ਚੀਜ ਹੈ। ਯਥਾ :

**ਬਧਾ ਚਟੀ ਜੋ ਭਰੇ, ਨਾ ਗੁਣੁ ਨ ਉਪਕਾਰੁ ॥**
**ਸੇਤੀ ਖੁਸੀ ਸਵਾਰੀਐ, ਨਾਨਕ ਕਾਰਜੁ ਸਾਰੁ ॥**

*(ਵਾਰ ਸੂਹੀ, ਮ: ੨, ਪੰਨਾ ੭੮੭)*

ਗੁਰੂ ਅੰਗਦ ਦੇਵ ਅਨੁਸਾਰ ਪਰਮੇਸ਼ਰ ਵਾਲਾ ਪਾਸਾ (ਤਰਫ ਜਾਂ Direction) ਉਹੀ ਪੁਰਖ ਹਾਸਲ ਕਰ ਸਕਦਾ ਹੈ ਜੋ ਚੰਗੀ ਤੇ ਨੇਕ ਭਾਵਨਾ ਵਾਲਾ ਹੋਵੇ ਤੇ ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੋਵੇ। ਕੇਵਲ ਮਨ ਦੇ ਹੱਠ ਰਾਹੀਂ ਜਿਤਨੀ ਮਿਹਨਤ ਤੇ ਘਾਲਣਾ ਕਿਉਂ ਨਾ ਘਾਲ ਲਈ ਜਾਵੇ, ਉਸਦਾ ਕੋਈ ਲਾਭ ਨਹੀਂ। ਦਰਅਸਲ ਰੱਬ ਦੀ ਪ੍ਰਾਪਤੀ ਨੇਕ ਨੀਅਤੀ ਅਤੇ ਸੱਚੇ ਨਿਸ਼ਕਪਟ ਪਿਆਰ ਬਿਨਾ ਸੰਭਵ ਨਹੀਂ। ਯਥਾ :

**ਮਨ ਹਠਿ ਤਰਫ ਨ ਜਿਪਈ, ਜੇ ਬਹੁਤਾ ਘਾਲੇ ॥**
**ਤਰਫ ਜਿਣੈ ਸਤ ਭਾਉ ਦੇ, ਜਨ ਨਾਨਕ ਸਬਦੁ ਵੀਚਾਰੇ ॥**

*(੭੮੭)*

ਗੁਰੂ ਅੰਗਦ ਦੇਵ ਜੀ ਦੇ ਵਿਚਾਰ ਅਨੁਸਾਰ ਪ੍ਰਮੇਸ਼ਰ ਨੂੰ ਹਿਰਦੇ ਵਿਚ ਵਸਾ ਲੈਣ ਨਾਲ ਹੀ ਉਸ ਦੀ ਪ੍ਰਾਪਤੀ ਹੋ ਸਕਦੀ ਹੈ, ਬਾਹਰਮੁਖੀ ਦਿਖਾਵੇ ਦੇ ਮਿਲਾਪ ਦੀ ਕੋਈ ਪਾਇਆਂ ਨਹੀਂ। ਬਾਹਰਲੇ ਭੇਖ ਜਾਂ ਰਸਮਾਂ ਰੀਤਾਂ ਪੂਰੀਆਂ ਕਰ ਕੇ ਪਰਮੇਸ਼ਰ ਦਾ ਮਿਲਣਾ ਜਾਹਿਰ ਕਰਨ ਨਾਲ ਦਰਅਸਲ ਪ੍ਰਭੂ ਨਹੀਂ ਮਿਲਦਾ। ਪਰਮੇਸ਼ਰ ਤਦ ਹੀ ਮਿਲਦਾ ਹੈ ਜੇ ਮਨੁੱਖ ਦਿਲੋਂ-ਮਨੋਂ ਉਸ ਵਿਚ ਮਿਲ ਜਾਵੇ ਜਾਂ ਲੀਨ ਹੋ ਜਾਵੇ। ਅਸਲ ਵਿਚ ਉਹ ਬੰਦਾ ਹੀ ਰੱਬ ਨਾਲ ਮਿਲਿਆ ਅਖਵਾ ਸਕਦਾ ਹੈ ਜੋ ਅੰਤਰ-ਆਤਮੇ ਤੋਂ ਰੱਬ ਨਾਲ ਮਿਲਿਆ ਹੋਇਆ ਹੋਵੇ। ਯਥਾ :

**ਮਿਲਿਐ ਮਿਲਿਆ ਨਾ ਮਿਲੈ, ਮਿਲੈ ਮਿਲਿਆ ਜੇ ਹੋਇ ॥**
**ਅੰਤਰ ਆਤਮੈ ਜੋ ਮਿਲੈ, ਮਿਲਿਆ ਕਹੀਐ ਸੋਇ ॥**

*(੭੯੧)*

ਗੁਰੂ ਅੰਗਦ ਦੇਵ ਜੀ ਜਗਿਆਸੂ ਨੂੰ ਆਪਣੇ ਹਿਰਦੇ ਵਿਚ ਪ੍ਰਭੂ ਲਈ ਅਨੰਨ ਪਿਆਰ ਪੈਦਾ ਕਰਨ ਦਾ ਉਪਦੇਸ਼ ਦਿੰਦੇ ਹਨ। ਸੱਚਾ ਪ੍ਰੇਮੀ ਕੇਵਲ ਮਾਤਰ ਪਰਮੇਸ਼ਰ ਦਾ ਆਸਰਾ ਤੇ ਪਿਆਰ ਹੀ ਤਕਦਾ ਹੈ ਤੇ ਜਦ ਤੱਕ ਉਸ ਨੂੰ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੋ ਜਾਂਦੀ, ਉਹ ਪਰਮੇਸ਼ਰ ਦੇ ਪਿਆਰ ਲਈ ਹੀ ਹਰ ਸਮੇਂ ਰੋਂਦਾ-ਮਰਦਾ ਰਹਿੰਦਾ ਹੈ; ਭਾਵ, ਦਿਲੋਂ-ਮਨੋਂ ਪਰਮੇਸ਼ਰ ਨੂੰ ਹੀ ਪੁਕਾਰਦਾ ਰਹਿੰਦਾ ਹੈ।

ਗੁਰਦੇਵ ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਸੱਚਾ ਜਗਿਆਸੂ ਤਾਂ ਰੱਬ ਅੱਗੇ ਹਰ ਸਮੇਂ ਇਹ ਅਰਜ਼ੋਈ ਕਰਦਾ ਰਹਿੰਦਾ ਹੈ ਕਿ ਹੇ ਪਰਮੇਸ਼ਰ, ਕਿਸੇ ਮਨੁੱਖ ਨੇ ਕੋਈ ਆਸਰਾ ਲਿਆ ਹੈ ਤੇ ਕਿਸੇ ਨੇ ਕੋਈ। ਮੈਂ ਨਿਮਾਣੀ ਜੀਵ-ਇਸਤ੍ਰੀ ਦਾ ਆਸਰਾ ਕੇਵਲ ਤੂੰ ਹੀ ਹੈਂ। ਜਦ ਤੱਕ ਹੇ ਪਰਮੇਸ਼ਰ, ਤੂੰ ਮੇਰੇ ਚਿੱਤ ਵਿਚ ਆ ਕੇ ਨਹੀਂ ਵੱਸ ਜਾਂਦਾ, ਤਦ ਤੱਕ ਤੇਰੇ ਪਿਆਰ ਖ਼ਾਤਰ ਹਰ ਸਮੇਂ ਕਿਉਂ ਨਾ ਰੋਂਦਾ-ਮਰਦਾ ਰਹਾਂ। ਸੱਚਾ ਰੱਬੀ ਪਿਆਰ ਉਹੀ ਹੋ ਸਕਦਾ ਹੈ ਜਦ ਜੀਵ ਹੋਰ ਸਭ ਆਸਰੇ-ਪਰਨੇ ਛੱਡ ਕੇ ਪਰਮੇਸ਼ਰ ਦੀ ਹੀ ਟੇਕ ਲਵੇ। ਯਥਾ :

**ਕਿਸ ਹੀ ਕੋਈ ਕੋਇ, ਮੰਞੁ ਨਿਮਾਣੀ ਇਕੁ ਤੂ ॥**
**ਕਿਉ ਨ ਮਰੀਜੈ ਰੋਇ, ਜਾ ਲਗੁ ਚਿਤਿ ਨ ਆਵਹੀ ॥**

*(੭੯੧-੯੨)*

ਗੁਰੂ ਅੰਗਦ ਦੇਵ ਜੀ ਜਗਿਆਸੂ ਨੂੰ ਦ੍ਰਿੜ ਕਰਾਉਂਦੇ ਹਨ ਕਿ ਮਨੁੱਖ ਜਦ ਪਿਆਰੇ ਪਰਮੇਸ਼ਰ ਨਾਲ ਪਿਆਰ ਪਾਉਣਾ ਚਾਹੁੰਦਾ ਹੈ, ਉਸ ਲਈ ਜ਼ਰੂਰੀ ਹੈ ਕਿ ਉਹ ਪਰਮੇਸ਼ਰ ਦੀ ਰਜ਼ਾ ਅੱਗੇ ਨਿਰ-ਅਹੰਕਾਰ ਹੋ ਕੇ ਚੱਲੇ। ਸੰਸਾਰ ਵਿਚ ਉਸ ਜੀਵਨ ਉਤੇ ਧ੍ਰਿਕਾਰ ਹੈ ਜੋ ਪ੍ਰਮੇਸ਼ਰ ਦੀ ਰਜ਼ਾ ਤੋਂ ਬੇਮੁੱਖ ਹੋ ਕੇ ਜੀਵਿਆ ਜਾਏ। ਸੱਚੇ ਜਗਿਆਸੂ ਲਈ ਜ਼ਰੂਰੀ ਹੈ ਕਿ ਉਹ ਹਉਮੈ-ਹੰਕਾਰ ਦਾ ਤਿਆਗ ਕਰ ਕੇ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਤੁਰੇ। ਯਥਾ :

**ਜਿਸੁ ਪਿਆਰੇ ਸਿਉ ਨੇਹੁ, ਤਿਸੁ ਆਗੈ ਮਰਿ ਚਲੀਐ ॥**
**ਧ੍ਰਿਗੁ ਜੀਵਣੁ ਸੰਸਾਰਿ, ਤਾ ਕੈ ਪਾਛੈ ਜੀਵਣਾ ॥**

*(ਸਿਰੀਰਾਗ ਕੀ ਵਾਰ, ਮ: ੪, ਪੰਨਾ ੮੩)*

### (8) ਰੱਬੀ ਬਖ਼ਸ਼ਿਸ਼ ਦੀ ਆਸ

ਮਨੁੱਖ ਦਾ ਵਿਤ ਸੀਮਤ ਹੈ ਇਸ ਲਈ ਉਸ ਦੀ ਵੱਡੀ ਤੋਂ ਵੱਡੀ ਘਾਲ ਦੀ ਪਾਇਆਂ ਭੀ ਸੀਮਤ ਹੋਣੀ ਲਾਜ਼ਮੀ ਹੈ। ਪ੍ਰਭੂ ਬੇਅੰਤ ਹੈ ਇਸ ਲਈ ਉਸ ਵਿਚ ਲੀਨ ਹੋਣ ਲਈ ਮਨੁੱਖ ਕੇਵਲ ਮਾਤਰ ਆਪਣੀ ਘਾਲ-ਕਮਾਈ ਤੇ ਟੇਕ ਨਹੀਂ ਰੱਖ ਸਕਦਾ ਤੇ ਨਾ ਹੀ ਇਹ ਗੱਲ ਸਿਆਣਪ ਹੀ ਅਖਵਾ ਸਕਦੀ ਹੈ। ਫਿਰ ਸਭ ਤੋਂ ਜ਼ਿਆਦਾ ਗੁੰਝਲਦਾਰ ਗੱਲ ਤਾਂ ਇਹ ਹੈ ਕਿ ਜੇ ਮਨੁੱਖ ਆਪਣੀ ਘਾਲ ਕਮਾਈ ਜਾਂ ਆਪਣੇ ਉੱਦਮ ਨਾਲ ਕੁਝ ਉੱਚੀ ਆਤਮਿਕ ਅਵਸਥਾ ਹਾਸਲ ਕਰ ਲਵੇ, ਉਸ ਦਾ ਹਉਮੈ ਵਿਚ ਗ੍ਰਸਿਆ ਜਾਣਾ ਸੁਭਾਵਿਕ ਜਿਹਾ ਹੁੰਦਾ ਹੈ ਤੇ ਇਹ ਹਉਮੈ ਉਸ ਦੀ ਸਾਰੀ ਘਾਲ-ਕਮਾਈ ਤੇ ਪੋਚਾ ਫੇਰ ਦਿੰਦੀ ਹੈ। ਫਿਰ ਜਦ ਨਿਸਚੇ ਤੌਰ ਤੇ ਮਨੁੱਖੀ ਘਾਲ ਕਮਾਈ ਦੀ ਪਾਂਇਆ ਵੀ ਥੋੜ੍ਹ-ਵਿਤੀ ਹੋਵੇ, ਤਾਂ ਸਪੱਸ਼ਟ ਹੀ ਬਿਹਤਰ ਰਸਤਾ ਤਾਂ ਇਹੋ ਹੋਵੇਗਾ ਕਿ ਮਨੁੱਖ ਆਪਣੇ ਉੱਦਮ ਜਾਂ ਘਾਲ-ਕਮਾਈ ਦੀ ਟੇਕ ਲੈਣ ਦੀ ਥਾਂਵੇ ਰੱਬੀ ਬਖ਼ਸ਼ਿਸ਼ ਦੀ ਲੋਚਾ ਕਰੇ।

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਆਪਣੇ ਉੱਦਮ ਜਾਂ ਘਾਲ ਕਮਾਈ

ਦੀ ਥਾਂ ਸਾਨੂੰ ਵਾਹਿਗੁਰੂ ਦੀ ਬਖ਼ਸ਼ਿਸ਼ ਦੀ ਆਸ ਤੱਕਣੀ ਚਾਹੀਦੀ ਹੈ। ਜੇ ਅਸੀਂ ਇਹ ਕਹੀਏ ਕਿ ਅਸੀਂ ਆਪਣੇ ਉੱਦਮ ਨਾਲ ਜਾਂ ਆਪਣੀ ਘਾਲਣਾ ਨਾਲ ਅਮੁਕੀ ਵਸਤ ਹਾਸਲ ਕੀਤੀ ਹੈ, ਤਾਂ ਇਹ ਕਿਹੋ ਜਿਹੀ ਬਖ਼ਸ਼ਿਸ਼ ਹੋਈ? ਇਹ ਤਾਂ ਬਦਲਾ ਜਾਂ ਇਵਜ਼ਾਨਾ ਹੋਇਆ। ਬਖ਼ਸ਼ਿਸ਼ ਤਾਂ ਉਹੋ ਚੀਜ਼ ਅਖਵਾ ਸਕਦੀ ਹੈ ਜੋ ਵਾਹਿਗੁਰੂ ਦੇ ਪ੍ਰਸੰਨ ਹੋਣ ਪੁਰ ਹਾਸਲ ਹੁੰਦੀ ਹੈ। ਭਾਵ ਇਹ ਕਿ ਉੱਦਮ ਕਰਦੇ ਹੋਏ ਵੀ ਸਾਨੂੰ ਵਾਹਿਗੁਰੂ ਦੀ ਬਖ਼ਸ਼ਿਸ਼ ਤੇ ਹੀ ਟੇਕ ਰੱਖਣੀ ਚਾਹੀਦੀ ਹੈ। ਯਥਾ :

**ਏਹ ਕਿਨੇਹੀ ਦਾਤਿ, ਆਪਸ ਤੇ ਜੋ ਪਾਈਐ॥**
**ਨਾਨਕ ਸਾ ਕਰਮਾਤਿ, ਸਾਹਿਬ ਤੁਠੈ ਜੋ ਮਿਲੈ॥**

*(ਆਸਾ ਕੀ ਵਾਰ, ਮ: ੧, ਪੰਨਾ ੪੭੪-੭੫ ਵਿਚੋਂ)*

### (9) ਪਰਮੇਸ਼ਰ ਦੇ ਜੱਸ ਵਿਚ ਲੀਨ ਹੋਣ ਤੋਂ ਉੱਚਾ ਕੋਈ ਉਪਦੇਸ਼ ਨਹੀਂ

ਸਭ ਉਪਦੇਸ਼ਾਂ ਵਿਚੋਂ ਉੱਚਾ ਪ੍ਰਮੇਸ਼ਰ ਦੇ ਜਸ ਜਾਂ ਸਿਫ਼ਤ-ਸਲਾਹੁਤਾ ਵਿਚ ਜੁੜਨਾ ਹੈ।

ਗੁਰੂ ਅੰਗਦ ਦੇਵ ਜੀ ਅਨੁਸਾਰ ਜਿਹਨਾਂ ਜਗਿਆਸੂਆਂ ਨੇ ਗੁਰੂ ਧਾਰਨ ਕੀਤਾ ਹੈ, ਤੇ ਜਿਹਨਾਂ ਨੂੰ ਗੁਰੂ ਨੇ ਸਿਖਿਆ ਦੇਕੇ ਬ੍ਰਹਮ-ਗਿਆਨ ਬੁਝਾਇਆ ਹੈ ਤੇ ਜੋ ਮਨੁੱਖ ਰੱਬੀ ਜੱਸ ਵਿਚ ਜੁੜ ਕੇ ਸਦਾ ਕਾਇਮ ਰਹਿਣ ਵਾਲੇ ਪਰਮੇਸ਼ਰ ਵਿਚ ਲੀਨ ਹੋਏ ਹਨ, ਉਹਨਾਂ ਨੂੰ ਹੋਰ ਕਿਸੇ ਕਿਸਮ ਦੇ ਉਪਦੇਸ਼ ਦੀ ਲੋੜ ਨਹੀਂ ਰਹਿੰਦੀ। ਉਹਨਾਂ ਨੂੰ ਹੋਰ ਕਿਹੜਾ ਉਪਦੇਸ਼ ਦਿਤਾ ਜਾ ਸਕਦਾ ਹੈ? ਸਭ ਉਪਦੇਸ਼ਾਂ ਦਾ ਨਿਚੋੜ ਤਾਂ ਪ੍ਰਭੂ ਸਿਮਰਨ ਹੀ ਹੈ।

**ਦੀਖਿਆ ਆਖਿ ਬੁਝਾਇਆ, ਸਿਫਤੀ ਸਚਿ ਸਮੇਉ।**
**ਤਿਨ ਕਉ ਕਿਆ ਉਪਦੇਸੀਐ, ਜਿਨ ਗੁਰੁ ਨਾਨਕ ਦੇਉ॥**

*(ਮਾਝ ਕੀ ਵਾਰ, ਮ: ੧, ਪੰਨਾ ੧੫੦)*

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਸਿਮਰਨ ਜਾਂ ਸਿਫ਼ਤ-ਸਲਾਹੁਤਾ ਵੀ ਕ੍ਰਿਤਮ ਤੇ ਪੈਦਾ ਕੀਤੇ ਜੀਵਾਂ ਦੀ ਨਹੀਂ, ਦੇਵੀ-ਦੇਵਤਿਆਂ, ਅਵਤਾਰਾਂ ਜਾਂ ਉਹਨਾਂ ਦੀਆਂ ਮੂਰਤੀਆਂ ਦੀ ਨਹੀਂ, ਉਸ ਵਾਹਿਦ ਪਰਮੇਸ਼ਰ ਦੀ ਹੀ ਕਰਨੀ ਚਾਹੀਦੀ ਹੈ, ਜੋ ਸਾਰੀ ਸ੍ਰਿਸ਼ਟੀ ਦਾ ਰਚਣਹਾਰ ਹੈ। ਮਨੁੱਖ ਲਈ ਢੁਕਵੀਂ ਗੱਲ ਵੀ ਇਹੋ ਹੈ ਕਿ ਉਹ ਚੂੰਕਿ ਖ਼ੁਦ ਰੱਬੀ ਮੂਲ ਵਾਲਾ ਹੈ, ਇਸ ਲਈ ਉਹ ਰੱਬ ਵਿਚ ਚਿੱਤ ਜੋੜੇ ਤੇ ਉਸ ਦਾ ਜੱਸ ਹੀ ਗਾਇਨ ਕਰੇ। ਕੁਦਰਤੀ ਗੱਲ ਵੀ ਇਹੀ ਹੈ, ਤੁਰਦੇ ਜੀਵ ਦਾ ਸੰਗ-ਸਾਥ ਤੁਰਦਾ ਜੀਵ ਹੀ ਕਰਦਾ ਹੈ ਤੇ ਉੱਡਣ ਵਾਲੇ ਜੀਵਾਂ ਦਾ ਸੁਭਾਵਿਕ ਸੰਗ-ਸਾਥ ਉੱਡਣ ਵਾਲੇ ਜੀਵਾਂ ਨਾਲ ਹੀ ਹੁੰਦਾ ਹੈ। ਜ਼ਿੰਦਾ-ਦਿਲ ਉਤਸ਼ਾਹੀ ਜੀਵ ਆਪਣੇ ਸੁਭਾਅ ਨਾਲ ਰਲਦੇ-ਮਿਲਦੇ ਜ਼ਿੰਦਾ-ਦਿਲ, ਉੱਦਮੀ ਤੇ ਕਰਮਸ਼ੀਲ ਮਨੁੱਖਾਂ ਦਾ ਸੰਗ-ਸਾਥ ਕਰਨਾ ਪਸੰਦ ਕਰਦੇ ਹਨ ਤੇ ਇਸੇ ਤਰਾਂ ਮੁਰਦਾ ਰੂਹਾਂ ਦੇ ਮਾਲਕ ਮਨੁੱਖ ਆਪਣੇ ਵਰਗੀਆਂ ਮੁਰਦਾ ਆਤਮਾਵਾਂ ਦਾ ਸੰਗ-ਸਾਥ ਕਰਨਾ ਪਸੰਦ ਕਰਦੇ ਹਨ।

ਇਸ ਲਈ ਐਸੇ ਕੁਦਰਤੀ ਨੇਮਾਂ ਨੂੰ ਵੇਖ ਕੇ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਤੇ ਸ੍ਰਿਸ਼ਟੀ ਦੇ ਰਚਣਹਾਰ ਪਰਮੇਸ਼ਰ ਵਿਚ ਆਪਣਾ ਚਿੱਤ ਜੋੜੇ। ਯਥਾ :

**ਤੁਰਦੇ ਕਉ ਤੁਰਦਾ ਮਿਲੈ, ਉਡਤੇ ਕਉ ਉਡਤਾ॥**
**ਜੀਵਤੇ ਕਉ ਜੀਵਤਾ ਮਿਲੈ, ਮੁਏ ਕਉ ਮੂਆ॥**
**ਨਾਨਕ ਸੋ ਸਾਲਾਹੀਐ, ਜਿਨਿ ਕਾਰਣੁ ਕੀਆ॥**

*(੭੮੮)*

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਸਾਨੂੰ ਉਸ ਪਰਮੇਸ਼ਰ ਦਾ ਜੱਸ ਗਾਇਨ ਕਰਨਾ ਚਾਹੀਦਾ ਹੈ ਜੋ ਸੰਸਾਰ ਦੇ ਸਭ ਜੀਵਾਂ ਨੂੰ ਰਿਜ਼ਕ ਆਦਿਕ ਦਾ ਆਸਰਾ ਦੇ ਰਿਹਾ ਹੈ। ਸ੍ਰਿਸ਼ਟੀ ਦੀਆਂ ਰੰਗੀਨੀਆਂ ਤੇ ਖੇੜੇ ਨੂੰ ਵੇਖ ਕੇ ਕਈ ਵਾਰੀ ਜੀਵ ਇਹਨਾਂ ਵਿਚ ਖੁਭ ਜਾਂਦਾ ਹੈ ਤੇ ਪਰਮੇਸ਼ਰ ਨੂੰ ਵਿਸਾਰ ਬਹਿੰਦਾ ਹੈ। ਗੁਰੂ ਅੰਗਦ ਦੇਵ ਜੀ ਮਨੁੱਖ ਨੂੰ ਸਮਝਾਉਂਦਿਆਂ ਫ਼ੁਰਮਾਉਂਦੇ ਹਨ ਕਿ ਹੇ ਮਨੁੱਖ! ਤੁਸੀਂ ਉਸ ਪਰਮੇਸ਼ਰ ਦੇ ਗੁਣਾਂ ਬਾਰੇ ਵਿਚਾਰ ਕਰੋ ਜੋ ਸੰਸਾਰ ਵਿਚ ਸੰਸਾਰਕ ਰੰਗੀਨੀਆਂ ਤੇ ਖੇੜਿਆਂ ਦੇ ਆਗਮਨ ਤੋਂ ਵੀ ਪਹਿਲਾਂ ਦਾ ਸੰਸਾਰ ਵਿਚ ਮੌਜੂਦ ਹੈ ਤੇ ਜੋ ਸੰਸਾਰਕ ਰੰਗੀਨੀਆਂ ਤੇ ਖੇੜਿਆਂ ਰੂਪੀ ਬਸੰਤ ਦਾ ਭੀ ਕਰਤਾ ਅਥਵਾ ਕਾਰਨ ਹੈ। ਯਥਾ :

**ਪਹਿਲ ਬਸੰਤੈ ਆਗਮਨਿ, ਤਿਸਕਾ ਕਰਹੁ ਬੀਚਾਰੁ॥**
**ਨਾਨਕ ਸੋ ਸਾਲਾਹੀਐ, ਜਿ ਸਭਸੈ ਦੇ ਆਧਾਰੁ॥**

*(੭੯੧)*

### *(10) ਨਾਮ ਅੰਮ੍ਰਿਤ ਹੈ*

ਗੁਰੂ ਅੰਗਦ ਦੇਵ ਜੀ ਦੇ ਵਿਚਾਰ ਅਨੁਸਾਰ ਅਸਲ ਅੰਮ੍ਰਿਤ ਕੇਵਲ ਪਰਮੇਸ਼ਰ ਦਾ ਨਾਮ ਸਿਮਰਨ ਜਾਂ ਸੱਚਾ ਰੱਬੀ ਪਿਆਰ ਹੀ ਹੈ। ਹੋਰ-ਹੋਰ ਬਨਾਵਟੀ ਜਲ ਅੰਮ੍ਰਿਤ ਨਹੀਂ ਹੋ ਸਕਦੇ। ਪਰਮੇਸ਼ਰ ਦਾ ਨਾਮ ਸਿਮਰਨ ਹੀ ਮਨੁੱਖ ਨੂੰ ਆਤਮਿਕ ਤੌਰ ਤੇ ਸਦੀਵੀ ਜ਼ਿੰਦਗੀ ਬਖ਼ਸ਼ ਸਕਣ ਵਾਲਾ ਅੰਮ੍ਰਿਤ ਹੈ। ਗੁਰਦੇਵ ਫ਼ੁਰਮਾਉਂਦੇ ਹਨ ਕਿ ਜਿਹਨਾਂ ਮਨੁਖਾਂ ਨੂੰ ਪਰਮੇਸ਼ਰ ਦੇ ਨਾਮ ਦੀ ਸਿਫ਼ਤ-ਸਲਾਹੁਤਾ ਦੀ ਦਾਤ ਮਿਲੀ ਹੋਈ ਹੈ, ਉਹ ਮਨੁੱਖ ਹਮੇਸ਼ਾਂ ਮਨ ਵਿਚ ਰੱਬੀ ਪਿਆਰ ਦੇ ਰੰਗ ਵਿਚ ਰੰਗੇ ਹੋਏ ਰਹਿੰਦੇ ਹਨ।

ਗੁਰਦੇਵ ਅਨੁਸਾਰ ਨਾਮ ਰੂਪੀ ਅੰਮ੍ਰਿਤ ਦਾ ਟਿਕਾਣਾ ਤਾਂ ਮਨੁੱਖੀ ਹਿਰਦਾ ਹੀ ਹੈ ਪਰ ਆਪਣੇ ਹੀ ਹਿਰਦੇ ਵਿਚੋਂ ਇਸ ਨਾਮ ਅੰਮ੍ਰਿਤ ਦੀ ਪ੍ਰਾਪਤੀ ਕੇਵਲ ਸਤਿਗੁਰੂ ਦੀ ਕਿਰਪਾ ਨਾਲ ਹੀ ਹੁੰਦੀ ਹੈ। ਜਿਹਨਾਂ ਮਨੁੱਖਾਂ ਦੇ ਭਾਗਾਂ ਵਿਚ ਆਰੰਭ ਤੋਂ ਹੀ ਇਸ ਨਾਮ-ਅੰਮ੍ਰਿਤ ਦੀ ਦਾਤ ਲਿਖੀ ਹੋਈ ਹੁੰਦੀ ਹੈ, ਉਹ ਸੁਭਾਗੇ ਜੀਵ ਹੀ ਮੌਜ ਨਾਲ ਇਸ ਨਾਮ ਅੰਮ੍ਰਿਤ ਦੇ ਸੁਆਦ ਨੂੰ ਮਾਣਦੇ ਹਨ। ਯਥਾ :

**ਜਿਨ ਵਡਿਆਈ ਤੇਰੇ ਨਾਮ ਕੀ, ਤੇ ਰਤੇ ਮਨ ਮਾਹਿ॥**
**ਨਾਨਕ ਅੰਮ੍ਰਿਤੁ ਏਕੁ ਹੈ, ਦੂਜਾ ਅੰਮ੍ਰਿਤੁ ਨਾਹਿ॥**

ਨਾਨਕ ਅੰਮ੍ਰਿਤੁ ਮਨੈ ਮਾਹਿ, ਪਾਈਐ ਗੁਰ ਪਰਸਾਦਿ॥
ਤਿਨੀ ਪੀਤਾ ਰੰਗ ਸਿਉ, ਜਿਨ੍ ਕਉ ਲਿਖਿਆ ਆਦਿ॥

*(ਸਾਰੰਗ ਕੀ ਵਾਰ, ਮ: ੪, ੧੨੩੮)*

**ਨੋਟ :** ਪੰਜਾਂ ਪਿਆਰਿਆਂ ਵੱਲੋਂ ਖੰਡੇ-ਬਾਟੇ ਰਾਹੀਂ ਸਿੱਖ ਰਹੁ ਰੀਤ ਅਨੁਸਾਰ ਛਕਾਇਆ ਜਾਣ ਵਾਲਾ ਅੰਮ੍ਰਿਤ ਵਾਸਤਵ ਵਿਚ ਨਾਮ ਅੰਮ੍ਰਿਤ ਹੀ ਹੈ। ਨਾਮ ਅੰਮ੍ਰਿਤ ਨੂੰ ਹਿਰਦੇ ਵਿਚ ਧਾਰਨ ਕਰਨ ਲਈ ਸਤਿਗੁਰਾਂ ਵੱਲੋਂ ਦੱਸੀਆਂ ਰਹਿਤਾਂ ਧਾਰਨ ਕਰਨੀਆਂ ਤੇ ਕੁਰਹਿਤਾਂ ਤੋਂ ਬਚਣਾ ਅਰ ਸਤਿਗੁਰਾਂ ਦੁਆਰਾ ਦ੍ਰਿੜਾਈ ਜੀਵਨ-ਜੁਗਤ ਅਪਨਾਉਣੀ ਲਾਜ਼ਮੀ ਹੈ।

### *(11) ਅਰਦਾਸ ਸਿਰਫ ਪਰਮੇਸ਼ਰ ਅੱਗੇ ਹੀ ਹੋ ਸਕਦੀ ਹੈ*

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਮਨੁੱਖ ਨੂੰ ਹੋਰ-ਹੋਰ ਕਿਰਤਮ ਤੇ ਪੈਦਾ ਕੀਤੇ ਜੀਵਾਂ ਦੀ ਖੁਸ਼ਾਮਦ ਵਿਚ ਖੁਆਰ ਹੋਣ ਦੀ ਥਾਂ ਇਕ ਵਾਹਿਦ ਪਰਮੇਸ਼ਰ ਅੱਗੇ ਅਰਦਾਸ ਕਰਨੀ ਚਾਹੀਦੀ ਹੈ, ਜੋ ਸਭ ਜੀਵਾਂ ਦੇ ਦਿਲਾਂ ਦੀ ਜਾਣਦਾ ਤੇ ਸਮਝਦਾ ਹੈ, ਜੋ ਸਭ ਜੀਵਾਂ ਨੂੰ ਪੈਦਾ ਕਰਦਾ ਹੈ ਤੇ ਜੋ ਆਪ ਹੀ ਸਭ ਜੀਵਾਂ ਦਾ ਕਾਰਜ ਸਿਰੇ ਚਾੜ੍ਹਦਾ ਹੈ। ਅਜਿਹੇ ਅੰਤਰਜਾਮੀ, ਸਿਰਜਣਹਾਰ ਤੇ ਪਾਲਣਹਾਰ ਪ੍ਰਭੂ ਨੂੰ ਛੱਡ ਕੇ ਉਸਦੇ ਪੈਦਾ ਕੀਤੇ ਜੀਵਾਂ ਦੀ ਟੇਕ ਨਹੀਂ ਲੈਣੀ ਚਾਹੀਦੀ। ਅਜਿਹੇ ਸਰਬ-ਸ਼ਕਤੀਮਾਨ ਅਰ ਸ੍ਰਿਸ਼ਟੀ ਦੇ ਦਾਤੇ ਪਰਮੇਸ਼ਰ ਅੱਗੇ ਅਦਬ-ਸਤਿਕਾਰ ਸਹਿਤ ਅਰਦਾਸ ਕਰਨੀ ਹੀ ਜਗਿਆਸੂ ਨੂੰ ਸ਼ੋਭਦੀ ਹੈ। ਯਥਾ :

ਆਪੇ ਜਾਣੈ ਕਰੇ ਆਪਿ, ਆਪੇ ਆਣੈ ਰਾਸਿ॥
ਤਿਸੈ ਅਗੈ ਨਾਨਕਾ, ਖਲਿਇ ਕੀਚੈ ਅਰਦਾਸਿ॥

*(ਮਾਰੂ ਵਾਰ, ਮ: ੩, ਪੰਨਾ ੧੦੯੩)*

### *(12) ਦਾਤਾਰ ਕੇਵਲ ਪਰਮੇਸ਼ਰ ਹੈ ਤੇ ਉਹੀ ਸਿਫਤ-ਯੋਗ ਹੈ*

ਸੰਸਾਰਕ ਸੁਖਾਂ ਦੀ ਖਾਤਰ ਜਾਂ ਧਨ-ਮਾਲ ਦੀ ਖ਼ਾਤਰ ਆਮ ਮਨੁੱਖ ਧਨੀ-ਮਾਨੀ ਲੋਕਾਂ ਦੀ ਖੁਸ਼ਾਮਦ ਕਰਦੇ ਫਿਰਦੇ ਹਨ। ਫਿਰ ਅਨੇਕਾਂ ਧਨਵਾਨ ਪੁਰਖ ਆਪਣੇ ਇਕੱਤਰ ਕੀਤੇ ਧਨ ਵਿਚੋਂ ਕੁਝ ਰਕਮ ਦਾਨ ਪੁੰਨ ਤੇ ਲਗਾ ਕੇ ਆਪਣੇ ਆਪ ਨੂੰ ਦਾਤਾਰ ਸਮਝ ਰਹੇ ਹਨ। ਗੁਰਮਤਿ ਅਨੁਸਾਰ ਤਾਂ ਸੰਸਾਰ ਦੇ ਸਭਨਾਂ ਜੀਆਂ ਦਾ ਇਕ ਮਾਤਰ ਦਾਤਾਰ ਪ੍ਰਮੇਸ਼ਰ ਹੈ ਤੇ ਉਹੋ ਹੀ ਅਰਾਧਨ ਲਾਇਕ ਹੈ।

ਗੁਰੂ ਅੰਗਦ ਦੇਵ ਜੀ ਇਸ ਵਿਸ਼ੇ ਬਾਰੇ ਫ਼ੁਰਮਾਉਂਦੇ ਹਨ—ਪਰਮੇਸ਼ਰ ਨੂੰ ਛੱਡ ਕੇ ਪਰਮੇਸ਼ਰ ਦੇ ਪੈਦਾ ਕੀਤੇ ਜੀਵਾਂ ਦੀ ਖੁਸ਼ਾਮਦ ਕਰਨ ਦਾ ਕੀ ਫ਼ਾਇਦਾ ਹੋ ਸਕਦਾ ਹੈ? ਮਨੁੱਖ ਨੂੰ ਉਸ ਪਰਮੇਸ਼ਰ ਦੀ ਸਿਫ਼ਤ-ਸਲਾਹੁਤਾ ਕਰਨੀ ਚਾਹੀਦੀ ਹੈ ਜੋ ਸਭ ਜੀਵਾਂ ਨੂੰ ਪੈਦਾ ਕਰਦਾ ਹੈ ਤੇ ਪਾਲਦਾ ਹੈ। ਗੁਰੂ ਅੰਗਦ ਦੇਵ ਜੀ ਮਨੁੱਖਾਂ ਨੂੰ ਇਹ ਨਿਸ਼ਚਾ

ਪਕਾਉਣ ਦਾ ਉਪਦੇਸ਼ ਕਰਦੇਂ ਹਨ ਕਿ ਇਕ ਵਾਹਿਦ ਪਰਮੇਸ਼ਰ ਤੋਂ ਛੁੱਟ ਕੋਈ ਹੋਰ ਦਾਤਾਰ ਹੋ ਹੀ ਨਹੀ ਸਕਦਾ। ਜਿਸ ਕਰਤਾ ਪੁਰਖ ਨੇ ਇਹ ਸ੍ਰਿਸ਼ਟੀ ਰਚੀ ਹੈ, ਉਸ ਕਰਤਾਰ ਦਾ ਹੀ ਸਾਨੂੰ ਜੱਸ ਕਰਨਾ ਚਾਹੀਦਾ ਹੈ ਉਸ ਦਾਤਾਰ ਪਰਮੇਸ਼ਰ ਦਾ ਹੀ ਸਿਮਰਨ ਕਰਨਾ ਚਾਹੀਦਾ ਹੈ ਜੋ ਸੰਸਾਰ ਦੇ ਸਭ ਜੀਵਾਂ ਨੂੰ ਆਸਰਾ ਦੇ ਕੇ ਪਾਲਦਾ-ਪੋਸਦਾ ਹੈ।

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਪਰਮੇਸ਼ਰ ਦੇ ਭੰਡਾਰੇ ਸਦਾ ਰਹਿੰਦੇ ਹਨ ਤੇ ਉਹ ਆਪ ਸਦਾ ਕਾਇਮ ਰਹਿਣ ਵਾਲੀ ਹਸਤੀ ਹੈ। ਕੇਵਲ ਉਸ ਪਰਮੇਸ਼ਰ ਦਾ ਜੱਸ ਕਰਨਾ ਚਾਹੀਦਾ ਹੈ, ਜਿਸ ਦਾ ਕੋਈ ਪਾਰਾਵਾਰ ਨਹੀਂ ਮਿਲ ਸਕਦਾ। ਯਥਾ :

ਕੀਤਾ ਕਿਆ ਸਾਲਾਹੀਐ, ਕਰੇ ਸੋਇ ਸਾਲਾਹਿ ॥
ਨਾਨਕ ਏਕੀ ਬਾਹਰਾ, ਦੂਜਾ ਦਾਤਾ ਨਾਹਿ ॥
ਕਰਤਾ ਸੋ ਸਾਲਾਹੀਐ, ਜਿਨਿ ਕੀਤਾ ਆਕਾਰੁ ॥
ਦਾਤਾ ਸੋ ਸਾਲਾਹੀਐ, ਜਿ ਸਭਸੈ ਦੇ ਆਧਾਰੁ ॥
ਨਾਨਕ ਆਪਿ ਸਦੀਵ ਹੈ, ਪੂਰਾ ਜਿਸੁ ਭੰਡਾਰੁ ॥
ਵਡਾ ਕਰਿ ਸਾਲਾਹੀਐ, ਅੰਤੁ ਨ ਪਾਰਾਵਾਰੁ ॥

*(ਸਾਰੰਗ ਕੀ ਵਾਰ, ਮ: ੪, ੧੨੩੮ ਵਿਚੋਂ)*

### *(13) ਪਰਮੇਸ਼ਰ ਦਾ ਡਰ ਸੰਸਾਰਕ ਡਰਾਂ ਤੋਂ ਬਚਾਉਂਦਾ ਹੈ*

ਜਿਹੜੇ ਮਨੁੱਖ ਰੱਬ ਦੇ ਡਰ-ਭਉ ਵਿਚ ਵਿਚਰਦੇ ਹਨ, ਉਹ ਕਿਸੇ ਸੰਸਾਰਕ ਡਰ-ਭਉ ਦੀ ਮਾਰ ਹੇਠ ਨਹੀਂ ਆਉਂਦੇ। ਪਰਮੇਸ਼ਰ ਦਾ ਡਰ-ਭਉ ਉਹਨਾਂ ਨੂੰ ਨਿਰਭਉ ਅਵਸਥਾ ਪ੍ਰਦਾਨ ਕਰਦਾ ਹੈ। ਉਹ ਪੁਰਖ ਜਿਹਨਾਂ ਦੇ ਮਨ ਵਿਚ ਰੱਬ ਦਾ ਡਰ ਖ਼ੌਫ ਨਹੀਂ, ਉਹਨਾਂ ਨੂੰ ਸਦਾ ਸੰਸਾਰਕ ਡਰ ਦੱਬੀ ਰੱਖਦੇ ਹਨ। ਪਰ ਇਸ ਅਸਲੀਅਤ ਦੀ ਸੋਝੀ ਉਸੇ ਸਮੇਂ ਹੁੰਦੀ ਹੈ ਜਦ ਮਨੁੱਖ ਰੱਬੀ ਦਰਬਾਰ ਦਾ ਮੈਂਬਰ ਬਣ ਜਾਏ। ਰੱਬ ਪ੍ਰਸਤ ਬੰਦੇ ਸੰਸਾਰ ਵਿਚ ਸਦਾ ਬੇਖ਼ੌਫ ਹੋ ਕੇ ਵਿਚਰਦੇ ਹਨ ਤੇ ਉਹਨਾਂ ਨੂੰ ਸੰਸਾਰ ਵਿਚ ਕੋਈ ਵਿਸ਼ੇ-ਵਿਕਾਰ ਆਪਣੀ ਮਾਰ ਹੇਠ ਨਹੀਂ ਲਿਆ ਸਕਦਾ, ਜਦਕਿ ਰੱਬ ਤੋਂ ਬੇਖ਼ੌਫ ਬੰਦੇ ਸਦਾ ਸੰਸਾਰਕ ਡਰਾਂ ਹੱਥੋਂ ਦੁੱਖੀ ਰਹਿੰਦੇ ਹਨ ਤੇ ਵਿਸ਼ੇ-ਵਿਕਾਰਾਂ ਦੀ ਮਾਰ ਖਾਂਦੇ ਰਹਿੰਦੇ ਹਨ। ਯਥਾ :

ਜਿਨਾ ਭਉ ਤਿਨ੍ ਨਾਹਿ ਭਉ, ਮੁਚੁ ਭਉ ਨਿਭਵਿਆਹ ॥
ਨਾਨਕ ਏਹੁ ਪਟੰਤਰਾ, ਤਿਤੁ ਦੀਬਾਣਿ ਗਇਆਹ ॥

*(ਵਾਰ ਸੂਹੀ ਕੀ, ਮ: ੩, ੭੮੮)*

### *(14) ਪਰਮੇਸ਼ਰ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੀ ਇਕ ਮਾਤਰ ਸ.ਫਲ ਸਾਧਨ ਹੈ*

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ, ਕਿ ਮਨੁੱਖ ਨੂੰ ਉਹੀ ਕੰਮ ਚੰਗਾ ਕਰਕੇ

ਮੰਨਣਾ ਚਾਹੀਦਾ ਹੈ ਜੋ ਉਸ ਪਰਮੇਸ਼ਰ ਨੂੰ ਭਾਉਂਦਾ ਹੋਵੇ। ਹੋਣਾ ਤੇ ਉਹੀ ਹੈ ਜੋ ਉਸ ਪਰਮੇਸ਼ਰ ਨੂੰ ਮਨਜ਼ੂਰ ਹੋਵੇ। ਮਨੁੱਖ ਦੇ ਚਾਹੁਣ ਜਾਂ ਨਾ ਚਾਹੁਣ ਨਾਲ ਕੋਈ ਫ਼ਰਕ ਨਹੀਂ ਪੈ ਸਕਦਾ। ਮਨੁੱਖ ਦੇ ਵੱਸ ਤਾਂ ਸਿਰਫ਼ ਇਹ ਗੱਲ ਹੈ ਕਿ ਜਾਂ ਤਾਂ ਉਹ ਪਰਮੇਸ਼ਰ ਦੀ ਰਜ਼ਾ ਵਿਚ ਰਾਜੀ ਹੋਣ ਦੀ ਥਾਂ ਕਿੰਤੂ ਕਰਕੇ ਆਪਣੇ ਮਨ ਵਿਚ ਕਲਪਣਾ ਪਾਈ ਰਖੇ ਤੇ ਜਾਂ ਫਿਰ ਪਰਮੇਸ਼ਰ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਆਪਣਾ ਜੀਵਨ ਸਫ਼ਲ ਕਰ ਲਵੇ।

ਗੁਰੂ ਅੰਗਦ ਦੇਵ ਜੀ ਸਮਝਾਉਂਦੇ ਹਨ ਕਿ ਜੋ ਪਰਮੇਸ਼ਰ ਸਾਡੇ ਘਟ-ਘਟ ਦੀ ਜਾਣਨਹਾਰਾ ਹੈ ਉਸ ਅਗੇ ਕਿੰਤੂ ਕਰਨਾ ਜਾਂ ਹੀਲ-ਹੁਜਤ ਕਰਨੀ ਸ਼ੋਭਦੀ ਨਹੀਂ। ਪ੍ਰਭੂ ਮੰਨਿਆ-ਪ੍ਰਮੰਨਿਆ ਮਾਲਕ ਹੈ ਕਿਉਂਕਿ ਉਸ ਦਾ ਹੁਕਮ ਕੋਈ ਮੋੜ ਨਹੀਂ ਸਕਦਾ। ਬਲਵਾਨ ਬਾਦਸ਼ਾਹਾਂ, ਮਲਕਾਂ (ਸ਼ਾਹਾਂ) ਅਤੇ ਫ਼ੌਜੀ ਜਰਨੈਲਾਂ ਨੂੰ ਵੀ ਉਸਦੇ ਹੁਕਮ ਮੁਤਾਬਕ ਹੀ ਚਲਣਾ ਪੈਂਦਾ ਹੈ। ਇਸ ਕਾਰਨ ਸਿਆਣਪ ਤਾਂ ਇਸ ਗੱਲ ਵਿਚ ਹੈ ਕਿ ਮਨੁੱਖ ਉਸ ਕੰਮ ਨੂੰ ਚੰਗਾ ਕਰਕੇ ਮੰਨੇ, ਜੋ ਪਰਮੇਸ਼ਰ ਨੂੰ ਭਾਉਂਦਾ ਹੋਵੇ।

ਪਰਮੇਸ਼ਰ ਨੂੰ ਛੱਡ ਕੇ ਉਸਦੇ ਪੈਦਾ ਕੀਤੇ ਮਨੁੱਖਾਂ ਅੱਗੇ ਹੱਥ ਅੱਡਣੇ ਕੋਈ ਅਕਲ ਦੀ ਗੱਲ ਨਹੀਂ। ਇਹ ਮਨੁੱਖ ਭਾਵੇਂ ਬਾਦਸ਼ਾਹ, ਧਨਵਾਨ ਤੇ ਵੱਡੇ ਜਰਨੈਲ ਹੀ ਕਿਉਂ ਨਾ ਹੋਣ। ਇਹਨਾਂ ਦੇ ਹੱਥ ਵੱਸ ਤਾਂ ਕੁਝ ਵੀ ਨਹੀਂ ਕਿਉਂਕਿ ਇਹਨਾਂ ਸਭਨਾਂ ਨੂੰ ਤਾਂ ਰੱਬ ਦੇ ਅਟੱਲ ਕਾਨੂੰਨ ਅਨੁਸਾਰ ਹੀ ਤੁਰਨਾ ਪੈਣਾ ਹੈ। ਜਦੋਂ ਵੀ ਮਾਲਕ ਦਾ ਹੁਕਮ ਹੁੰਦਾ ਹੈ, ਇਹ ਜੀਵ ਇਥੋਂ ਉਠਕੇ ਪ੍ਰਲੋਕ ਦੇ ਰਾਹੇ ਪੈ ਜਾਂਦੇ ਹਨ। ਜਿਹੋ-ਜਿਹਾ ਹੁਕਮ ਲਿਖਿਆ ਹੋਇਆ ਆਉਂਦਾ ਹੈ ਜੀਵ ਉਸੇ ਤਰਾਂ ਦੇ ਹੁਕਮ ਦੀ ਕਮਾਈ ਕਰਦੇ ਹਨ। ਸਭ ਜੀਵ (ਬਾਦਸ਼ਾਹਾਂ, ਧਨਵਾਨਾਂ ਤੇ ਜੰਗੀ ਜਰਨੈਲਾਂ ਸਮੇਤ) ਮਾਲਕ ਪ੍ਰਭੂ ਵਲੋਂ ਘੱਲੇ ਹੋਏ ਸੰਸਾਰ ਵਿਚ ਆਉਂਦੇ ਹਨ ਤੇ ਉਸ ਦੇ ਬੁਲਾਏ ਹੋਏ ਇਥੋਂ ਉਠ ਕੇ ਤੁਰ ਪੈਂਦੇ ਹਨ।

ਸੋ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਤੇ ਉਸਦੇ ਕੀਤੇ ਕਿਸੇ ਮਨੁੱਖ ਨੂੰ ਵੀ ਉਸ ਦੇ ਤੁਲ ਨਾ ਸਮਝਣਾ ਹੀ ਗੁਰਮਤ ਦਾ ਸਹੀ ਰਸਤਾ ਹੈ।

ਤਿਸੁ ਸਿਉ ਕੈਸਾ ਬੋਲਣਾ, ਜਿ ਆਪੇ ਜਾਣੈ ਜਾਣੁ ॥
ਚੀਰੀ ਜਾ ਕੀ ਨਾ ਫਿਰੈ, ਸਾਹਿਬੁ ਸੋ ਪਰਵਾਣੁ ॥
ਚੀਰੀ ਜਿਸਕੀ ਚਲਣਾ, ਮੀਰ ਮਲਕ ਸਲਾਰ ॥
ਜੋ ਤਿਸੁ ਭਾਵੈ ਨਾਨਕਾ, ਸਾਈ ਭਲੀ ਕਾਰ ॥
ਜਿਨ੍ਹਾ ਚੀਰੀ ਚਲਣਾ, ਹਥਿ ਤਿਨ੍ਹਾ ਕਿਛੁ ਨਾਹਿ ॥
ਸਾਹਿਬ ਕਾ ਫੁਰਮਾਣੁ ਹੋਇ, ਉਠੀ ਕਰਲੈ ਪਾਹਿ ॥
ਜੇਹਾ ਚੀਰੀ ਲਿਖਿਆ, ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ, ਸਦੇ ਉਠੀ ਜਾਹਿ ॥

*(ਸਾਰੰਗ ਕੀ ਵਾਰ, ਮ: ੪, ੧੨੩੯)*

### (15) ਰਿਜ਼ਕ ਬਾਰੇ ਚਿੰਤਾ ਤੋਂ ਮੁਕਤ ਰਹਿ ਕੇ ਰੱਬ ਉੱਤੇ ਨਿਸਚਾ ਕਰਨਾ ਚਾਹੀਦਾ ਹੈ

ਮਨੁੱਖ ਨੂੰ ਰਿਜ਼ਕ ਬਾਰੇ ਚਿੰਤਾ ਫ਼ਿਕਰ ਕਰਕੇ ਪਰਮੇਸ਼ਰ ਨੂੰ ਨਹੀਂ ਭੁਲਾ ਦੇਣਾ ਚਾਹੀਦਾ। ਹਰ ਜੀਵ ਦੇ ਰਿਜ਼ਕ ਦੀ ਚਿੰਤਾ ਆਪ ਖ਼ੁਦ ਪਰਮੇਸ਼ਰ ਕਰ ਰਿਹਾ ਹੈ। ਪਰਮੇਸ਼ਰ ਨੇ ਬੇਅੰਤ ਜੀਵ ਜਲ ਵਿਚ ਹੀ ਪੈਦਾ ਕਰ ਰਖੇ ਹਨ। ਉਹ ਉਹਨਾਂ ਸਭ ਜੀਵਾਂ ਨੂੰ ਖ਼ੁਰਾਕ ਮੁਹਈਆ ਕਰ ਰਿਹਾ ਹੈ। ਪਾਣੀ ਵਿਚ ਨਾ ਕੋਈ ਦੁਕਾਨ ਚਲਦੀ ਹੈ ਤੇ ਨਾ ਲੈਣ-ਦੇਣ ਦਾ ਹੀ ਧੰਧਾ ਚਲਦਾ ਹੈ, ਪਰ ਉੱਥੇ ਵੀ ਪਰਮੇਸ਼ਰ ਨੇ ਖ਼ੁਰਾਕ ਦੀ ਇਹ ਬਿੱਧ ਬਣਾ ਦਿਤੀ ਹੈ ਕਿ ਉੱਥੇ ਜੀਵਾਂ ਦੀ ਖ਼ੁਰਾਕ ਹੋਰ ਜੀਵ ਬਣ ਗਏ ਹਨ। ਪਰਮੇਸ਼ਰ ਨੇ ਜਿਹਨਾਂ ਜੀਵਾਂ ਨੂੰ ਸਾਗਰਾਂ ਵਿਚ ਪੈਦਾ ਕੀਤਾ ਹੈ ਉਹਨਾਂ ਜੀਵਾਂ ਦੀ ਭੀ ਪਰਮੇਸ਼ਰ ਖ਼ੁਦ ਸੰਭਾਲ ਕਰ ਰਿਹਾ ਹੈ। ਗੁਰੂ ਅੰਗਦ ਦੇਵ ਜੀ ਜੀਵਾਂ ਨੂੰ ਸਮਝਾਉਂਦੇ ਹਨ ਕਿ ਰੋਜ਼ੀ ਲਈ ਚਿੰਤਾ ਨਹੀਂ ਕਰਨੀ ਚਾਹੀਦੀ ਕਿਉਂਕਿ ਹਰੇਕ ਜੀਵ ਦੀ ਖ਼ੁਰਾਕ ਲਈ ਪਰਮੇਸ਼ਰ ਨੂੰ ਆਪ ਖ਼ੁਦ ਹੀ ਫ਼ਿਕਰ ਹੈ। ਯਥਾ :

ਨਾਨਕ ਚਿੰਤਾ ਮਤਿ ਕਰਹੁ, ਚਿੰਤਾ ਤਿਸ ਹੀ ਹੇਇ॥
ਜਲ ਮਹਿ ਜੰਤ ਉਪਾਇਅਨੁ, ਤਿਨਾ ਭਿ ਰੋਜੀ ਦੇਇ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ॥
ਸਉਦਾ ਮੂਲਿ ਨ ਹੋਵਈ, ਨਾ ਕੋ ਲਏ ਨ ਦੇਇ॥
ਜੀਆ ਕਾ ਆਹਾਰੁ ਜੀਅ, ਖਾਣਾ ਏਹੁ ਕਰੇਇ॥
ਵਿਚਿ ਉਪਾਏ ਸਾਇਰਾ, ਤਿਨਾ ਭਿ ਸਾਰ ਕਰੇਇ॥
ਨਾਨਕ ਚਿੰਤਾ ਮਤ ਕਰਹੁ, ਚਿੰਤਾ ਤਿਸ ਹੀ ਹੇਇ॥

*(ਰਾਮਕਲੀ ਕੀ ਵਾਰ, ਮ: ੩, ੯੫੫)*

### (16) ਜਪ-ਤਪ ਦੇ ਸਾਧਨ ਰੱਬੀ ਪਿਆਰ ਦੇ ਮੁਕਾਬਲੇ ਵਿਚ ਹੇਚ ਹਨ

ਪ੍ਰਭੂ ਦੀ ਪ੍ਰਾਪਤੀ ਲਈ ਅਨਮਤਾਂ ਨੇ ਸਮੇਂ-ਸਮੇਂ ਤੇ ਤਪ ਦੇ ਸਾਧਨ ਤਜਵੀਜ਼ ਕੀਤੇ ਹਨ। ਗੁਰੂ ਅੰਗਦ ਦੇਵ ਜੀ ਦੇ ਅਨੁਸਾਰ ਜਪ-ਤਪ ਦੇ ਸਾਧਨਾਂ ਦੀ ਕੋਈ ਪਾਇਆਂ ਨਹੀਂ। ਆਪ ਫ਼ੁਰਮਾਉਂਦੇ ਹਨ ਕਿ ਜੇ ਜਗਿਆਸੂ ਦਾ ਮਨ ਰੱਬ ਦੇ ਪਿਆਰ ਵਿਚ ਪਤੀਜ ਜਾਏ ਤਾਂ ਜਪ-ਤਪ ਆਦਿਕ ਸਭ ਸਾਧਨ ਵਿਚੇ ਆ ਗਏ ਸਮਝੋ। ਜੇ ਰੱਬੀ ਪਿਆਰ ਵਿਚ ਜਗਿਆਸੂ ਦਾ ਮਨ ਨਹੀਂ ਪਤੀਜਿਆ ਤਾਂ ਜਪ-ਤਪ ਆਦਿਕ ਸਭ ਸਾਧਨ ਨਿਰਰੱਥਕ ਹੀ ਸਮਝਣੇ ਚਾਹੀਦੇ ਹਨ। ਰੱਬੀ ਪਿਆਰ ਵਿਚ ਪਤੀਜਿਆ ਜਾਂ ਮੰਨਿਆ ਮਨੁੱਖ ਹੀ ਆਤਮਿਕ ਮੰਡਲ ਵਿਚ ਆਦਰ ਪਾਂਦਾ ਹੈ। ਇਸ ਅਸਲੀਅਤ ਦੀ ਸੋਝੀ ਸਤਿਗੁਰੂ ਦੀ ਮਿਹਰ ਨਾਲ ਹੀ ਹੁੰਦੀ ਹੈ। ਰੱਬੀ ਪਿਆਰ ਦੇ ਮੁਕਾਬਲੇ ਜਪ-ਤਪ ਆਦਿਕ ਕਰਮ ਹੇਚ ਹਨ। ਯਥਾ :

ਜਪੁ ਤਪੁ ਸਭੁ ਕਿਛੁ ਮੰਨਿਐ, ਅਵਰਿ ਕਾਰਾ ਸਭਿ ਬਾਦਿ॥

ਨਾਨਕ ਮੰਨਿਆ ਮੰਨੀਐ, ਬੁਝੀਐ ਗੁਰ ਪਰਸਾਦਿ ॥

(ਰਾਮਕਲੀ ਕੀ ਵਾਰ, ਮ. ੩, ਪੰਨਾ ੯੫੪)

### *(17) ਹਉਮੈ ਦੇ ਦੀਰਘ ਰੋਗ ਤੋਂ ਛੁਟਕਾਰਾ ਕੇਵਲ ਗੁਰੂ ਦੇ ਸ਼ਬਦ ਦੀ ਕਮਾਈ ਨਾਲ ਹੀ ਹੋ ਸਕਦਾ ਹੈ*

ਜਦ ਤੱਕ ਮਨੁੱਖ ਦਾ ਹਉਮੈ ਤੋਂ ਛੁਟਕਾਰਾ ਨਹੀਂ ਹੁੰਦਾ ਤਦ ਤੱਕ ਉਹ ਪਰਮੇਸ਼ਰ ਦੀ ਦਰਗਾਹ ਵਿਚ ਪ੍ਰਵਾਨ ਨਹੀਂ ਹੋ ਸਕਦਾ। ਕਰਮ-ਕਾਂਡਾਂ ਦੇ ਫੋਕੇ ਫਲਸਫ਼ਿਆਂ ਵਿਚ ਪੈਣ ਨਾਲ ਉੱਚੀਆਂ-ਨੀਵੀਆਂ ਜਾਤਾਂ ਦੇ ਵਿਤਕਰੇ ਤੇ ਚੰਗੇ-ਮੰਦੇ ਕਰਮ-ਕਾਂਡਾਂ ਦੀ ਵੰਡ ਮਨ ਤੇ ਬਹੁਤ ਹਾਵੀ ਹੋ ਜਾਂਦੀ ਹੈ ਤੇ ਹਉਮੈ ਦੇ ਵਿਚਾਰ ਹੋਰ ਦ੍ਰਿੜ੍ਹ ਹੋ ਜਾਂਦੇ ਹਨ।

ਸਤਿਗੁਰਾਂ ਦੀ ਬਾਣੀ ਅਸਲੀਅਤ ਨੂੰ ਬਿਆਨ ਕਰਨ ਵਾਲੀ ਅੰਮ੍ਰਿਤ-ਬਾਣੀ ਹੈ। ਇਹ ਪਰਮੇਸ਼ਰ ਵਿਚ ਸੁਰਤ ਜੋੜਨ ਨਾਲ ਪ੍ਰਗਟ ਹੋਈ ਹੈ। ਗੁਰੂ ਨੇ ਇਹ ਬਾਣੀ ਉਚਾਰਨ ਕੀਤੀ ਹੈ ਤੇ ਇਸ ਬਾਣੀ ਦੇ ਡੂੰਘੇ ਭੇਤਾਂ ਨੂੰ ਗੁਰੂ ਨੇ ਹੀ ਸਮਝਿਆ ਹੈ। ਪਰਮੇਸ਼ਰ ਦੇ ਨਦਰਿ ਕਰਮ ਨਾਲ ਸਰੋਤਿਆਂ ਨੇ ਇਸ ਬਾਣੀ ਵਿਚ ਧਿਆਨ ਜੋੜਿਆ ਹੈ। ਸਤਿਗੁਰਾਂ ਦੀ ਇਸ ਅੰਮ੍ਰਿਤ ਬਾਣੀ ਦੀ ਟੇਕ ਨਾਲ ਇਹ ਸੋਝੀ ਹੁੰਦੀ ਹੈ ਕਿ ਪਰਮੇਸ਼ਰ ਨੇ ਆਪਣਾ ਹੁਕਮ ਅਥਵਾ ਅਟੱਲ ਕਾਨੂੰਨ ਬਣਾ ਕੇ ਸ੍ਰਿਸ਼ਟੀ ਦੇ ਸਭ ਜੀਵਾਂ ਨੂੰ ਆਪਣੇ ਹੁਕਮ ਵਿਚ ਰੱਖਿਆ ਹੈ ਅਤੇ ਆਪਣੇ ਹੁਕਮ ਅਥਵਾ ਅਟੱਲ ਕਾਨੂੰਨ ਅਨੁਸਾਰ ਹੀ ਸਭ ਦੀ ਦੇਖ ਭਾਲ ਕਰਦਾ ਹੈ। ਐਸਾ ਸੋਚ ਕੇ ਜਿਸ ਜੀਵ ਨੇ ਵੀ ਪਹਿਲਾਂ ਆਪਣੀ ਹਉਮੈ ਨੂੰ ਤੋੜਿਆ ਹੈ ਉਹ ਜੀਵ ਹੀ ਪ੍ਰਭੂ ਦੀ ਹਜ਼ੂਰੀ ਵਿਚ ਕਿਸੇ ਲੇਖੇ ਵਿਚ ਗਿਣਿਆ ਜਾ ਸਕਦਾ ਹੈ।

ਨਹੀਂ ਤੇ ਸੰਸਾਰ ਦੀਆਂ ਕਥਾ ਕਹਾਣੀਆਂ ਤੇ ਗਿਆਨ ਦੀਆਂ ਪੁਸਤਕਾਂ ਨੇ ਪਾਪ ਅਰ ਪੁੰਨ ਦੇ ਨਾਮ ਹੇਠ ਮੰਦੇ-ਚੰਗੇ ਕਰਮ-ਕਾਂਡਾਂ ਦਾ ਵਿਚਾਰ-ਵਿਤਕਰਾ ਬਥੇਰਾ ਖਿਲਾਰਿਆ ਹੈ। ਦਾਨ ਦੇ-ਦੇ ਕੇ ਅਗਲੇ ਜਨਮ ਵਿਚ ਮੋੜ ਲੈਣਾ ਤੇ ਦਾਨ ਲੈ-ਲੈ ਕੇ ਅਗਲੇ ਜਨਮ ਵਿਚ ਮੋੜ ਦੇਣਾ ਤੇ ਕਰਮ-ਕਾਂਡਾਂ ਦੀ ਕਮਾਈ ਦੇ ਆਧਾਰ ਤੇ ਸੁਰਗ ਜਾਂ ਨਰਕ ਵਿਚ ਪੈਣ ਦੀ ਕਾਫੀ ਚਰਚਾ ਹੋਈ ਹੈ। ਇਸ ਭਾਂਤ ਦੀ ਤਾਲੀਮ ਨੇ ਉੱਤਮ ਤੇ ਮਧਮ ਜਾਤਾਂ ਤੇ ਕਿਸਮਾਂ ਦੇ ਭਰਮਾਂ ਅਰ ਵਿਤਕਰਿਆਂ ਵਿਚ ਮਨੁੱਖ ਨੂੰ ਬੁਰੀ ਤਰ੍ਹਾਂ ਫਸਾਇਆ ਹੈ ਤੇ ਇਸ ਤਰ੍ਹਾਂ ਸਾਰਾ ਸੰਸਾਰ ਇਹਨਾਂ ਵਿਤਕਰਿਆਂ ਤੇ ਭਰਮਾਂ-ਵਹਿਮਾਂ ਵਿਚ ਭਟਕਦਾ ਫਿਰਦਾ ਹੈ। ਇਹਨਾਂ ਵਿਤਕਰਿਆਂ ਤੇ ਭਰਮਾਂ-ਵਹਿਮਾਂ ਤੋਂ ਉਪਜੀ ਹਉਮੈ ਤੋਂ ਕੇਵਲ ਸਤਿਗੁਰੂ ਦੀ ਬਾਣੀ ਹੀ ਛੁਟਕਾਰਾ ਦਿਲਵਾ ਸਕਦੀ ਹੈ। ਯਥਾ :

ਕਥਾ ਕਹਾਣੀ ਬੇਦੀ ਆਣੀ, ਪਾਪੁ ਪੁੰਨੁ ਬੀਚਾਰੁ ॥
ਦੇ ਦੇ ਲੈਣਾ ਲੈ ਲੇ ਦੇਣਾ, ਨਰਕਿ ਸੁਰਗਿ ਅਵਤਾਰ ॥
ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥
ਅੰਮ੍ਰਿਤ ਬਾਣੀ ਤਤੁ ਵਖਾਣੀ, ਗਿਆਨ ਧਿਆਨ ਵਿਚਿ ਆਈ ॥

ਗੁਰਮੁਖਿ ਆਖੀ ਗੁਰਮੁਖਿ ਜਾਤੀ, ਸੁਰੰਤੀ ਕਰਮਿ ਧਿਆਈ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ, ਹੁਕਮੈ ਅੰਦਰਿ ਵੇਖੈ॥
ਨਾਨਕ ਅਗਹੁ ਹਉਮੈ ਤੁਟੈ, ਤਾਂ ਕੋ ਲਿਖੀਐ ਲੇਖੈ॥

*(ਸਾਰੰਗ ਕੀ ਵਾਰ, ਮ: ੪, ੧੨੪੩ ਵਿਚੋਂ)*

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਹਉਮੈ ਦਾ ਪ੍ਰਮੁੱਖ ਲੱਛਣ ਹੀ ਇਹੋ ਹੈ ਕਿ ਜੀਵ ਹਉਮੈ ਵਾਲੇ ਕਰਮ ਕਮਾਉਂਦੇ ਹਨ। ਹਉਮੈ ਦੇ ਬੰਧਨ ਵੀ ਇਹੋ ਹਨ ਕਿ ਜੀਵ ਬਾਰ-ਬਾਰ ਜੂਨੀਆਂ ਵਿਚ ਭਵਾਏ ਜਾਂਦੇ ਹਨ। ਸੁਆਲ ਪੈਦਾ ਹੁੰਦਾ ਹੈ ਕਿ ਹਉਮੈ ਕਿਥੋਂ ਪੈਦਾ ਹੁੰਦੀ ਹੈ ਅਤੇ ਕਿਸ ਤਰੀਕੇ ਨਾਲ ਇਹ ਦੂਰ ਹੋ ਸਕਦੀ ਹੈ। ਇਸ ਗੱਲ ਦਾ ਜੁਆਬ ਸਤਿਗੁਰੂ ਆਪ ਇਉਂ ਦਿੰਦੇ ਹਨ ਕਿ ਹਉਮੈ ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਪੈਦਾ ਹੁੰਦੀ ਹੈ ਤੇ ਜੀਵ ਪਿਛਲੇ ਕੀਤੇ ਕੰਮਾਂ ਤੇ ਸੰਸਕਾਰਾਂ ਅਨੁਸਾਰ ਮੁੜ-ਮੁੜ ਉਹਨਾਂ ਹੀ ਕੰਮਾਂ ਨੂੰ ਕਰਨ ਲਈ ਦੌੜਦੇ ਹਨ ਜਿਸ ਨਾਲ ਉਹਨਾਂ ਦਾ ਪਹਿਲਾ ਸੁਭਾਉ ਹੀ ਕਾਇਮ ਹੋ ਕੇ ਪੱਕ ਜਾਂਦਾ ਹੈ।

ਹਉਮੈ ਇਕ ਲੰਮਾ ਤੇ ਚੋਖਾ ਚਿਰ ਰਹਿਣ ਵਾਲਾ ਰੋਗ ਹੈ ਪਰ ਇਸ ਰੋਗ ਦਾ ਇਲਾਜ ਵੀ ਹੈ। ਜੇ ਵਾਹਿਗੁਰੂ ਆਪਣੀ ਕਿਰਪਾ ਕਰੇ ਤਾਂ ਜੀਵ ਗੁਰੂ ਦੇ ਉਪਦੇਸ਼ ਨੂੰ ਕਮਾਉਣ ਲਗ ਜਾਂਦੇ ਹਨ। ਗੁਰਦੇਵ ਫ਼ੁਰਮਾਉਂਦੇ ਹਨ ਕਿ ਹੇ ਲੋਕੋ! ਸੁਣੋ, ਗੁਰੂ ਦਾ ਉਪਦੇਸ਼ ਕਮਾਉਣ ਦੀ ਜੁਗਤੀ ਨਾਲ ਹਉਮੈ ਦੇ ਦੁੱਖ ਦੂਰ ਹੋ ਜਾਂਦੇ ਹਨ। ਯਥਾ :

ਹਉਮੈ ਏਹਾ ਜਾਤਿ ਹੈ, ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ, ਫਿਰਿ ਫਿਰਿ ਜੋਨੀ ਪਾਹਿ॥
ਹਉਮੈ ਕਿਥਹੁ ਊਪਜੈ, ਕਿਤੁ ਸੰਜਮਿ ਇਹ ਜਾਇ॥
ਹਉਮੈ ਏਹੋ ਹੁਕਮੁ ਹੈ, ਪਇਐ ਕਿਰਤਿ ਫਿਰਾਹਿ॥
ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ, ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥

*(ਆਸਾ ਕੀ ਵਾਰ , ਮ: ੧, ਪੰਨਾ ੪੬੬)*

### *(18) ਨੇਕੀਆਂ ਤੇ ਬਦੀਆਂ ਕੀ ਹਨ ?*

ਸੱਚੇ ਜਗਿਆਸੂ ਲਈ ਇਹ ਜ਼ਰੂਰੀ ਹੈ ਕਿ ਉਹ ਦਿਖਾਵੇ ਦਾ ਭਗਤ ਨਾ ਹੋਵੇ। ਉਹ ਅੰਦਰੋਂ-ਬਾਹਰੋਂ ਇਕ ਰੂਪ ਹੋ ਕੇ ਪ੍ਰਭੂ ਨਾਲ ਸੱਚਾ ਪਿਆਰ ਪਾਏ ਤਾਂ ਹੀ ਉਸ ਦੀ ਸੇਵਾ ਥਾਂਇ ਪੈ ਸਕਦੀ ਹੈ।

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਮਨੁੱਖ ਦੇ ਦਿਲ ਵਿਚ ਜੋ ਕੁਝ ਹੁੰਦਾ ਹੈ, ਉਹ ਉਸਦੀ ਬਾਹਰਲੀ ਜ਼ਿੰਦਗੀ ਵਿਚੋਂ ਪ੍ਰਗਟ ਹੋ ਹੀ ਜਾਂਦਾ ਹੈ। ਜੇ ਦਿਲ ਵਿਚ

ਕੁਝ ਹੋਰ ਹੋਵੇ ਤੇ ਮੂੰਹੋਂ ਉਸਦੇ ਉਲਟ ਹੋਰ ਗੱਲਾਂ ਕੀਤੀਆਂ ਜਾਣ, ਤਾਂ ਉਹ ਗੱਲਾਂ ਮੂੰਹ ਵਿਚੋਂ ਮਾਰੀ ਫੂਕ ਵਾਂਗ ਨਿਰਰੱਥਕ ਤੇ ਵਿਅਰਥ ਜਾਂਦੀਆਂ ਹਨ ਕਿਉਂਕਿ ਮਨੁੱਖ ਦੀ ਅੰਦਰਲੀ ਨੀਯਤ ਉਸ ਦੇ ਅਸਲੀ ਜੀਵਨ ਰਾਹੀਂ ਪ੍ਰਗਟ ਹੋ ਜਾਂਦੀ ਹੈ। ਸਤਿਗੁਰੂ ਐਸੇ ਮਨੁੱਖ ਉਤੇ ਤਿੱਖਾ ਕਟਾਖ ਕਰਦੇ ਹੋਏ ਕਹਿੰਦੇ ਹਨ ਕਿ ਮਨੁੱਖ ਬੀਜਦਾ ਤਾਂ ਜ਼ਹਿਰ ਹੈ, ਪਰ ਇਸ ਜ਼ਹਿਰ ਦੀ ਬੀਜਾਈ ਵਿਚੋਂ ਅੰਮ੍ਰਿਤ ਫਲ ਦੀ ਆਸ ਰੱਖਦਾ ਹੈ । ਇਹ ਵੀ ਕੋਈ ਇਨਸਾਫ ਤੇ ਹੱਕ ਦੀ ਗੱਲ ਹੈ ?

ਭਾਵ ਇਹ ਹੈ ਕਿ ਮਨੁੱਖ ਨੂੰ ਦਿਲੋਂ ਮਨੋਂ ਰੱਬ ਦਾ ਸੱਚਾ ਭਗਤ ਅਤੇ ਨੇਕ-ਅਮਲ ਬਣਨਾ ਚਾਹੀਦਾ ਹੈ। ਯਥਾ :

**ਜੋ ਜੀਇ ਹੋਇ ਸੁ ਉਗਵੈ, ਮੁਹ ਕਾ ਕਹਿਆ ਵਾਉ ॥**
**ਬੀਜੇ ਬਿਖੁ, ਮੰਗੈ ਅੰਮ੍ਰਿਤੁ, ਵੇਖਹੁ ਏਹੁ ਨਿਆਉ ॥**

*(ਆਸਾ ਕੀ ਵਾਰ, ਮ: ੧, ੪੭੪)*

ਮਨਮੁੱਖ ਦਾ ਲੱਛਣ ਬਿਆਨ ਕਰਦੇ ਹੋਏ ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਮਨ ਦੀ ਅਗਵਾਈ ਲੈਣ ਵਾਲਾ ਮਨੁੱਖ ਐਸਾ ਹੁੰਦਾ ਹੈ ਕਿ ਉਸ ਨੂੰ ਦਾਤਾਰ ਪਰਮਾਤਮਾ ਨਾਲੋਂ, ਉਸ ਦੇ ਦਿੱਤੇ ਮਾਇਕ ਪਦਾਰਥ ਜ਼ਿਆਦਾ ਚੰਗੇ ਲਗਦੇ ਹਨ। ਅਜਿਹੇ ਮਨਮੁਖ ਪੁਰਖ ਦੀ ਸੂਝ, ਅਕਲ ਤੇ ਸਿਆਣਪ ਇਤਨੀ ਨੀਵੀਂ ਹੁੰਦੀ ਹੈ ਕਿ ਉਸਦਾ ਬਿਆਨ ਨਹੀਂ ਕੀਤਾ ਜਾ ਸਕਦਾ । ਉਹ ਅੰਦਰ ਬੈਠ ਕੇ ਤੇ ਲੁੱਕ ਕੇ ਕਈ ਕੁਕਰਮ ਕਰਦਾ ਹੈ ਐਪਰ ਉਸ ਦੇ ਲੁੱਕ ਕੇ ਕਮਾਏ ਕੁਕਰਮ ਵੀ ਚਾਰੇ ਪਾਸੇ ਨਸ਼ਰ ਹੋ ਹੀ ਜਾਂਦੇ ਹਨ।

ਗੱਲ ਹੈ ਵੀ ਬੜੀ ਸਿੱਧੀ ਤੇ ਸਾਫ਼ ਕਿ ਜੋ ਮਨੁੱਖ ਅਮਲੀ ਤੌਰ ਤੇ ਧਰਮ ਦੀ ਕਮਾਈ ਕਰਦਾ ਹੈ, ਉਸੇ ਦਾ ਨਾਮ ਧਰਮੀ ਪੈ ਸਕਦਾ ਹੈ। ਪਾਪ ਕਰਮ ਕਮਾਉਣ ਵਾਲੇ ਬੰਦੇ ਨੂੰ ਪਾਪੀ ਕਰ ਕੇ ਹੀ ਜਾਣਿਆ ਜਾਣਾ ਚਾਹੀਦਾ ਹੈ।

ਹੇ ਪਰਮੇਸ਼ਰ, ਤੂੰ ਸ੍ਰਿਸ਼ਟੀ ਦਾ ਇਹ ਸਾਰਾ ਖੇਲ ਆਪ ਹੀ ਕਰ ਰਿਹਾ ਹੈਂ, ਤੇਰੇ ਤੋਂ ਵੱਖਰਾ ਹੋਰ ਕਿਹੜਾ ਦੱਸੀਏ ? ਜਿਤਨੀ ਦੇਰ ਜੀਵਾਂ ਅੰਦਰ ਤੇਰੀ ਜੋਤ ਹੈ, ਉਤਨੀ ਦੇਰ ਤੂੰ ਉਹਨਾਂ ਜੀਵਾਂ ਵਿਚ ਆਪ ਹੀ ਬੋਲਦਾ ਹੈਂ। ਜਦੋਂ ਤੇਰੀ ਜੋਤ ਜੀਵਾਂ ਵਿਚੋਂ ਨਿਕਲ ਜਾਏ, ਤਾਂ ਭਲਾ ਕੋਈ ਕੁਝ ਕਰ ਕੇ ਤਾਂ ਦੱਸੇ, ਅਸੀਂ ਵੀ ਦੇਖ ਕੇ ਪਛਾਣੀਏ । ਇਸੇ ਲਈ ਗੁਰੂ ਦੀ ਸ਼ਰਨ ਪਏ ਮਨੁੱਖ ਨੂੰ ਜ਼ੱਰੇ-ਜ਼ੱਰੇ ਦੇ ਅੰਦਰ ਰਵੇ ਇਕੋ ਸਿਆਣੇ ਤੇ ਸੁਜਾਨ ਪਰਮੇਸ਼ਰ ਦੇ ਦੀਦਾਰ ਹੁੰਦੇ ਹਨ ਤੇ ਉਹ ਹੰਕਾਰ ਵਿਚ ਨਹੀਂ ਆਉਂਦਾ।

ਭਾਵ ਇਹ ਕਿ ਅਸੀਂ ਦਿਲੋਂ-ਮਨੋਂ ਨੇਕ ਅਰ ਧਰਮੀ ਬਣੀਏ ਅਤੇ ਨੇਕ-ਆਮਲ ਹੋਈਏ ਤਾਂ ਹੀ ਪ੍ਰਭੂ ਅਗੇ ਪਰਵਾਨ ਹੋ ਸਕਦੇ ਹਾਂ । ਮਨਮੁੱਖਾਂ ਦੀ ਤਰ੍ਹਾਂ ਦਾਤਾਰ ਨਾਲੋਂ ਦਾਤ ਪਿਆਰੀ ਕਰਕੇ ਮੰਨਣੀ, ਸੂਝ, ਅਕਲ ਅਤੇ ਸਿਆਣਪ ਨੂੰ ਅਤਿ ਨੀਵਾਂ ਕਰ ਲੈਣਾ ਤੇ ਲੋਕਾਂ ਦੀਆਂ ਨਜ਼ਰਾਂ ਤੋਂ ਲੁਕਾ ਕੇ ਪਾਪ ਕਰਮ ਕਮਾਉਣੇ ਤੇ ਬਾਹਰੋਂ ਧਰਮੀ

ਹੋਣ ਦਾ ਪੱਜ ਕਰਨਾ; ਇਸ ਬਿਧੀ ਨਾਲ ਪਰਮੇਸ਼ਰ ਦੀ ਬਾਰਗਾਹ ਵਿਚ ਅਸੀਂ ਧਰਮੀ ਨਹੀਂ ਅਖਵਾ ਸਕਦੇ। ਯਥਾ :

ਦੇਂਦੇ ਥਾਵਹੁ ਦਿਤਾ ਚੰਗਾ, ਮਨਮੁਖਿ ਐਸਾ ਜਾਣੀਐ॥
ਸੁਰਤਿ ਮਤਿ ਚਤੁਰਾਈ ਤਾ ਕੀ, ਕਿਆ ਕਰਿ ਆਖਿ ਵਖਾਣੀਐ॥
ਅੰਤਰਿ ਬਹਿ ਕੈ ਕਰਮ ਕਮਾਵੈ, ਸੋ ਚਹੁ ਕੁੰਡੀ ਜਾਣੀਐ॥
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ, ਪਾਪਿ ਕਮਾਣੈ ਪਾਪੀ ਜਾਣੀਐ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ, ਕਿਆ ਦੂਜਾ ਆਖਿ ਵਖਾਣੀਐ॥
ਜਿਚਰੁ ਤੇਰੀ ਜੋਤਿ, ਤਿਚਰੁ ਜੋਤੀ ਵਿਚਿ ਤੂੰ ਬੋਲਹਿ,
ਵਿਣੁ ਜੋਤੀ ਕੋਈ ਕਿਛੁ ਕਰਿਹੁ, ਦਿਖਾ ਸਿਆਣੀਐ॥
ਨਾਨਕ ਗੁਰਮੁਖਿ ਨਦਰੀ ਆਇਆ, ਹਰਿ ਇਕੋ ਸੁਘੜੁ ਸੁਜਾਣੀਐ॥

*(ਮਾਝ ਕੀ ਵਾਰ, ਮ: ੧,੧੩੮)*

ਗੁਰ ਅੰਗਦ ਦੇਵ ਜੀ ਨੇ ਜਗਤ ਦੇ ਜੀਵਾਂ ਦੀ ਕਰਮ ਦਸ਼ਾ ਦਾ ਬੜਾ ਭਾਵਪੂਰਤ ਨਕਸ਼ਾ ਖਿਚਿਆ ਹੈ। ਇਸ ਨਕਸ਼ੇ ਵਿਚ ਨੇਕੀਆਂ ਤੇ ਬਦੀਆਂ ਅਤੇ ਉਹਨਾਂ ਦੇ ਫਲ ਦੇ ਸੰਬੰਧ ਵਿਚ ਬਹੁਤ ਸੰਖੇਪ ਵਿਚ ਸਿਧਾਂਤਕ ਚਾਨਣਾ ਪਾ ਦਿੱਤਾ ਹੈ। ਬੱਚਿਆਂ ਦੇ ਪਾਲਣ-ਪੋਸ਼ਣ ਵਿਚ ਮਾਤਾ, ਪਿਤਾ ਤੇ ਉਸਤਾਦ ਦਾ ਬੜਾ ਹੱਥ ਹੁੰਦਾ ਹੈ। ਇਸੇ ਤਰ੍ਹਾਂ ਖਿਡਾਵੇ ਤੇ ਖਿਡਾਵੀ ਦਾ ਬੱਚੇ ਦੇ ਪਾਲਣ-ਪੋਸ਼ਣ ਵਿਚ ਵੱਡਾ ਰੋਲ ਹੁੰਦਾ ਹੈ। ਜਗਤ ਦੇ ਜੀਵਾਂ ਲਈ ਮਾਨੋ ਧਰਤੀ ਮਾਤਾ ਹੈ, ਪਾਣੀ ਪਿਤਾ ਹੈ ਤੇ ਹਵਾ ਮਾਨੋ ਉਸਤਾਦ ਹੈ। ਜਗਤ ਦੇ ਜੀਵਾਂ ਲਈ ਦਿਨ ਔਰ ਰਾਤ ਮਾਨੋ ਖਿਡਾਵਾ ਅਤੇ ਖਿਡਾਵੀ ਹਨ। ਇਸ ਤਰ੍ਹਾਂ ਜਗਤ ਦੇ ਸਭ ਜੀਵਾਂ ਦਾ ਜੀਵਨ ਧਰਤੀ, ਪਾਣੀ, ਪਉਣ ਤੇ ਦਿਨ-ਰਾਤ ਦੇ ਆਸਰੇ ਬੀਤ ਰਿਹਾ ਹੈ ਤੇ ਜਾਣੋ ਸਾਰਾ ਜਗਤ ਹੀ ਇਸ ਪ੍ਰਬੰਧ ਵਿਚ ਖੇਡ ਰਿਹਾ ਹੈ।

ਜੀਵ ਨੇਕੀਆਂ ਤੇ ਬਦੀਆਂ ਦੇ ਕੰਮ ਆਪਣੇ ਵਿੱਤ ਅਨੁਸਾਰ ਆਪਣੇ ਹੀ ਢੰਗਾਂ ਨਾਲ ਕਰ ਰਹੇ ਹਨ। ਜੀਵਾਂ ਵਲੋਂ ਕਮਾਈਆਂ ਗਈਆਂ ਨੇਕੀਆਂ ਅਤੇ ਬਦੀਆਂ ਪ੍ਰਮੇਸ਼ਰ ਦੀ ਹਜ਼ੂਰੀ ਵਿਚ ਨਿੱਤ ਹੀ ਵਾਚੀਆਂ ਜਾਂਦੀਆਂ ਹਨ। ਆਪੋ- ਆਪਣੀਆਂ ਕਮਾਈਆਂ ਨੇਕੀਆਂ ਤੇ ਬਦੀਆਂ ਦੇ ਅਨੁਸਾਰ ਕਈ ਜੀਵ ਪਰਮੇਸ਼ਰ ਦੇ ਨੇੜੇ ਹੁੰਦੇ ਜਾ ਰਹੇ ਹਨ ਤੇ ਕਈ ਜੀਵ ਪਰਮੇਸ਼ਰ ਤੋਂ ਦੂਰ ਹੁੰਦੇ ਜਾ ਰਹੇ ਹਨ।

ਇਸ ਜੀਵਨ ਵਿਚ ਜਿਹਨਾਂ ਮਨੁੱਖਾਂ ਨੇ ਭੀ ਪਰਮੇਸ਼ਰ ਦੇ ਨਾਮ ਦਾ ਸਿਮਰਨ ਕੀਤਾ ਹੈ, ਉਹ ਜਾਣੋ ਆਪਣੀ ਮਿਹਨਤ-ਮੁਸ਼ੱਕਤ ਸਫਲ ਕਰ ਗਏ ਹਨ। ਉਹ ਆਤਮਾਵਾਂ ਪਰਮੇਸ਼ਰ ਦੇ ਸਨਮੁਖ ਉਜਲ-ਮੁਖ ਹੁੰਦੀਆਂ ਹਨ ਅਤੇ ਕਈ ਹੋਰ ਜੀਵ ਉਹਨਾਂ ਦੀ ਸੰਗਤ ਵਿਚ ਰਹਿ ਕੇ ਵਿਸ਼ੇ-ਵਿਕਾਰਾਂ ਤੋਂ ਛੁੱਟ ਕੇ ਆਪਣਾ ਮਨੁੱਖਾ ਜਨਮ ਸਫ਼ਲ ਕਰ

ਲੈਂਦੇ ਹਨ।

ਜੀਵਨ ਦੀ ਕਰਮ ਭੂਮੀ ਵਿਚ ਉਹਨਾਂ ਦਾ ਜੀਵਨ ਹੀ ਸਫ਼ਲ ਹੁੰਦਾ ਹੈ ਜੋ ਬਦੀਆਂ ਤੋਂ ਬਚ ਕੇ ਨੇਕੀ ਵਾਲਾ ਜੀਵਨ ਬਤੀਤ ਕਰਦੇ ਹਨ ਤੇ ਪਰਮੇਸ਼ਰ ਨਾਲ ਸੱਚਾ ਪਿਆਰ ਪਾਉਂਦੇ ਹਨ। ਇਹ ਨਿਯਮ ਸੰਸਾਰ ਦੀਆਂ ਸਭ ਜਾਤਾਂ, ਨਸਲਾਂ, ਕੌਮਾਂ ਰੰਗਾਂ, ਦੇਸ਼ਾਂ ਦੇ ਜੀਵਾਂ ਲਈ ਇਕ ਸਾਰ ਸਾਂਝਾ ਹੈ। ਯਥਾ :

ਪਾਉਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ ॥
ਦਿਨਸੁ ਰਾਤਿ ਦੁਇ, ਦਾਈ ਦਾਇਆ, ਖੇਲੈ ਸਗਲ ਜਗਤੁ ॥
ਚੰਗਿਆਈਆ, ਬੁਰਿਆਈਆ ਵਾਚੇ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ, ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ, ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ, ਹੋਰ ਕੇਤੀ ਛੁਟੀ ਨਾਲਿ ॥

*(ਮਾਝ ਕੀ ਵਾਰ, ਮ: ੧,੧੪੬)*

### *(19) ਇਕੋ ਧਰਮ ਸਾਰੀ ਮਨੁੱਖਤਾ ਲਈ ਸਾਂਝਾ ਹੈ*

ਸੰਸਾਰ ਦੇ ਅਨੇਕਾਂ ਧਰਮ ਪਰਚਾਰਕਾਂ ਨੇ ਅੱਡ ਅੱਡ ਜਾਤਾਂ, ਦੇਸ਼ਾਂ, ਪ੍ਰਾਂਤਾਂ, ਨਸਲਾਂ ਆਦਿਕ ਲਈ ਅੱਡ ਅੱਡ ਕਿਸਮ ਦੇ ਧਰਮ ਦੱਸੇ ਹਨ। ਉਹਨਾਂ ਵਿਚੋਂ ਬਹੁਤਿਆਂ ਨੇ ਧਰਮ ਦੇ ਅਸਲ ਰੂਪ ਦੀ ਪਛਾਣ ਨਹੀਂ ਕੀਤੀ। ਜੇ ਧਰਮ ਦੇ ਅਸਲ ਰੂਪ ਦੀ ਲਖਤਾ ਹੋ ਜਾਏ ਤਾਂ ਆਪੇ ਸਮਝ ਆ ਜਾਂਦੀ ਹੈ ਕਿ ਸੰਸਾਰ ਦੇ ਹਰ ਬੰਦੇ ਲਈ ਇਕੋ ਸਾਂਝਾ ਧਰਮ ਹੈ ਜੋ ਸਰਬ-ਸਾਂਝਾ ਨਾਮ ਸਿਮਰਨ ਜਾਂ ਰੱਬੀ ਪਿਆਰ ਦਾ ਧਰਮ ਹੈ।

ਪੁਰਾਣੇ ਸ਼ਾਸਤਰਾਂ ਦੀ ਵੰਡ ਅਨੁਸਾਰ ਜੋਗੀਆਂ ਦਾ ਧਰਮ ਗਿਆਨ ਦਾ ਧਰਮ ਹੈ ਭਾਵ ਜੋਗੀ ਗਿਆਨ ਰਾਹੀਂ ਰੱਬ ਨੂੰ ਪ੍ਰਾਪਤ ਕਰਦੇ ਹਨ, ਬ੍ਰਾਹਮਣਾਂ ਦਾ ਧਰਮ ਵੇਦ ਪਾਠਾਂ ਦਾ ਅਭਿਆਸ ਹੈ, ਖੱਤਰੀਆਂ ਦਾ ਧਰਮ ਸੂਰਬੀਰਤਾ ਹੈ ਤੇ ਸ਼ੂਦਰਾਂ ਦਾ ਧਰਮ ਦੂਜੀਆਂ ਜਾਤਾਂ ਦੀ ਟਹਿਲ ਸੇਵਾ ਕਰਨੀ ਹੈ ਪਰ ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਜੇ ਕੋਈ ਮਨੁੱਖ ਅਸਲੀਅਤ ਨੂੰ ਸਮਝੇ ਤਾਂ ਪਰਗਟ ਹੋ ਜਾਵੇਗਾ ਕਿ ਸੰਸਾਰ ਦੇ ਸਭ ਬੰਦਿਆਂ ਲਈ ਇਕੋ ਹੀ ਧਰਮ ਹੈ ਤੇ ਉਹ ਹੈ ਨਾਮ-ਸਿਮਰਨ ਤੇ ਰੱਬੀ ਪਿਆਰ ਦਾ ਧਰਮ। ਗੁਰਦੇਵ ਕਥਨ ਕਰਦੇ ਹਨ ਕਿ ਜੋ ਮਨੁੱਖ ਇਸ ਅਸਲੀਅਤ ਨੂੰ ਸਮਝ ਲਏ, ਮੈਂ ਉਸਦਾ ਦਾਸ ਹਾਂ ਤੇ ਅਜਿਹਾ ਮਨੁੱਖ ਜਾਣੋ ਪ੍ਰਭੂ ਦਾ ਰੂਪ ਹੀ ਹੈ।

ਉਂਝ ਇਹ ਗੱਲ ਹੈ ਵੀ ਬਿਲਕੁਲ ਸੁਭਾਵਿਕ ਕਿ ਜੋ ਕੰਮ ਕਿਸੇ ਇਕ ਖ਼ਾਸ ਕੌਮ ਦੇ ਬੰਦੇ ਲਈ ਮਾੜਾ ਹੈ ਉਹ ਦੂਜੀਆਂ ਕੌਮਾਂ ਦੇ ਬੰਦਿਆਂ ਲਈ ਵੀ ਮਾੜਾ ਹੋਏਗਾ ਤੇ ਇਸੇ ਤਰ੍ਹਾਂ ਜੋ ਕੰਮ ਕਿਸੇ ਇਕ ਕੌਮ ਦੇ ਬੰਦੇ ਲਈ ਚੰਗਾ ਹੈ, ਉਹ ਹੋਰ ਕੌਮਾਂ ਦੇ ਬੰਦਿਆਂ ਲਈ ਵੀ ਚੰਗਾ ਹੀ ਹੋਏਗਾ। ਯਥਾ :

ਜੋਗ ਸਬਦੰ ਗਿਆਨ ਸਬਦੰ, ਬੇਦ ਸਬਦੰ ਬ੍ਰਾਹਮਣਹ ॥
ਖਤ੍ਰੀ ਸਬਦੰ ਸੂਰ ਸਬਦੰ, ਸੂਦ੍ਰ ਸਬਦੰ ਪਰਾਕ੍ਰਿਤਹ ॥
ਸਰਬ ਸਬਦੰ ਏਕ ਸਬਦੰ, ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥

*(ਆਸਾ ਕੀ ਵਾਰ, ਮ: ੧, ੪੬੯)*

## *(20) ਸੁਖ ਦਾ ਮੂਲ ਕਾਰਨ ਰੱਬੀ ਪਿਆਰ ਤੇ ਦੁਖ ਦਾ ਮੂਲ ਕਾਰਨ ਰੱਬ ਤੋਂ ਟੁੱਟ ਕੇ ਮਾਇਕ ਪਦਾਰਥਾਂ ਨਾਲ ਪਿਆਰ ਪਾਣਾ ਹੈ*

ਗੁਰੂ ਅੰਗਦ ਦੇਵ ਜੀ ਅਨੁਸਾਰ ਮਨੁੱਖ ਦੇ ਦੁੱਖਾਂ ਤੇ ਸੁਖਾਂ ਦਾ ਮੂਲ ਕਾਰਨ ਇਕੋ ਤੱਤ ਹੈ। ਪਰਮੇਸ਼ਰ ਨੂੰ ਵਿਸਾਰ ਕੇ ਮਾਇਕ ਪਦਾਰਥਾਂ ਨਾਲ ਪਿਆਰ ਪਾਉਣ ਨਾਲ ਦੁੱਖ ਤੇ ਚਿੰਤਾਵਾਂ ਪੈਦਾ ਹੁੰਦੀਆਂ ਹਨ ਪਰ ਇਕ ਮਾਤਰ ਪਰਮੇਸ਼ਰ ਨਾਲ ਪਿਆਰ ਪਾ ਲੈਣ ਨਾਲ ਜੀਵਨ ਇਤਨਾ ਅਡੋਲ ਅਤੇ ਟਿਕਵਾਂ ਬਣ ਜਾਂਦਾ ਹੈ ਕਿ ਮਨੁੱਖ ਦੇ ਜੀਵਨ ਵਿੱਚ ਸਿਵਾਏ ਆਤਮਿਕ ਸੁੱਖ ਦੇ ਹੋਰ ਕੁਝ ਨਹੀਂ ਰਹਿੰਦਾ। ਕਿਸੇ ਦੁੱਖ ਦੇ ਨੇੜੇ ਫਟਕਣ ਤਕ ਦੀ ਗੁੰਜਾਇਸ਼ ਨਹੀਂ।

ਆਪ ਫ਼ੁਰਮਾਉਂਦੇ ਹਨ ਕਿ ਹੇ ਜਗਿਆਸੂ! ਸਤਿਗੁਰੂ ਰੂਪੀ ਸਾਵਣ ਦਾ ਮਹੀਨਾ ਆ ਕੇ ਰੱਬੀ ਪਿਆਰ ਰੂਪੀ ਬਾਰਿਸ਼ ਬਰਸਾ ਰਿਹਾ ਹੈ, ਤੇ ਇਸ ਲਈ ਤੂੰ ਵੀ ਉਸ ਦਾ ਸਿਮਰਨ ਕਰ ਪਰਮੇਸ਼ਰ ਨੂੰ ਚਿੱਤ ਵਿਚ ਵਸਾ ਲੈ। ਕਾਰਨ ਇਹ ਹੈ ਕਿ ਜਿਹਨਾਂ ਜੀਵ-ਇਸਤ੍ਰੀਆਂ ਦਾ ਪਿਆਰ ਪਰਮੇਸ਼ਰ-ਪਤੀ ਤੋਂ ਛੁਟ ਹੋਰਨਾਂ ਮਾਇਕ ਰਸਾਂ ਕਸਾਂ ਨਾਲ ਹੈ, ਉਹ ਮੰਦ-ਭਾਗੀ ਜੀਵ-ਇਸਤ੍ਰੀਆਂ ਸਦਾ ਦੁਖੀ ਰਹਿੰਦੀਆਂ ਹਨ। ਪਰਮੇਸ਼ਰ ਨੂੰ ਭੁੱਲ ਜਾਣ ਨਾਲ ਸਮੂਹ ਸੰਸਾਰਕ ਦੁੱਖ-ਚਿੰਤਾਵਾਂ ਮਨੁੱਖ ਉਤੇ ਹਾਵੀ ਹੋ ਜਾਂਦੀਆਂ ਹਨ। ਯਥਾ :

ਸਾਵਣੁ ਆਇਆ ਹੇ ਸਖੀ, ਕੰਤੈ ਚਿਤਿ ਕਰੇਹੁ ॥
ਨਾਨਕ ਝੂਰਿ ਮਰਹਿ ਦੋਹਾਗਣੀ, ਜਿਨ੍ ਅਵਰੀ ਲਾਗਾ ਨੇਹੁ ॥

*(ਵਾਰ ਮਲਾਰ ਕੀ, ਮ: ੧,੧੨੮੦)*

ਗੁਰ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਹੇ ਜਗਿਆਸੂ! ਸਤਿਗੁਰੂ ਰੂਪੀ ਸਾਵਣ ਆ ਗਿਆ ਹੈ, ਜਿਸ ਨਾਲ ਪ੍ਰਭੂ ਨਾਮ ਦੇ ਵੱਸਣ ਵਾਲੇ ਬੱਦਲ ਆ ਪ੍ਰਗਟ ਹੋਏ ਹਨ। ਜਿਹੜੀਆਂ ਜੀਵ-ਇਸਤ੍ਰੀਆਂ ਦੇ ਮਨ ਵਿਚ ਆਪਣੇ ਪਰਮੇਸ਼ਰ ਰੂਪੀ ਪਤੀ ਨਾਲ ਸੱਚਾ ਪ੍ਰੇਮ ਬਣ ਗਿਆ ਹੈ, ਉਹ ਭਾਗਾਂ ਵਾਲੀਆਂ ਆਪਣੇ ਜੀਵਨ ਦੀ ਸੇਜ ਉਤੇ ਸੁੱਖ ਨਾਲ ਸੌਂਦੀਆਂ ਹਨ। ਭਾਵ ਇਹ ਹੈ ਕਿ ਉਹ ਮਨੁੱਖ ਜਿਹਨਾਂ ਨੇ ਰੱਬ ਨਾਲ ਸੱਚਾ ਪਿਆਰ ਪਾਇਆ ਹੁੰਦਾ ਹੈ, ਉਹ ਸਦਾ ਆਤਮਿਕ ਅਡੋਲਤਾ ਦੀ ਅਵਸਥਾ ਵਿਚ ਰਹਿ ਕੇ ਸੱਚੇ ਤੇ ਸਦੀਵੀ ਅਨੰਦ ਨੂੰ ਮਾਣਦੇ ਹਨ ਤੇ ਸੰਸਾਰ ਦਾ ਕੋਈ ਦੁਖ ਉਹਨਾਂ ਦੀ ਅਨੰਦ ਅਵਸਥਾ ਭੰਗ ਨਹੀਂ ਕਰ ਸਕਦਾ। ਯਥਾ :

ਸਾਵਣੁ ਆਇਆ ਹੇ ਸਖੀ, ਜਲਹਰੁ ਬਰਸਨਹਾਰੁ ॥
ਨਾਨਕ ਸੁਖਿ ਸਵਨੁ ਸੋਹਾਗਣੀ, ਜਿਨ੍ ਸਹ ਨਾਲਿ ਪਿਆਰੁ ॥

*(ਵਾਰ ਮਲਾਰ ਕੀ, ਮ: ੧.੧੨੮੦)*

### (21) ਪਰਮੇਸ਼ਰ ਦਾ ਆਪਣੀ ਸ੍ਰਿਸ਼ਟੀ ਦੇ ਪੈਦਾ ਕੀਤੇ ਜੀਵਾਂ ਨਾਲ ਡੂੰਘਾ ਸੰਬੰਧ ਹੈ

ਪਰਮੇਸ਼ਰ ਸਾਰੇ ਜਗਤ ਵਿਚ ਵਸਿਆ ਹੋਇਆ ਹੈ ਅਤੇ ਆਪਣੇ ਹੁਕਮ ਅਥਵਾ ਅਟੱਲ ਕਾਨੂੰਨ ਅਨੁਸਾਰ ਉਹ ਜੀਵਾਂ ਨੂੰ ਚੰਗੇ-ਮੰਦੇ ਪਾਸੇ ਪਾਉਂਦਾ ਹੈ। ਇਸ ਸਚਾਈ ਦੀ ਸੋਝੀ ਸਤਿਗੁਰੂ ਦੇ ਮੇਲ ਰਾਹੀਂ ਉਸ ਦੇ ਬਖ਼ਸ਼ੇ ਚਾਨਣ ਦੁਆਰਾ ਹੀ ਹੋ ਸਕਦੀ ਹੈ।

ਗੁਰੂ ਅੰਗਦ ਦੇਵ ਜੀ ਜਗਤ ਨੂੰ ਨਿਰਾ ਮਿਥਿਆ ਕਹਿਣ ਦੀ ਥਾਵੇਂ ਇਸ ਨੂੰ ਸਦਾ ਥਿਰ ਪ੍ਰਭੂ ਦੇ ਰਹਿਣ ਦਾ ਟਿਕਾਣਾ ਦੱਸਦੇ ਹਨ। ਇਸ ਜਗਤ ਵਿਚ ਹੀ ਮਾਲਕ ਪ੍ਰਭੂ ਦਾ ਵਾਸਾ ਹੈ। ਕਈ ਜੀਵਾਂ ਨੂੰ ਪਰਮੇਸ਼ਰ ਆਪਣੇ ਹੁਕਮ ਅਨੁਸਾਰ ਆਪਣੇ ਵਿਚ ਲੀਨ ਕਰ ਲੈਂਦਾ ਹੈ ਅਤੇ ਕਈਆਂ ਦੇ ਆਤਮਿਕ ਜੀਵਨ ਆਪਣੇ ਅੱਟਲ ਕਾਨੂੰਨ ਅਨੁਸਾਰ ਨਾਸ ਕਰ ਦਿੰਦਾ ਹੈ। ਪ੍ਰਭੂ ਆਪਣੇ ਭਾਣੇ ਅਨੁਸਾਰ ਕਈ ਜੀਵਾਂ ਨੂੰ ਮਾਇਆ ਦੇ ਮੋਹ 'ਚੋਂ ਕੱਢ ਲੈਂਦਾ ਹੈ ਤੇ ਕਈ ਜੀਵਾਂ ਨੂੰ ਆਪਣੇ ਅੱਟਲ ਹੁਕਮ ਅਨੁਸਾਰ ਮਾਇਆ ਵਿਚ ਹੀ ਖਚਤ ਕਰੀ ਰੱਖਦਾ ਹੈ। ਐਪਰ ਇਹ ਗੱਲ ਵੀ ਨਹੀਂ ਦੱਸੀ ਜਾ ਸਕਦੀ ਕਿ ਪ੍ਰਭੂ ਕਿਸ ਮਨੁੱਖ ਨੂੰ ਸਿਧੇ ਰਸਤੇ ਤੇ ਪਾਉਂਦਾ ਹੈ।

ਗੁਰਦੇਵ ਅਨੁਸਾਰ, ਵਾਹਿਗੁਰੂ ਦੇ ਭਾਣੇ ਦੀ ਸੋਝੀ ਕੇਵਲ ਸਤਿਗੁਰੂ ਰਾਹੀਂ ਹੀ ਹੋ ਸਕਦੀ ਹੈ ਪਰ ਇਹ ਗੱਲ ਗੁਰੂ ਰਾਹੀਂ ਉਹ ਮਨੁੱਖ ਹੀ ਸਮਝਦਾ ਹੈ, ਜਿਸ ਦੇ ਹਿਰਦੇ ਅੰਦਰ ਉਹ ਆਪ ਗਿਆਨ ਦਾ ਚਾਨਣਾ ਕਰ ਦੇਂਦਾ ਹੈ। ਯਥਾ :

ਇਹੁ ਜਗੁ ਸਚੈ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ ॥
ਇਕਨ੍ਾ ਹੁਕਮਿ ਸਮਾਇ ਲਏ, ਇਕਨ੍ਾ ਹੁਕਮੇ ਕਰੇ ਵਿਣਾਸੁ ॥
ਇਕਨਾ ਭਾਣੈ ਕਢਿ ਲਏ, ਇਕਨ੍ਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿ ਨਾ ਜਾਪਈ, ਜਿ ਕਿਸੈ ਆਣੇ ਰਾਸਿ ॥
ਨਾਨਕ ਗੁਰਮੁਖਿ ਜਾਣੀਐ, ਜਾਕਉ ਆਪਿ ਕਰੇ ਪਰਗਾਸੁ ॥

*(ਆਸਾ ਕੀ ਵਾਰ, ਮ: ੧, ੪੬੩)*

ਗੁਰੂ ਅੰਗਦ ਦੇਵ ਜੀ ਅਨੁਸਾਰ, ਵਾਹਿਗੁਰੂ ਆਪ ਹੀ ਸਾਰੀ ਸ੍ਰਿਸ਼ਟੀ ਪੈਦਾ ਕਰਦਾ ਹੈ ਤੇ ਆਪ ਹੀ ਇਸ ਨੂੰ ਸੰਵਾਰਦਾ-ਸਜਾਂਦਾ ਹੈ। ਆਪਣੀ ਪੈਦਾ ਕੀਤੀ ਸ੍ਰਿਸ਼ਟੀ ਦੀ ਸੰਭਾਲ ਵੀ ਉਹ ਆਪ ਹੀ ਕਰਦਾ ਹੈ। (ਭਾਵ ਸ੍ਰਿਸ਼ਟੀ ਬੇਮੁਹਾਰੀ ਬੇਨਿਯਮੀ ਤੇ ਆਪ-ਹੁਦਰੀ ਹੋ ਕੇ ਨਹੀਂ ਚੱਲ ਰਹੀ।)

ਵਾਹਿਗੁਰੂ ਆਪ ਖ਼ੁਦ ਹੀ ਇਸ ਸਾਰੀ ਸ੍ਰਿਸ਼ਟੀ ਵਿਚ ਜੀਵ-ਜੰਤ ਪੈਦਾ ਕਰਕੇ ਕਦੀ

ਉਹਨਾਂ ਜੀਵਾਂ ਨੂੰ ਬਣਾ ਕੇ ਅਤੇ ਕਦੀ ਉਹਨਾਂ ਨੂੰ ਨਾਸ ਕਰਕੇ ਆਪਣੇ ਚੋਜ ਆਪ ਵੇਖਦਾ ਹੈ ।ਸਤਿਗੁਰੂ ਫ਼ਰਮਾਉਂਦੇ ਹਨ ਕਿ ਪਰਮੇਸ਼ਰ ਨੂੰ ਛੱਡ ਕੇ ਹੋਰ ਕਿਸੇ ਅੱਗੇ ਬੇਨਤੀ ਜਾਂ ਫ਼ਰਿਆਦ ਕਰਨੀ ਫਬਦੀ ਹੀ ਨਹੀਂ ਕਿਉਂਕਿ ਪਰਮੇਸ਼ਰ ਆਪ ਖ਼ੁਦ ਹੀ ਸਭ ਕੁਝ ਕਰਨ ਦੇ ਸਮੱਰਥ ਹੈ। ਯਥਾ :

**ਆਪੇ ਸਾਜੇ ਕਰੇ ਆਪਿ, ਜਾਈ ਭਿ ਰਖੈ ਆਪਿ ॥**
**ਤਿਸੁ ਵਿਚਿ ਜੰਤ ਉਪਾਇਕੈ, ਦੇਖੈ ਥਾਪਿ ਉਥਾਪਿ ॥**
**ਕਿਸਨੋ ਕਹੀਐ ਨਾਨਕਾ, ਸਭੁ ਕਿਛੁ ਆਪੇ ਆਪਿ ॥**

*(ਆਸਾ ਕੀ ਵਾਰ, ਮ: ੧, ੪੭੫)*

### *(22) ਆਤਮਿਕ ਮਾਰਗ ਵਿਚ ਮਨ ਦੀ ਟੇਕ ਹਾਨੀਕਾਰਕ ਹੈ*

ਸੰਸਾਰ ਦਾ ਆਮ ਮਨੁੱਖ ਆਪਣੇ ਮਨ ਦੀ ਅਗਵਾਈ ਹੇਠ ਚਲਦਾ ਹੈ।ਗੁਰਮਤਿ ਵਿਚ ਅਗਵਾਈ ਲਈ ਕੇਵਲ ਸਤਿਗੁਰੂ ਦਾ ਸ਼ਬਦ ਜਾਂ ਉਪਦੇਸ਼ ਹੀ ਪ੍ਰਧਾਨ ਹੈ।ਮਨ ਦੀ ਰਹਨੁਮਾਈ ਵਿਚ ਚੱਲਣ ਵਾਲੇ ਜਗਿਆਸੂ ਨੂੰ ਕਦਮ-ਕਦਮ ਉਤੇ ਠੇਡੇ ਲਗਣੇ ਸੁਭਾਵਿਕ ਹਨ। ਮਨ ਦੇ ਅੰਦਰ ਦੋ ਬ੍ਰਿਤੀਆਂ ਪ੍ਰਧਾਨ ਹਨ-ਪਹਿਲੀ ਇਸ ਦੀ ਅਗਿਆਨਤਾ ਅਥਵਾ ਸੀਮਤ ਗਿਆਨ ਤੇ ਦੂਜਾ ਅਹੰਕਾਰ ਅਥਵਾ ਇਹ ਖਿਆਲ ਕਿ ਮੈਨੂੰ ਸਭ ਕੁਝ ਪਤਾ ਹੈ ।ਅਗਿਆਨਤਾ ਅਤੇ ਅਹੰਕਾਰ ਭਰੇ ਮਨ ਦੀ ਟੇਕ ਉੱਚਾ ਆਤਮਿਕ ਰੁਤਬਾ ਹਾਸਲ ਕਰਨ ਦੇ ਰਾਹ ਵਿਚ ਇਕ ਪੱਕੀ ਰੁਕਾਵਟ ਹੈ।

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਅਗਿਆਨਤਾ ਭਰੇ ਮਨ ਨਾਲ ਪਾਈ ਦੋਸਤੀ ਤੇ ਹੰਕਾਰ ਭਰੇ ਮਨ ਨਾਲ ਪਾਏ ਪਿਆਰ ਦੀ ਕੋਈ ਪਾਇਆਂ ਨਹੀਂ।ਭਾਵ ਇਹ ਹੈ ਕਿ ਸੁਚੱਜੀ ਜੀਵਨ-ਜੁਗਤ ਲਈ ਉਸ ਮਨ ਦੀ ਟੇਕ ਨਹੀਂ ਲਈ ਜਾਣੀ ਚਾਹੀਦੀ ਜੋ ਅਗਿਆਨਤਾ ਭਰਿਆ ਹੈ ਅਤੇ ਫਿਰ ਉਸ ਪੁਰ ਉਸ ਨੂੰ ਹੰਕਾਰ ਹੈ ਕਿ ਉਹ ਬਹੁਤ ਕੁਝ ਜਾਣਦਾ ਹੈ। ਅਗਿਆਨਤਾ ਭਰੇ ਮਨ ਦੀ ਦੋਸਤੀ ਅਤੇ ਹੰਕਾਰ ਭਰੇ ਮਨ ਦੀ ਹਕੀਕਤ ਸਮਝਾਉਣ ਲਈ ਦੋ ਮਿਸਾਲਾਂ ਸਤਿਗੁਰਾਂ ਨੇ ਪੇਸ਼ ਕੀਤੀਆਂ ਹਨ।ਇਆਣਾ ਬਾਲਕ ਅਗਿਆਨਤਾ ਦਾ ਪ੍ਰਤੀਕ ਹੈ ਅਤੇ ਮਾਇਆਧਾਰੀ ਪੁਰਖ ਅਹੰਕਾਰ ਦਾ ਪ੍ਰਤੀਕ ਹੈ।

ਇਆਣੇ ਬਾਲਕ ਨਾਲ ਪਾਈ ਦੋਸਤੀ ਦੀ ਕੋਈ ਪਾਇਆਂ ਨਹੀਂ ਕਿਉਂਕਿ ਇਆਣੇ ਦੀ ਅਗਿਆਨਤਾ ਕਾਰਨ ਉਹ ਨਿਭ ਨਹੀਂ ਸਕਦੀ।ਇਸੇ ਤਰ੍ਹਾਂ ਮਾਇਆਧਾਰੀ ਪੁਰਖ ਨਾਲ ਪਾਇਆ ਪਿਆਰ ਵੀ ਨਿਭਣ ਵਾਲਾ ਨਹੀਂ ਹੁੰਦਾ ਕਿਉਂਕਿ ਇਕ ਤਾਂ ਉਸ ਦੇ ਜੀਵਨ ਦਾ ਨਿਸ਼ਾਨਾ ਹੀ ਮਾਇਆ ਹੁੰਦਾ ਹੈ ਤੇ ਦੂਜੇ, ਮਾਇਆਧਾਰੀ ਬੰਦਾ ਆਪਣੇ ਹੰਕਾਰ ਕਾਰਨ ਹਰ ਕਿਸੇ ਨੂੰ ਹੇਚ ਸਮਝਦਾ ਹੈ।ਇੰਨ-ਬਿੰਨ ਇਸੇ ਤਰ੍ਹਾਂ ਅਗਿਆਨਤਾ ਮਨ ਨਾਲ ਦੋਸਤੀ ਤੇ ਹੰਕਾਰ ਭਰੇ ਮਨ ਨਾਲ ਪਾਇਆ ਪਿਆਰ ਵੀ ਕਾਇਮ ਰਹਿਣ ਈ ਸ਼ੈ ਨਹੀਂ।ਇਹਨਾਂ ਦੀ ਪਾਇਆਂ ਇਤਨੀ ਖਿਨ-ਭੰਗੁਰ ਹੁੰਦੀ ਹੈ, ਜਿਤਨੀ ਕਿ

ਪਾਣੀ ਅੰਦਰ ਖਿੱਚੀ ਲਕੀਰ ਦੀ ਜਿਸ ਦਾ ਕੋਈ ਥਾਂ ਜਾਂ ਨਿਸ਼ਾਨ ਪਾਣੀ ਵਿਚ ਨਹੀਂ ਦਿਸਦਾ। ਯਥਾ :

**ਨਾਲਿ ਇਆਣੇ ਦੋਸਤੀ, ਵਡਾਰੂ ਸਿਉ ਨੇਹੁ ॥**
**ਪਾਣੀ ਅੰਦਰਿ ਲੀਕ ਜਿਉ, ਤਿਸਦਾ ਥਾਉ ਨ ਥੇਹੁ ॥**

*(ਆਸਾ ਕੀ ਵਾਰ, ਮ: ੧, ੪੭੪)*

ਅੱਵਲ ਤਾਂ ਇਆਣੇ ਬਾਲਕ ਪਾਸੋਂ ਕੋਈ ਕੰਮ ਸਿਰੇ ਚੜਨਾ ਹੀ ਬਹੁਤ ਮੁਸ਼ਕਲ ਹੈ ਪਰ ਜੇ ਕਿਤੇ ਉਸ ਪਾਸੋਂ ਮਾੜਾ-ਮੋਟਾ ਇਕ ਅੱਧ ਕੰਮ ਸਿਰੇ ਚੜ੍ਹ ਭੀ ਜਾਏ, ਤਾਂ ਦੂਜੇ ਕੰਮ ਨੂੰ ਜ਼ਰੂਰ ਵਿਗਾੜ ਲਏਗਾ। ਇਸੇ ਤਰ੍ਹਾਂ ਅਗਿਆਨਤਾ ਭਰੇ ਮਨ ਦੀ ਅਗਵਾਈ ਵਾਲਾ ਮਨੁੱਖ ਅੱਵਲ ਤਾਂ ਆਤਮਿਕ ਮਾਰਗ ਵਿਚ ਕੋਈ ਪ੍ਰਾਪਤੀ ਕਰ ਹੀ ਨਹੀਂ ਸਕਦਾ, ਪਰ ਜੇ ਕਿਤੇ ਇਸ ਮਾਰਗ ਦੀ ਕੋਈ ਇਕ ਅੱਧ ਮਾੜੀ-ਮੋਟੀ ਪ੍ਰਾਪਤੀ ਕਰ ਵੀ ਲਵੇ, ਤਾਂ ਵੀ ਦੂਜੇ ਜਤਨ ਵਿਚ ਉਸ ਨੇ ਅਵੱਸ਼ ਹੋਰ ਵਿਗਾੜ ਪੈਦਾ ਕਰ ਲੈਣਾ ਹੈ। ਇਸ ਲਈ ਆਤਮਿਕ ਮਾਰਗ ਦੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਅਗਿਆਨਤਾ ਭਰੇ ਮਨ ਦੀ ਅਗਵਾਈ ਬਹੁਤ ਹਾਨੀਕਾਰਕ ਹੈ। ਯਥਾ :

**ਹੋਇ ਇਆਣਾ ਕਰੇ ਕੰਮੁ, ਆਣਿ ਨ ਸਕੈ ਰਾਸਿ ॥**
**ਜੇ ਇਕ ਅਧ ਚੰਗੀ ਕਰੇ, ਦੂਜੀ ਭੀ ਵੇਰਾਸਿ ॥**

*(ਆਸਾ ਕੀ ਵਾਰ, ਮ: ੧, ੪੭੪)*

ਗੁਰੂ ਅੰਗਦ ਦੇਵ ਜੀ ਬਹੁਤ ਹੀ ਸਪੱਸ਼ਟ ਲਫ਼ਜ਼ਾਂ ਵਿਚ ਸਮਝਾਉਂਦੇ ਹਨ ਕਿ ਆਤਮਿਕ ਮਾਰਗ ਦੇ ਮੁਸਾਫ਼ਿਰਾਂ ਨੂੰ ਅਗਿਆਨੀ ਮਨ ਦੀ ਦੋਸਤੀ ਕਦੇ ਰਾਸ ਨਹੀਂ ਆ ਸਕਦੀ। ਅਗਿਆਨੀ ਮਨ ਦੀ ਦੋਸਤੀ ਇਵੇਂ ਹੀ ਆਧਾਰ-ਹੀਨ ਹੁੰਦੀ ਹੈ, ਜਿਵੇਂ ਕਿਸੇ ਬੇਸਮਝ ਇਆਣੇ ਦੀ ਦੋਸਤੀ। ਬੇਸਮਝ ਇਆਣੇ ਦੀ ਦੋਸਤੀ ਇਸੇ ਲਈ ਸਿਰੇ ਨਹੀਂ ਚੜ੍ਹਦੀ ਕਿਉਂਕਿ ਉਸ ਨੂੰ ਜਿਤਨੀ ਸਮਝ ਹੁੰਦੀ ਹੈ ਉਹ ਉਵੇਂ ਹੀ ਸਲੂਕ ਕਰਦਾ ਹੈ। ਇਹ ਗੱਲ ਕੋਈ ਵੀ ਅਜ਼ਮਾ ਕੇ ਵੇਖ ਸਕਦਾ ਹੈ।

ਕਿਸੇ ਬਰਤਨ ਵਿੱਚ ਜੇ ਪਹਿਲਾਂ ਹੀ ਕੋਈ ਚੀਜ਼ ਪਈ ਹੋਵੇ ਤਾਂ ਦੂਜੀ ਚੀਜ਼ ਉਸ ਵਿਚ ਉਸੇ ਹਾਲਤ ਵਿੱਚ ਪਾਈ ਜਾ ਸਕਦੀ ਹੈ, ਜਦੋਂ ਪਹਿਲੀ ਚੀਜ਼ ਉਸ ਵਿਚੋਂ ਕੱਢ ਕੇ ਪਾਸੇ ਰੱਖ ਲਈ ਜਾਵੇ। ਇਸੇ ਤਰ੍ਹਾਂ ਅਸੀਂ ਆਪਣੇ ਮਨ ਰੂਪੀ ਬਰਤਨ ਵਿੱਚ ਬ੍ਰਹਮ-ਗਿਆਨ ਜਾਂ ਰੱਬੀ ਪਿਆਰ ਰੂਪੀ ਚੀਜ਼ ਉਸ ਹਾਲਤ ਵਿੱਚ ਹੀ ਟਿਕਾ ਸਕਦੇ ਹਾਂ ਜਦੋਂ ਉਸ ਵਿਚੋਂ ਅਗਿਆਨਤਾ ਦਾ ਪਦਾਰਥ ਕੱਢ ਕੇ ਲਾਂਭੇ ਕਰ ਦੇਈਏ। ਪਰਮੇਸ਼ਰ ਨਾਲ ਹੁਕਮ ਨਹੀਂ ਚਲ ਸਕਦਾ ਉਸ ਨਾਲ ਤਾਂ ਨਿਮਰਤਾ ਸਹਿਤ ਅਰ ਦਿਲੋਂ-ਮਨੋਂ ਕੀਤੀ ਅਰਦਾਸ ਹੀ ਨਿਭ ਸਕਦੀ ਹੈ। ਮਨ ਦੀ ਟੇਕ ਵਿਚੋਂ ਨਿਮਰਤਾ ਕਿੱਥੋਂ ?ਉਸਨੇ ਤਾਂ ਸਦਾ ਹੰਕਾਰ ਨੂੰ ਹੀ ਜਨਮ ਦੇਣਾ ਹੈ। ਮਨ ਦੀ ਮਾਇਕ ਪਦਾਰਥਾਂ ਦੀ ਭੱਜ-ਨੱਠ ਵਿਚੋਂ ਆਤਮਿਕ ਅਡੋਲਤਾ ਅਰ ਰੱਬੀ ਪਿਆਰ ਨਹੀਂ ਪੈਦਾ ਹੋ ਸਕਦਾ, ਉਸ ਨਾਲ ਤਾਂ ਮਾਇਕ

ਰੁਚੀਆਂ ਹੋਰ ਪਰਬਲ ਹੋ ਜਾਣਗੀਆਂ। ਮਨੁੱਖ ਦੀ ਸਦਾ ਕਾਇਮ ਰਹਿਣ ਵਾਲੇ ਖੇੜੇ ਜਾਂ ਅਨੰਦ ਵਿੱਚ ਸਮਾਈ ਤਾਂ ਪਰਮੇਸ਼ਰ ਦਾ ਜੱਸ ਕਰਨ ਨਾਲ ਹੀ ਹੋ ਸਕਦੀ ਹੈ। ਮਨ ਦੀ ਟੇਕ ਦੀ ਥਾਵੇਂ ਰੱਬੀ ਸਿਫ਼ਤ-ਸਲਾਹੁਤ ਦੀ ਟੇਕ ਲੈਣੀ ਹੀ ਯੋਗ ਹੈ। ਯਥਾ :

ਨਾਲਿ ਇਆਣੇ ਦੋਸਤੀ, ਕਦੇ ਨ ਆਵੈ ਰਾਸਿ॥
ਜੇਹਾ ਜਾਣੈ ਤੇਹੋ ਵਰਤੈ, ਵੇਖਹੁ ਕੋ ਨਿਰਜਾਸਿ॥
ਵਸਤੂ ਅੰਦਰਿ ਵਸਤੁ ਸਮਾਵੈ, ਦੂਜੀ ਹੋਵੈ ਪਾਸਿ॥
ਸਾਹਿਬ ਸੇਤੀ ਹੁਕਮੁ ਨ ਚਲੈ, ਕਹੀ ਬਣੈ ਅਰਦਾਸਿ॥
ਕੂੜਿ ਕਮਾਣੈ ਕੂੜੋ ਹੋਵੈ, ਨਾਨਕ ਸਿਫਤਿ ਵਿਗਾਸਿ॥

*(ਆਸਾ ਕੀ ਵਾਰ, ਮ: ੧, ੪੭੪)*

## *(23) ਵਿਸ਼ੇ ਵਿਕਾਰਾਂ ਤੋਂ ਰਹਿਤ ਮਨੁੱਖ ਹੀ ਅਸਲ ਮਨੁੱਖ ਹੈ।*

ਗੁਰੂ ਅੰਗਦ ਦੇਵ ਜੀ ਦੇ ਵਿਚਾਰ ਅਨੁਸਾਰ ਪ੍ਰਮੇਸ਼ਰ ਨੂੰ ਅਸੀਂ ਤਾਂ ਹੀ ਮਿਲ ਸਕਦੇ ਹਾਂ ਜੇ ਅਸੀਂ ਉਸਦੇ ਹੁਕਮ ਅਥਵਾ ਉਸ ਦੀ ਰਜ਼ਾ ਨੂੰ ਚੰਗੀ ਤਰ੍ਹਾਂ ਪਛਾਣ ਲਈਏ। ਪਰਮੇਸ਼ਰ ਦੀ ਰਜ਼ਾ ਪ੍ਰਾਪਤੀ ਦਾ ਚਾਹਵਾਨ ਜਗਿਆਸੂ ਜਿਊਂਦੇ-ਜੀ ਮਾਇਆ ਦੇ ਮੋਹ ਵਲੋਂ ਮਰਿਆ ਹੋਵੇ।

ਫਿਰ ਮਾਇਆ ਦੇ ਮੋਹ ਵਲੋਂ ਮਰੇ ਹੋਏ ਅਜਿਹੇ ਅਸਲ ਜੀਵਤ ਜਗਿਆਸੂ ਦੇ ਲੱਛਣ ਦਸਦੇ ਹੋਏ ਸਤਿਗੁਰੂ ਫ਼ੁਰਮਾਉਂਦੇ ਹਨ ਕਿ ਸੰਸਾਰ ਵਿਚ ਵਿਚਰਨ ਸਮੇਂ ਅਜਿਹੇ ਜਗਿਆਸੂ ਮਾਇਆ-ਵੇੜ੍ਹੀਆਂ ਅੱਖਾਂ ਨਾਲ ਨਹੀਂ ਵੇਖਦੇ, ਮਾਇਆ-ਵੇੜ੍ਹੇ ਕੰਨਾਂ ਨਾਲ ਨਹੀਂ ਸੁਣਦੇ, ਮਾਇਆ-ਵੇੜ੍ਹੇ ਪੈਰਾਂ ਨਾਲ ਨਹੀਂ ਚਲਦੇ, ਨਾ ਮਾਇਆ-ਵੇੜ੍ਹੇ ਹੱਥਾਂ ਨਾਲ ਸੰਸਾਰ ਦਾ ਕੰਮ-ਕਾਰ ਹੀ ਕਰਦੇ ਹਨ ਤੇ ਨਾ ਹੀ ਮਾਇਆ-ਵੇੜ੍ਹੀ ਜੀਭ ਨਾਲ ਬੋਲਦੇ ਹਨ। ਮਾਇਆ-ਵੇੜ੍ਹੀ ਅੱਖ ਪਰਾਇਆ ਰੂਪ ਤੇ ਪਰਾਇਆ ਧਨ ਹੀ ਤਕਦੀ ਰਹਿੰਦੀ ਹੈ ਤੇ ਮਾਇਆ-ਵੇੜ੍ਹੇ ਕੰਨ, ਪਰਾਈ ਨਿੰਦਿਆ ਹੀ ਸੁਣਨ ਦੇ ਸ਼ੌਕੀਨ ਹੁੰਦੇ ਹਨ। ਮਾਇਆ-ਵੇੜ੍ਹੇ ਹੱਥ ਪੈਰ ਦੂਜਿਆਂ ਦਾ ਬੁਰਾ ਕਰਨ ਲਈ ਦੌੜਦੇ ਹਨ ਤੇ ਮਾਇਆ-ਵੇੜ੍ਹੀ ਜੀਭ ਪਰਾਈ ਨਿੰਦਿਆ ਕਰਨ ਵਿਚ ਰਸ ਲੈਂਦੀ ਹੈ। ਪਰ ਸੱਚਾ ਜੀਵਤ ਮਿਰਤਕ ਜਗਿਆਸੂ ਆਪਣੇ ਨੇਤਰਾਂ, ਕੰਨਾਂ, ਪੈਰਾਂ ਹੱਥਾਂ ਤੇ ਜੀਭ ਆਦਿਕ ਅੰਗਾਂ ਨੂੰ ਇਹਨਾਂ ਵਿਕਾਰਾਂ ਤੋਂ ਬਚਾ ਕੇ ਰਖਦਾ ਹੈ ਤੇ ਇਸ ਤਰ੍ਹਾਂ ਉਹ ਪਰਮੇਸ਼ਰ ਨੂੰ ਪ੍ਰਾਪਤ ਕਰ ਲੈਂਦਾ ਹੈ। ਯਥਾ :-

ਅਖੀ ਬਾਝਹੁ ਵੇਖਣਾ, ਵਿਣੁ ਕੰਨਾ ਸੁਨਣਾ॥
ਪੈਰਾ ਬਾਝਹੁ ਚਲਣਾ, ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ, ਇਉ ਜੀਵਤ ਮਰਣਾ॥
ਨਾਨਕ ਹੁਕਮੁ ਪਛਾਣਿ ਕੈ, ਤਉ ਖਸਮੈ ਮਿਲਣਾ॥

*(ਮਾਝ ਕੀ ਵਾਰ, ਮ: ੧, ਪੰਨਾ ੧੩੯ ਵਿਚੋਂ)*

ਗੁਰੂ ਅੰਗਦ ਦੇਵ ਜੀ ਦੇ ਵਿਚਾਰ ਅਨੁਸਾਰ ਅਸਲ ਵਿਚ ਉਹ ਬੰਦਾ ਮਨੁੱਖ ਕਹਾਉਣ ਦਾ ਹੱਕਦਾਰ ਹੁੰਦਾ ਹੈ, ਜੋ ਸੱਚੇ ਦਿਲੋਂ ਪ੍ਰਮੇਸ਼ਰ ਨੂੰ ਮਿਲਣ ਦੀ ਇਛਿਆ ਕਰੇ ਤੇ ਫਿਰ ਇਸ ਇਛਿਆ ਨੂੰ ਪੂਰੀ ਕਰਦਿਆਂ ਪਰਮੇਸ਼ਰ ਦੇ ਮਿਲਾਪ ਦਾ ਫਲ ਹਾਸਲ ਕਰ ਲਏ। ਅਸਲ ਵਿੱਚ ਉਹੀ ਬੰਦੇ ਮਨੁੱਖੀ ਸੂਰਤ ਵਾਲੇ ਅਖਵਾ ਸਕਦੇ ਹਨ ਜਿਹਨਾਂ ਦੇ ਅੰਗ ਵਿਸ਼ੇ-ਵਿਕਾਰਾਂ ਦੀ ਮਾਰ ਤੋਂ ਪਾਕ ਜਾਂ ਸਾਫ ਹੋਣ ਅਤੇ ਜਿਨ੍ਹਾਂ ਦੇ ਸਰੀਰ ਵਿਕਾਰਾਂ ਦੀ ਮਾਰ ਨਾਲ ਗਲੇ ਹੋਏ ਜਾਂ ਦੂਸ਼ਤ ਨਾ ਹੋਣ। ਆਤਮਿਕ ਜੀਵਨ ਬਾਰੇ ਗੱਲ ਕਰਦਿਆਂ ਜ਼ਰੂਰਤ ਹੀ ਇਸ ਗੱਲ ਦੀ ਹੈ ਕਿ ਕੋਈ ਮਨੁੱਖ ਜੈਸਾ ਕੰਮ ਕਰਦਾ ਹੈ ਉਸਦਾ ਵੈਸਾ ਹੀ ਨਾਮ ਪੈ ਜਾਏ।

**ਜੈਸਾ ਕਰੈ, ਕਹਾਵੈ ਤੈਸਾ, ਐਸੀ ਬਨੀ ਜਰੂਰਤਿ॥**
**ਹੋਵਹਿ ਲਿੰਙ, ਝਿੰਙ ਨਹ ਹੋਵਹਿ, ਐਸੀ ਕਹੀਐ ਸੂਰਤਿ॥**
**ਜੋ ਓਸੁ ਇਛੇ ਸੋ ਫਲੁ ਪਾਏ, ਤਾਂ ਨਾਨਕ ਕਹੀਐ ਮੂਰਤਿ॥**

*(ਸਾਰੰਗ ਕੀ ਵਾਰ, ਮ: ੪, ਪੰਨਾ ੧੨੪੫ ਵਿਚੋਂ)*

### *(24) ਪਰਮੇਸ਼ਰ ਨਾਲ ਜੀਵ ਦਾ ਮਿਲਾਪ ਕਿਵੇਂ ਹੋਵੇ ?*

ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਕਿ ਪਰਮੇਸ਼ਰ ਦੀ ਰਚਨਾ ਜਾਂ ਸ੍ਰਿਸ਼ਟੀ ਰਾਹੀਂ ਅਸ਼ੀਂ ਜੀਵ ਇਕ ਤਰ੍ਹਾਂ ਪਰਮੇਸ਼ਰ ਨੂੰ ਦੇਖ ਰਹੇ ਹਾਂ, ਉਸ ਨੂੰ ਸੁਣ ਰਹੇ ਹਾਂ ਤੇ ਉਸਦੀ ਹੋਂਦ ਨੂੰ ਜਾਣ ਰਹੇ ਹਾਂ। ਭਾਵ ਇਹ ਕਿ ਉਸਦੀ ਕੁਦਰਤ ਤੇ ਅੱਡ-ਅੱਡ ਕੰਮਾਂ ਰਾਹੀਂ ਉਸਦੀ ਹੋਂਦ ਦਾ ਅਹਿਸਾਸ ਪ੍ਰੱਤਖ ਹੋ ਰਿਹਾ ਹੈ, ਐਪਰ ਫਿਰ ਵੀ ਪਰਮੇਸ਼ਰ ਦੇ ਮਿਲਾਪ ਦਾ ਸੁਆਦ (ਰਸ) ਜੀਵਾਂ ਨੂੰ ਮਿਲ ਨਹੀਂ ਰਿਹਾ। ਇਸ ਸਭ ਕਾਸੇ ਦੀ ਵਜ੍ਹਾ ਕੀ ਹੈ? ਇਸ ਗੁੰਝਲ ਦਾ ਉੱਤਰ ਗੁਰੂ ਅੰਗਦ ਦੇਵ ਜੀ ਇਸ ਤਰ੍ਹਾਂ ਦਿੰਦੇ ਹਨ। ਅਸਥੂਲ ਸਰੀਰ ਵਾਲੇ ਆਪਣੇ ਪਿਆਰੇ ਨੂੰ ਮਿਲਣ ਲਈ ਜੀਵ ਨੇ ਆਪਣੇ ਸਰੀਰਕ ਅੰਗਾਂ ਤੋਂ ਸਹਾਇਤਾ ਲੈਣੀ ਹੁੰਦੀ ਹੈ। ਪਰ ਲੂਲ੍ਹਾ (ਪੈਰ-ਹੀਣ), ਟੁੰਡਾ (ਹੱਥ-ਹੀਣ) ਤੇ ਅੰਨ੍ਹਾਂ (ਨੇਤਰ-ਹੀਣ) ਪੁਰਖ ਕਿਵੇਂ ਦੌੜ ਕੇ ਆਪਣੇ ਪਿਆਰੇ ਦੇ ਗਲੇ ਜਾ ਲਗੇ?

ਜਿਸ ਤਰ੍ਹਾਂ ਇਕ ਲੂਲ੍ਹਾ, ਟੁੰਡਾ ਅਰ ਅੰਨ੍ਹਾ ਮਨੁੱਖ ਆਪਣੇ ਸੰਸਾਰੀ ਪ੍ਰੇਮੀ ਦੇ ਮਿਲਾਪ ਦਾ ਰਸ ਚੰਗੀ ਤਰ੍ਹਾਂ ਨਹੀਂ ਲੈ ਸਕਦਾ, ਇਸੇ ਤਰ੍ਹਾਂ ਇਹ ਜੀਵ ਭੀ ਆਪਣੇ ਪਿਆਰੇ ਪਰਮੇਸ਼ਰ ਦੇ ਮਿਲਾਪ ਦੇ ਰਸ ਨੂੰ ਇਸ ਲਈ ਨਹੀਂ ਲੈ ਸਕਦਾ, ਕਿਉਂਕਿ ਉਸ ਕੋਲ ਪਰਮੇਸ਼ਰ ਨੂੰ ਮਿਲਣ ਲਈ ਰੱਬੀ ਡਰ-ਰੂਪੀ-ਪੈਰ, ਰੱਬੀ ਪ੍ਰੇਮ-ਰੂਪੀ ਹੱਥ ਤੇ ਸੁਰਤੀ (ਧਿਆਨ) ਰੂਪੀ ਨੇਤਰ ਨਹੀਂ ਹਨ। ਰੱਬੀ ਭਉ, ਭਾਉ ਤੇ ਸੱਚੀ ਸੁਰਤੀ ਨਾਲ ਹੀ ਪ੍ਰਮੇਸ਼ਰ ਰੂਪੀ ਪਤੀ ਨਾਲ ਮਿਲਾਪ ਹੋ ਸਕਦਾ ਹੈ। ਇਹਨਾਂ ਦੈਵੀ ਗੁਣਾਂ ਬਿਨਾਂ ਪ੍ਰਭੂ ਮਿਲਾਪ ਸੰਭਵ ਨਹੀਂ। ਯਥਾ :

**ਦਿਸੈ ਸੁਣੀਐ ਜਾਣੀਐ, ਸਾਉ ਨ ਪਾਇਆ ਜਾਇ॥**
**ਰੁਹਲਾ ਟੁੰਡਾ ਅੰਧੁਲਾ, ਕਿਉ ਗਲਿ ਲਗੈ ਧਾਇ॥**

ਭੈ ਕੇ ਚਰਣ, ਕਰ ਭਾਵ ਕੇ, ਲੋਇਣ ਸੁਰਤਿ ਕਰੇਇ॥
ਨਾਨਕੁ ਕਹੈ ਸਿਆਣੀਏ, ਇਵ ਕੰਤ ਮਿਲਾਵਾ ਹੋਇ॥

*(ਮਾਝ ਕੀ ਵਾਰ, ਮ: ੧, ਪੰਨਾ ੧੩੯ ਵਿਚੋਂ)*

## (25) ਮਨੁੱਖੀ ਇੰਦ੍ਰੀਆਂ ਪ੍ਰਭੂ ਦੇ ਗੁਣ ਗਾ ਕੇ ਹੀ ਸ਼ਾਂਤ ਕੀਤੀਆਂ ਜਾ ਸਕਦੀਆਂ ਹਨ

ਮਨੁੱਖੀ ਮੂੰਹ ਮਾਇਕ ਰੁਚੀਆਂ ਵਾਲੀਆਂ ਗੱਲਾਂ ਅਥਵਾ ਵਿਸ਼ਿਆਂ-ਵਿਕਾਰਾਂ ਦੀਆਂ ਗੱਲਾਂ ਕਰ-ਕਰ ਕੇ ਭੀ ਤ੍ਰਿਪਤ ਨਹੀਂ ਹੁੰਦਾ, ਨਾ ਹੀ ਮਨੁੱਖੀ ਕੰਨ ਮਾਇਕੀ ਗੱਲਾਂ ਅਥਵਾ ਵਿਸ਼ੇ-ਵਿਕਾਰਾਂ ਦੀਆਂ ਗੱਲਾਂ ਸੁਣ-ਸੁਣ ਕੇ ਹੀ ਤ੍ਰਿਪਤ ਹੁੰਦੇ ਹਨ ਤੇ ਇਸੇ ਤਰ੍ਹਾਂ ਮਨੁੱਖੀ ਅੱਖਾਂ ਵੀ ਪਰਾਇਆ ਰੂਪ ਤੱਕ ਕੇ ਭੀ ਤ੍ਰਿਪਤ ਨਹੀਂ ਹੁੰਦੀਆਂ। ਇਹਨਾਂ ਚਸਕਿਆਂ ਨੂੰ ਪੂਰਾ ਕਰਨ ਨਾਲ ਇੰਦ੍ਰੀਆਂ ਦੀ ਭੁੱਖ ਨਹੀਂ ਮਿਟਦੀ। ਗੱਲੀਂ ਬਾਤੀਂ ਸਮਝਾਇਆਂ ਭੀ ਇਹਨਾਂ ਅੰਗਾਂ ਦੀ ਤ੍ਰਿਸ਼ਨਾ ਨਹੀਂ ਮਿਟ ਸਕਦੀ ਤੇ ਉਹ ਤ੍ਰਿਪਤ ਨਹੀਂ ਹੋ ਸਕਦੇ। ਗੁਰੂ ਅੰਗਦ ਦੇਵ ਜੀ ਫ਼ੁਰਮਾਉਂਦੇ ਹਨ ਤ੍ਰਿਸ਼ਨਾ-ਭਰਿਆ ਮਨ ਤਦ ਹੀ ਤ੍ਰਿਪਤੀ ਦੇ ਘਰ ਵਿਚ ਆਉਂਦਾ ਹੈ, ਜਦ ਉਹ ਪਰਮੇਸ਼ਰ ਦੇ ਗੁਣ ਗਾ-ਗਾ ਕੇ ਗੁਣਾਂ ਦੇ ਮਾਲਕ ਪਰਮੇਸ਼ਰ ਵਿੱਚ ਹੀ ਸਮਾਂ ਜਾਏ ਜਾਂ ਇੱਕ-ਮਿੱਕ ਹੋ ਜਾਏ। ਭਾਵ ਇਹ ਕਿ ਤ੍ਰਿਸ਼ਨਾਲੂ ਮਨੁੱਖ ਦੀਆਂ ਇੰਦ੍ਰੀਆਂ ਦਾ, ਚਸਕਿਆਂ ਦੇ ਰਸ ਤੋਂ ਛੁਟਕਾਰਾ ਤਾਂ ਹੀ ਹੋ ਸਕਦਾ ਹੈ, ਜਦੋਂ ਉਹ ਪ੍ਰਮੇਸ਼ਰ ਦਾ ਜੱਸ ਗਾਇਨ ਕਰਦਿਆਂ ਕਰਦਿਆਂ ਪ੍ਰਮੇਸ਼ਰ ਵਿਚ ਹੀ ਲੀਨ ਹੋ ਜਾਏ। ਯਥਾ :

ਆਖਣੁ ਆਖਿ ਨ ਰਜਿਆ, ਸੁਨਣਿ ਨ ਰਜੇ ਕੰਨ॥
ਅਖੀ ਦੇਖਿ ਨ ਰਜੀਆ, ਗੁਣ ਗਾਹਕ ਇਕ ਵੰਨ॥
ਭੁਖਿਆ ਭੁਖ ਨ ਉਤਰੈ, ਗਲੀ ਭੁਖ ਨ ਜਾਇ॥
ਨਾਨਕ ਭੁਖਾ ਤਾ ਰਜੈ, ਜਾ ਗੁਣ ਕਹਿ ਗੁਣੀ ਸਮਾਇ॥

*(ਮਾਝ ਕੀ ਵਾਰ, ਮ: ੧, ਪੰਨਾ ੧੪੭ ਵਿਚੋਂ)*